Digitized by Arya Samaj Foundation Chennai and eGangotri

ਮੋਹਨ ਸਿੰਘ ਦੀ ਕਾਵਿ-ਚੇਤਨਾ

ਸੀ. ਮਰਕੰਡਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8592

Forwarded free of Cost, and with the
Compliments of Deptt. of Education,
Govt. of India, New Delhi
DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਹਨ ਸਿੰਘ
ਦੀ
ਕਾਵਿ-ਚੇਤਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

ਕਾਵਿ-ਸੰਗ੍ਰਹਿ

- ਸੂਰਜ ਦਾ ਜਨਮ (1968)
- ਮੈਂ ਦੱਸਾਂਗਾ (1980)
- ਇੰਝ ਵੀ ਹੋਣਾ ਸੀ (1990)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਹਨ ਸਿੰਘ

ਦੀ

ਕਾਵਿ-ਚੇਤਨਾ

DONATION

Forwarded free of Cost, and with the Compliments of Deptt. of Education, Govt. of India, New Delhi.

8592

ਸੀ. ਮਾਰਕੰਡਾ

DONATION

पुस्तकालय

ਜਸਜੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

MOHAN SINGH DI KAV-CHETNA
(Criticism)
by
C. Markanda
M. Phil.

ਪਹਿਲੀ ਵਾਰ : 1992

ਮੁੱਲ : 60 ਰੁਪਏ

ਪ੍ਰਕਾਸ਼ਕ
ਜਸਜੀਤ ਸਾਹਿਤ ਪ੍ਰਕਾਸ਼ਨ
3, ਨਿਊ ਮਾਡਲ ਟਾਊਨ (ਈਸਟ)
ਡਾਕ. ਰੇਅਨ ਐਂਡ ਸਿਲਕ ਮਿਲਜ਼
ਅੰਮ੍ਰਿਤਸਰ–143104

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਦੋ ਸ਼ਬਦ (ਬਿਕਰਮ ਸਿੰਘ ਘੁੰਮਣ) 7

ਵਰਜਿਤ ਕਵੀ ਦੀ ਭੂਮਿਕਾ : ਸੀ. ਮਾਰਕੰਡਾ (ਰਾਮ ਸਰੂਪ ਅਣਖੀ) 9

ਆਮੁਖ 13

ਯੁੱਗ ਕਵੀ ਮੋਹਨ ਸਿੰਘ 15

1. (ੳ) ਕਾਵਿ-ਚੇਤਨਾ : ਅਭਿਪ੍ਰਾਇ 20

(ਅ) ਜੀਵਨ ਦ੍ਰਿਸ਼ਟੀਕੋਣ ਅਤੇ ਮਨੁੱਖੀ ਰਿਸ਼ਤਿਆਂ ਦੀ ਸੂਹਜ 22

2. ਯਥਾਰਥ ਦੇ ਰੂਪਾਂਤਰਣ ਦਾ ਸੁਭਾਅ 31

3. ਰੁਮਾਂਸਵਾਦ 39

4. ਸੁਹਜ-ਚੇਤਨਾ 45

ਛੰਦ-ਪ੍ਰਬੰਧ/47, ਬੈਂਤ-ਛੰਦ/49, ਰੁਬਾਈ/50, ਚੌਪਈ-ਛੰਦ/51, ਦਵੱਈਆ, ਛੰਦ/51. ਬੈਲੱਡ/53, ਗੀਤ/55

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਰਸ ਨਿਰੂਪਣ 59

ਸ਼ਿੰਗਾਰ ਰਸ/60, ਬੀਰ ਰਸ/61, ਰੌਦਰ ਰਸ/61, ਹਾਸ ਰਸ/62

6. ਅਲੰਕਾਰ-ਯੋਜਨਾ 64

ਸ਼ਬਦ ਅਲੰਕਾਰ/66, ਅਨੁਪ੍ਰਾਸ ਅਲੰਕਾਰ/66, ਉਪਮਾ ਅਲੰਕਾਰ/67, ਰੂਪਕ ਅਲੰਕਾਰ/67, ਵਿਰੋਧਾਭਾਸ ਅਲੰਕਾਰ/68, ਅਪਹੁੱਨਤੀ ਅਲੰਕਾਰ/69, ਉਤਪ੍ਰੇਖਿਆ ਅਲੰਕਾਰ/69, ਵਿਸ਼ੇਸ਼ੋਕਤੀ ਅਲੰਕਾਰ/69, ਅਤਿਕਥਨੀ ਅਲੰਕਾਰ/69, ਲੋਕੋਕਤੀ ਅਲੰਕਾਰ/70, ਦ੍ਰਿਸ਼ਟਾਂਤ ਅਲੰਕਾਰ/70, ਮਾਨਵੀਕਰਨ/70

7. ਬਿੰਬ ਵਿਧਾਨ ਤੇ ਪ੍ਰਤੀਕ ਚੇਤਨਾ 73

ਦ੍ਰਿਸ਼ਟੀ ਪਰਕ ਬਿੰਬ/77, ਸਪਰਸ਼ ਪਰਕ ਬਿੰਬ/78, ਨਾਦ ਪਰਕ ਬਿੰਬ/79, ਗੰਧ ਪਰਕ ਬਿੰਬ/79, ਪ੍ਰਤੀਕ ਚੇਤਨਾ/81, ਪਰੰਪਰਾਗਤ ਪ੍ਰਤੀਕ/83

8. ਭਾਸ਼ਾ ਤੇ ਸ਼ੈਲੀ 86

9. ਸਾਰ ਤੇ ਸਥਾਪਨਾਵਾਂ 92

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

ਟੂਸੇ ਪਿੰਡ (ਜ਼ਿਲਾ ਲੁਧਿਆਣਾ) ਦਾ ਜੰਮਪਲ ਤੇ ਤਪੇ ਮੰਡੀ ਦਾ ਵਾਸੀ ਪੰਡਿਤ ਸੀ. ਮਾਰਕੰਡਾ ਮੂਲ ਰੂਪ ਵਿਚ ਇਕ ਕਵੀ ਹੈ ਪਰ ਉਦਰ ਪੂਰਤੀ ਲਈ ਪੰਜਾਬੀ ਅਧਿਆਪਨ ਦਾ ਧੰਦਾ ਕਰਦਾ ਹੈ ਅਤੇ ਵਧੇਰੇ ਪਛਾਣ ਤੇ ਪੁੱਛ-ਪ੍ਰਤੀਤ ਉਸ ਦੀ ਇਕ ਪੱਤਰਕਾਰ ਦੇ ਤੌਰ ਤੇ ਹੋਈ ਹੈ। ਤਪੇ ਮੰਡੀ ਤੋਂ 'ਕਿੰਤੂ' ਦਾ ਕੱਢਣਾ ਤੇ ਇਸ ਦਾ ਲੋਕਾਂ ਵਿਚ ਏਨਾ ਮਕਬੂਲ ਹੋਣਾ, ਇਹ ਮਾਰਕੰਡਾ ਦੀ ਸੂਝ, ਸਿਰੜ ਤੇ ਜੁਝਾਰੂ ਲਗਨ ਦਾ ਹੀ ਕ੍ਰਿਸ਼ਮਾ ਕਿਹਾ ਜਾ ਸਕਦਾ ਹੈ।

ਕਵਿਤਾ ਕਹਿਣੀ ਤੇ ਕਵਿਤਾ ਦੀ ਆਲੋਚਨਾ ਕਰਨਾ ਦੋਵੇਂ ਵੱਖੋ ਵੱਖਰੇ ਕੰਮ ਹਨ। ਪੰਜਾਬੀ ਵਿਚ ਬਹੁਤ ਥੋੜੇ ਕਵੀ ਹਨ ਜੋ ਇਹ ਦੋਵੇਂ ਕਾਰਜ ਸਫਲਤਾ ਸਹਿਤ ਨਾਲੋ ਨਾਲ ਨਿਭਾਅ ਸਕਦੇ/ਸਕੇ ਹਨ। ਮਾਰਕੰਡਾ ਦਾ ਕਥਨ ਹੈ : 'ਆਲੋਚਨਾ ਸਮੇਂ ਆਲੋਚਕ ਕਵੀ ਦੀ ਭੋਗੀ ਉਸੇ ਮਨੋਸਥਿਤੀ ਵਿਚ ਜੇ ਵਿਚਰਣ ਦਾ ਯਤਨ ਨਹੀਂ ਕਰਦਾ ਤਾਂ ਸ਼ਾਇਦ ਉਹ ਕਵੀ ਦੀ ਕਵਿਤਾ ਨਾਲ ਨਿਆਂ ਨਹੀਂ ਕਰ ਸਕੇਗਾ।' ਉਹ ਕਹਿੰਦਾ ਹੈ ਕਿ ਉਸ ਨੇ ਮੋਹਨ ਸਿੰਘ ਦੀ ਕਾਵਿ ਰਚਨਾ 'ਸਾਵੇ ਪੱਤਰ' ਦਾ ਮੁੱਲਾਂਕਣ ਕਰਦਿਆਂ ਉਨ੍ਹਾਂ ਛਿਣਾਂ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਛਿਣਾਂ ਨੂੰ ਕਵੀ ਨੇ ਖ਼ੁਦ ਭੋਗਿਆ ਹੈ।

ਮੋਹਨ ਸਿੰਘ ਦੀ ਕਾਵਿ-ਚੇਤਨਾ' ਸੀ. ਮਾਰਕੰਡਾ ਦੀ ਪੰਜਾਬੀ ਆਲੋਚਨਾ ਖੇਤਰ ਵਿਚ ਇਕ ਵਿਸ਼ੇਸ਼ ਰਚਨਾ ਹੈ ਜੋ ਮੁੱਖ ਤੌਰ ਤੇ ਮੋਹਨ ਸਿੰਘ ਦੀ ਪਲੇਠੀ-ਕਾਵਿ-ਰਚਨਾ 'ਸਾਵੇ ਪੱਤਰ' ਉਤੇ ਆਧਾਰਿਤ ਹੈ। ਪੁਸਤਕ ਦਾ ਆਰੰਭ ਰਾਮ ਸਰੂਪ ਅਣਖੀ ਦੀ ਆਲੋਚਕ/ਕਵੀ ਬਾਰੇ ਜਾਣ-ਪਛਾਣ ਕਰਾਉਂਦੀ "ਵਰਜਿਤ ਕਵੀ ਦੀ ਭੂਮਿਕਾ : ਸੀ. ਮਾਰਕੰਡਾ" ਨਾਲ ਹੁੰਦਾ ਹੈ। ਲੇਖਕ ਨੇ ਇਸ ਪੁਸਤਕ ਵਿਚ ਮੋਹਨ ਸਿੰਘ ਕਾਵਿ ਦੇ ਵਿਭਿੰਨ ਪੱਖਾਂ ਸੰਬੰਧੀ ਭਾਵ ਪੂਰਤ ਸਿੱਟੇ ਕੱਢੇ ਹਨ।

ਇਹ ਰਚਨਾ ਭਾਵੇਂ ਵੱਡੀ ਨਹੀਂ ਅਤੇ ਨਾ ਹੀ ਮੋਹਨ ਸਿੰਘ ਦੀਆਂ ਸਾਰੀਆਂ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾਵਾਂ ਉਤੇ ਆਧਾਰਿਤ ਹੈ ਪਰ ਮਾਰਕੰਡਾ ਦੀ ਖੋਜ ਤੇ ਸਮੀਖਿਆ ਵਿਧੀ ਏਨੀ ਸਮੱਗਰ ਹੈ ਕਿ ਇਸ ਰਚਨਾ ਦੇ ਵਾਚਣ ਨਾਲ ਕਵੀ ਦੇ ਕਾਵਿ ਸੰਸਾਰ ਦੇ ਵਿਭਿੰਨ ਪਹਿਲੂਆਂ ਅਤੇ ਕਲਾ ਕੌਸ਼ਲਤਾ ਬਾਰੇ ਵਰਣਨਯੋਗ ਜਾਣਕਾਰੀ ਮਿਲ ਜਾਂਦੀ ਹੈ। ਮਾਰਕੰਡਾ ਅਨੁਸਾਰ ਮੋਹਨ ਸਿੰਘ ਦੀ ਸ਼ਾਇਰੀ ਦੀ ਖ਼ੂਬੀ ਉਸ ਦੀ ਆਦਰਸ਼ਵਾਦੀ ਰੁਮਾਂਚਕ ਪਕੜ ਤੇ ਉਸ ਵਿਚ ਅਗਾਂਹ ਵਧੂ ਤੱਤਾਂ ਦਾ ਸ਼ਾਮਿਲ ਹੋਣਾ ਹੈ। ਉਸ ਦੀ ਕਵਿਤਾ ਨਾ ਤਾਂ ਪੂਰਨ ਰੁਮਾਂਟਿਕ ਹੀ ਕਹੀ ਜਾ ਸਕਦੀ ਹੈ ਅਤੇ ਨਾ ਹੀ ਪੂਰਨ ਕ੍ਰਾਂਤੀਕਾਰੀ ਸਗੋਂ ਉਸ ਦੀ ਕਵਿਤਾ ਵਿਚ ਨਿੱਜੀ ਪਿਆਰ ਤੇ ਲੋਕ ਪਿਆਰ ਦੀ ਪ੍ਰਪੱਕਤਾ ਹੈ। ਉਸ ਨੇ ਦੇਸ਼ ਪਿਆਰ, ਕੁਦਰਤ ਪਿਆਰ, ਸਦਾਚਾਰ, ਧਰਮ ਤੇ ਰਵਾਇਤਾਂ ਹੁਸਨ ਇਸ਼ਕ ਦੀਆਂ ਭਾਵਨਾਵਾਂ ਨੂੰ ਵੀ ਕਵਿਤਾਇਆ ਹੈ। ਉਸ ਦੀ ਕਵਿਤਾ ਪ੍ਰੇਮ ਦੇ ਅਨੁਭਵ ਉਪਜਾਂਦੀ ਮਨੁੱਖ ਨੂੰ ਇਨਕਲਾਬ ਵੱਲ ਪ੍ਰੇਰਦੀ ਹੈ।

ਵਿਚਾਰਧਾਰਾ ਤੋਂ ਇਲਾਵਾ ਮਾਰਕੰਡਾ ਨੇ ਮੋਹਨ ਸਿੰਘ ਦੀ ਕਲਾ ਕੌਸ਼ਲਤਾ ਦੇ ਵਿਭਿੰਨ ਪੱਖਾਂ–ਭਾਸ਼ਾ ਤੇ ਸ਼ੈਲੀ, ਛੰਦ ਪ੍ਰਬੰਧ, ਰਸ ਨਿਰੂਪਣ, ਅਲੰਕਾਰ ਯੋਜਨਾ, ਬਿੰਬ–ਵਿਧਾਨ ਆਦਿ ਉਤੇ ਵੀ ਸੁਵਿਸਥਾਰ ਚਰਚਾ ਕੀਤੀ ਹੈ। ਸੰਸਾਰ ਪ੍ਰਸਿੱਧ ਵਿਦਵਾਨਾਂ ਦੀਆਂ ਰਚਨਾਵਾਂ ਵਿਚੋਂ ਟੂਕਾਂ ਤੇ ਹਵਾਲੇ ਦੇ ਕੇ ਆਲੋਚਕ ਨੇ ਮੋਹਨ ਸਿੰਘ–ਕਾਵਿ ਸੰਬੰਧੀ ਆਪਣੇ ਸਿਧਾਂਤਾਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਕਵੀ ਦੇ ਵਸਤੂ ਤੇ ਸੁਹਜ–ਚੇਤਨਾ ਉਤੇ ਕੀਤਾ ਗਿਆ ਇਹ ਵਿਸ਼ਲੇਸ਼ਣ ਮਾਰਕੰਡਾ ਦੀ ਆਲੋਚਨਾ ਬਿਰਤੀ, ਖੋਜ ਸੂਝ ਤੇ ਕਾਵਿ ਦੀ ਸਮਝ ਦਾ ਮੁੱਲਵਾਨ ਯਤਨ ਹੈ।

ਸਾਹਿਤ ਖੋਜੀਆਂ, ਉਚੇਰੇ ਵਿਦਿਆਰਥੀਆਂ ਤੇ ਮੋਹਨ ਸਿੰਘ ਕਾਵਿ ਦੇ ਪਾਠਕਾਂ ਲਈ ਇਹ ਰਚਨਾ ਲਾਭਕਾਰੀ ਸਿੱਧ ਹੋ ਸਕਦੀ ਹੈ। ਮੈਂ ਇਸ ਪੁਸਤਕ ਦੀ ਪ੍ਰਕਾਸ਼ਨਾ ਉਤੇ ਸੀ. ਮਾਰਕੰਡਾ ਨੂੰ ਮੁਬਾਰਕ ਪੇਸ਼ ਕਰਦਾ ਹਾਂ।

ਬਿਕਰਮ ਸਿੰਘ ਘੁੰਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਜਿਤ ਕਵੀ ਦੀ ਭੂਮਿਕਾ : ਸੀ. ਮਾਰਕੰਡਾ

ਤੁਹਾਨੂੰ ਪਤਾ ਹੈ, ਸੀ. ਮਾਰਕੰਡਾ ਦਾ ਅਸਲੀ ਨਾਉਂ ਚਰੰਜੀ ਲਾਲ ਹੈ ?

ਇਹ ਤਾਂ ਤੁਹਾਨੂੰ ਪਤਾ ਹੋਵੇਗਾ ਹੀ ਕਿ ਉਹ ਪੰਜਾਬੀ ਦੇ ਜਿੰਨੀ ਕੁ ਗਿਣਤੀ ਵਿਚ ਵੱਡੇ ਰੋਜ਼ਾਨਾ ਅਖ਼ਬਾਰ ਛਪਦੇ ਹਨ, ਓਨੇ ਕੁ ਵੱਡੇ ਪੱਤਰਕਾਰਾਂ ਵਿਚੋਂ, ਮੇਰਾ ਮਤਲਬ ਓਨੀ ਕੁ ਗਿਣਤੀ ਦੇ ਵੱਡੇ ਪੱਤਰਕਾਰਾਂ ਵਿਚੋਂ ਇੱਕ ਹੈ। ਪਰ ਤੁਹਾਨੂੰ ਇਹ ਸ਼ਾਇਦ ਪਤਾ ਨਾ ਹੋਵੇ ਕਿ ਉਹ ਇਕ ਸਕੂਲ-ਮਾਸਟਰ ਹੈ : ਪੰਜਾਬੀ ਅਧਿਆਪਕ। ਆਪਣੀ ਹੀ ਤਪਾ ਮੰਡੀ ਵਿਚ ਐਸ. ਐਨ. ਆਰੀਆ ਹਾਈ ਸਕੂਲ ਦਾ ਅਧਿਆਪਕ।

ਉਹ ਪੜ੍ਹਿਆ-ਲਿਖਿਆ ਪੱਤਰਕਾਰ ਹੈ : ਐਮ. ਏ. (ਪੰਜਾਬੀ) ਤੇ ਐਮ.ਫਿਲ।

ਤੁਹਾਨੂੰ ਇਹ ਵੀ ਪਤਾ ਹੋਵੇ ਸ਼ਾਇਦ ਕਿ ਉਹ ਕਵੀ ਵੀ ਹੈ ਕਿਉਂਕਿ ਦੂਰਦਰਸ਼ਨ ਜਲੰਧਰ ਦੇ ਕਵੀ ਦਰਬਾਰਾਂ ਵਿਚ ਅਕਸਰ ਹੀ ਉਹਦਾ ਚਿਹਰਾ ਦੇਖਣ ਨੂੰ ਮਿਲ ਜਾਂਦਾ ਹੈ; ਕਦੇ ਨਾ ਕਦੇ ਕਿਸੇ ਅਖ਼ਬਾਰ-ਰਸਾਲੇ ਵਿਚ ਉਹਦੀ ਕਵਿਤਾ ਛਪਦੀ ਵੀ ਹੈ। ਉਹਦੇ ਤਿੰਨ ਕਾਵਿ-ਸੰਗ੍ਰਹਿ ਛਪੇ ਹੋਏ ਹਨ, ਇਹ ਪਤਾ ਹੈ ?

1. ਸੂਰਜ ਦਾ ਜਨਮ (1968)
2. ਮੈਂ ਦੱਸਾਂਗਾ (1980)
3. ਇੰਝ ਵੀ ਹੋਣਾ ਸੀ (1990)

ਉਹਦੀ ਕਾਵਿ-ਪਰਪੱਕਤਾ ਤੇ ਮਕਬੂਲੀਅਤ ਦਾ ਅੰਦਾਜ਼ਾ ਇਸ ਤੱਥ ਤੋਂ ਲੱਗ ਜਾਵੇਗਾ ਕਿ ਪਟਨਾ ਤੋਂ ਛਪਦੇ ਹਿੰਦੀ ਮਾਸਿਕ-ਪੱਤਰ 'ਫਿਲਹਾਲ' ਨੇ ਇਕ ਵਾਰ ਪੰਜਾਬੀ ਦੇ ਪੰਜ ਨੌਜਵਾਨ ਕਵੀਆਂ ਦਾ ਅੰਕ ਪ੍ਰਕਾਸ਼ਿਤ ਕੀਤਾ। 1970 ਦੇ ਆਸ-ਪਾਸ ਉੱਠੀ ਪੰਜਾਬ ਦੀ ਇਸ ਕ੍ਰਾਂਤੀ-ਲਹਿਰ ਨੇ ਪੰਜਾਬੀ ਸਾਹਿਤ ਉੱਤੇ ਤਿੱਖਾ ਅਸਰ ਕੀਤਾ ਸੀ, ਖਾਸ ਕਰਕੇ ਕਵਿਤਾ ਵਿਚ ਨਵਾਂ ਮੋੜ ਆਇਆ। ਤੇ 'ਫਿਲਹਾਲ' ਵਿਚ ਛਪਣ ਵਾਲੇ ਇਹ ਪੰਜ ਪੰਜਾਬੀ ਕਵੀ ਪੰਜਾਬੀ ਕਵਿਤਾ ਦੇ ਉਸ ਨਵੇਂ ਮੋੜ ਦੇ ਪੰਜ ਮੀਲ-ਪੱਥਰ ਸਨ : ਪਾਸ਼, ਅਮਰਜੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਦਨ, ਸੀ, ਮਾਰਕੰਡਾ, ਲਾਲ ਸਿੰਘ ਦਿਲ ਤੇ ਦਰਸ਼ਨ ਖਟਕੜ।

ਤੁਸੀਂ ਦੇਖਿਆ ਨਹੀਂ ਕਦੇ ਉਹਨੂੰ?

ਜੇ ਤੁਸੀਂ ਬੱਸ ਵਿਚ ਸਫ਼ਰ ਕਰ ਰਹੇ ਹੋਵੋ, ਤੁਹਾਨੂੰ ਨਾਲ ਦੀ ਸੀਟ ਉੱਤੇ ਬੈਠਾ ਅੱਧਖੜ ਉਮਰ ਦਾ ਬੰਦਾ, ਐਨਕ ਲੱਗੀ ਹੋਈ ਤੇ ਘੋਟ ਕੇ ਬੰਨ੍ਹੀ ਚੁੰਝਦਾਰ ਪੱਗ, ਉਹ ਕੋਈ ਕਿਤਾਬ, ਰਸਾਲਾ ਜਾਂ ਅਖਬਾਰ ਪੜ੍ਹ ਰਿਹਾ ਹੋਵੇ ਤੇ ਨਾਲ ਦੀ ਨਾਲ ਉਹਦਾ ਇਕ ਹੱਥ ਆਪਣੀ ਦਾੜ੍ਹੀ ਉੱਤੇ ਹੋਵੇ (ਉਹ ਆਪਣੀ ਦਾੜ੍ਹੀ ਦਾ ਇਕੱਲਾ-ਇਕੱਲਾ ਵਾਲ ਪੁੱਟਦਾ ਰਹਿੰਦਾ ਹੈ। ਉਹਨੂੰ ਭਰਮ ਹੁੰਦਾ ਹੈ ਕਿ ਵਾਲ ਪੁੱਟਿਆ ਗਿਆ, ਪਰ ਵਾਲ ਤਾਂ ਓਥੇ ਦਾ ਓਥੇ ਰਹਿੰਦਾ ਹੈ ਤੇ ਮਾਰਕੰਡੇ ਦਾ ਹੱਥ ਅਗਲੇ ਵਾਲ ਉੱਤੇ ਜਾ ਪੈਂਦਾ ਹੈ) ਤਾਂ ਸਮਝੋ, ਸੌ ਫ਼ੀ ਸਦੀ ਇਹ ਸੀ. ਮਾਰਕੰਡਾ ਹੋਵੇਗਾ।

ਉਹ ਜ਼ਿਲ੍ਹਾ ਲੁਧਿਆਣਾ ਦੇ ਪਿੰਡ 'ਟੂਸੇ' ਦਾ ਜੱਟ-ਬਾਮ੍ਹਣ ਹੈ। ਪਿਤਾ-ਪੁਰਖੀ ਕੰਮ ਖੇਤੀ-ਬਾੜੀ ਸੀ। ਉਹਨਾਂ ਦੀ ਜ਼ਮੀਨ ਤਿੰਨ ਪਿੰਡਾਂ ਵਿਚ ਸੀ। ਮਾਰਕੰਡਾ ਦੇ ਪਿਤਾ ਤਪਾ ਮੰਡੀ ਆ ਕੇ ਵਸ ਗਏ ਸਨ।

ਮਾਰਕੰਡੇ ਨਾਲ ਮੈਨੂੰ ਇਸ ਕਰਕੇ ਵੀ ਮੋਹ ਹੈ ਕਿ ਉਹ ਮੇਰਾ ਗੋਤੀ ਹੈ। ਕਿਸੇ ਵਕਤ ਮੈਂ ਵੀ ਆਪਣਾ ਨਾਉਂ 'ਰਾਮ ਸਰੂਪ ਮਾਰਕੰਡਾ' ਲਿਖਦਾ ਹੁੰਦਾ ਸੀ। ਹੁਣ ਵੀ ਚਾਹੁੰਦਾ ਹਾਂ ਕਿ ਇਹ ਅਣਖੀ-ਉਣਖੀ ਛੱਡ ਕੇ ਮੜ ਮਾਰਕੰਡਾ ਬਣ ਜਾਵਾਂ। 'ਮਾਰਕੰਡਾ ਧੌਲਵੀ' ਵਧੀਆ ਰਹੇਗਾ ਤੇ ਨਾਲੇ ਨਾਵਲ-ਕਹਾਣੀਆਂ ਛੱਡ ਕੇ ਪੱਤਰਕਾਰ ਹੀ ਕਿਉਂ ਨਾ ਬਣਾਂ, ਖ਼ਬਰਾਂ ਦਾ ਸ਼ਿਕਾਰ ਕਰਿਆ ਕਰਾਂ। ਲੇਖਕ ਦੀ ਆਮ ਸਮਾਜ ਵਿਚ ਕੀ ਥਾਂ ਹੈ ਭਲਾ?

ਇਕ ਵਾਰ ਦੀ ਗੱਲ ਹੈ। ਉਹਨਾਂ ਦਿਨਾਂ ਵਿਚ ਮੈਨੂੰ ਸਾਹਿਤ ਅਕਾਡਮੀ ਇਨਾਮ ਦੇਣ ਦਾ ਐਲਾਨ ਹੋਇਆ ਸੀ। ਮੇਰੇ ਬਾਰੇ ਅਖਬਾਰਾਂ ਵਿਚ ਛਪ ਰਿਹਾ ਸੀ। ਲੇਖਕ-ਮਿੱਤਰ ਘਰ ਆਕੇ ਵਧਾਈਆਂ ਦੇ ਰਹੇ ਸਨ। ਕੁਝ ਦਿਨਾਂ ਲਈ ਮੈਂ ਘਰੋਂ ਬਾਹਰ ਚਲਿਆ ਗਿਆ ਤੇ ਚਾਰ-ਪੰਜ ਦਿਨ ਵਾਪਸ ਨਾ ਆ ਸਕਿਆ। ਪਿੱਛੋਂ ਘਰ ਵਿਚ ਕੋਈ ਬੰਦਾ ਨਹੀਂ ਸੀ ਜਿਹੜਾ ਸਮੇਂ-ਸਿਰ ਬਿਜਲੀ ਦਾ ਬਿੱਲ ਭਰ ਆਉਂਦਾ। ਮੈਂ ਆਇਆ ਤਾਂ ਦੇਖਿਆ ਕਿ ਬਿਜਲੀ ਬੋਰਡ ਵਾਲੇ ਮੀਟਰ ਪੁੱਟ ਕੇ ਲੈ ਗਏ ਹਨ। ਮੈਂ ਹੱਸਿਆ ਤੇ ਫੇਰ ਉਦਾਸ ਹੋ ਗਿਆ। ਸਾਹਿਤ ਅਕਾਡਮੀ ਇਨਾਮ ਜੇਤੂ ਲੇਖਕ ਦਾ ਮੀਟਰ?

ਬਿਲ ਅਗਲੀ ਵਾਰ ਇਕੱਠਾ ਭਰਿਆ ਜਾ ਸਕਦਾ ਸੀ। ਕੀ ਤਪੇ ਦੇ ਬਿਜਲੀ-ਬੋਰਡ ਵਾਲਿਆਂ ਦੀ ਹਿੰਮਤ ਹੈ ਕਿ ਉਹ ਕਦੇ ਸੀ. ਮਾਰਕੰਡਾ ਦਾ ਮੀਟਰ ਪੁੱਟ ਕੇ ਲੈ ਜਾਣ? ਪੱਤਰਕਾਰ ਬਾਬਿਆਂ ਵਿਚ ਬੜੀ ਸ਼ਕਤੀ ਹੁੰਦੀ ਹੈ, ਬੜੀ ਕਲਾ ਹੁੰਦੀ ਹੈ, ਏਸੇ ਲਈ ਤਾਂ ਚਾਹੁੰਦਾ ਹਾਂ ਕਿ ਨਾਵਲ-ਕਹਾਣੀਆਂ ਛੱਡਕੇ...

ਪਰ ਮਾਰਕੰਡਾ ਦੇ ਅੰਦਰ ਬੈਠੇ ਕਵੀ ਨੂੰ ਪੁੱਛਕੇ ਦੇਖੇ ਕੋਈ। ਖ਼ਬਰਾਂ ਭੇਜਣ ਦਾ ਧੰਦਾ ਤਾਂ ਰਿਹਾ ਅਲੱਗ, ਇਲਾਕੇ ਦੇ ਲੋਕ ਉਹਦੀ ਬੈਠਕ ਦਾ ਮੰਜਾ ਮੱਲੀਂ ਰੱਖਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਦੀ ਇਕ ਲੱਤ ਥਾਣੇ ਵਿਚ ਹੁੰਦੀ ਹੈ ਤੇ ਇਕ ਲੱਤ ਤਹਿਸੀਲ ਵਿਚ। ਕੋਈ ਸਕੂਟਰ ਲੈ ਕੇ ਆਉਂਦਾ ਹੈ ਤੇ ਉਹਨੂੰ ਬਰਨਾਲੇ ਲੈ ਵੜਦਾ ਹੈ। ਕਾਰਾਂ ਵਾਲੇ ਚੰਡੀਗੜ੍ਹ ਲੈ ਜਾਣਗੇ। ਉੱਠਦਾ-ਬੈਠਦਾ ਰੋਟੀ ਅੱਧ-ਪਚੱਧੀ ਖਾਵੇਗਾ। ਪਿੱਛੇ ਜਿਹੇ ਕਾਰ-ਐਕਸੀਡੈਂਟ ਵਿਚ ਬਾਂਹ ਤੁੜਵਾ ਬੈਠਾ। ਗਰਜ਼ਾਂ ਵਾਲੇ ਆਖ ਰਹੇ ਸਨ – ਚੰਗਾ ਹੋਇਆ ਸੱਜੀ ਬਾਂਹ ਨਹੀਂ ਟੁੱਟੀ, ਨਹੀਂ ਤਾਂ ਖ਼ਬਰਾਂ ਕਿਵੇਂ ਲਿਖਵਾਉਂਦੇ। ਕੋਈ ਸੁਰਤ ਨਹੀਂ, ਘਰ ਵਿਚ ਕੀ ਚੀਜ਼ ਮੁੱਕੀ ਹੋਈ ਹੈ। ਘਰ-ਸੰਸਾਰ ਦੀ ਮਾਲਕ ਬੀਬੀ ਲੀਲ੍ਹਾਵੰਤੀ।

ਲੱਗਦਾ ਹੈ, ਪੱਤਰਕਾਰੀ ਦੇ ਖੱਟੇ-ਮਿੱਠੇ ਚਸਕੇ ਨੇ ਮਾਰਕੰਡੇ ਤੋਂ ਕਵਿਤਾ ਖੋਹ ਲਈ ਹੈ। ਪਰ ਨਹੀਂ, ਇੰਜ ਬਿਲਕੁਲ ਨਹੀਂ। ਉਹਦੀ ਜੇਬ ਜ਼ਰੂਰੀ ਤੇ ਫ਼ਜ਼ੂਲ ਪਰਚੀਆਂ ਨਾਲ ਭਰੀ ਰਹਿੰਦੀ ਹੈ। ਰੰਗੀਨ ਮਹਿਫਲ ਵਿਚ ਬੈਠਾ ਹੋਵੇ ਤੇ ਜੇ ਇਕ ਸਰੋਤਾ ਵੀ ਸਾਹਿਤਕ ਹੋਵੇ ਕੋਈ ਤਾਂ ਉਹ ਜੇਬ ਦੀਆਂ ਪਰਚੀਆਂ ਫਰੋਲਣ ਲੱਗ ਪੈਂਦਾ ਹੈ। ਦੇਖਣ ਵਾਲੇ ਸੋਚ ਰਹੇ ਹੁੰਦੇ ਨੇ ਕਿ ਮਾਰਕੰਡੇ ਦਾ ਪਤਾ ਨਹੀਂ ਕੀ ਗੁਆਚ ਗਿਆ। ਥੋੜ੍ਹੇ ਚਿਰ ਬਾਅਦ ਹੀ ਉਹਨੂੰ ਆਪਣੇ ਮਤਲਬ ਦੀ ਪਰਚੀ ਲੱਭ ਪੈਂਦੀ ਹੈ ਤੇ ਉਹ ਆਪਣੀ ਨਵੀਂ ਕਵਿਤਾ ਸੁਣਾਉਣੀ ਸ਼ੁਰੂ ਕਰ ਦਿੰਦਾ ਹੈ। ਪਰਚੀ ਵਾਲੀ ਕਵਿਤਾ ਤੋਂ ਬਾਅਦ ਫੇਰ ਜ਼ੁਬਾਨੀ ਯਾਦ ਕਵਿਤਾਵਾਂ ਦਾ ਦੌਰ ਵੀ ਚਲਦਾ ਹੈ। ਅਜਿਹੇ ਰੰਗੀਨ ਪਲਾਂ ਦੀ ਤਲਾਸ਼ ਵਿਚ ਉਹ ਹਮੇਸ਼ਾ ਰਹਿੰਦਾ, ਜਦੋਂ ਕਵਿਤਾ ਦੀ ਗੱਲ ਹੋ ਸਕੇ। ਨਹੀਂ ਤਾਂ ਵਾਧੂ ਦੀ ਝੱਖ ਲਈ ਉਹਦੇ ਕੋਲ ਸਮਾਂ ਹੀ ਸਮਾਂ ਹੈ।

ਅਖ਼ਬਾਰੀ ਦੁਨੀਆਂ ਵਿਚ ਰਹਿ ਕੇ ਵੀ ਉਹ ਕਵਿਤਾ ਦਾ ਲੜ ਨਹੀਂ ਛੱਡਦਾ। ਉਹਦੀ ਕਵਿਤਾ 'ਸੈਂਸਰ' ਦੇਖੋ —

> ਸੈਂਸਰ ਦੀ ਭੇਟ ਹੋਏ ਅਖਬਾਰ,
> ਕੰਡਿਆਂ ਨੇ ਖਾ ਲਿਆ ਹੈ ਜਿਉਂ ਗਲਾਬ।
> ਕਾਕਟੇਲ ਪੀ ਸੌਂ ਰਹੇ ਨਾਮਾਨਿਗਾਰ
> ਸੁਣੋ ਜੋ ਆਕਾਸ਼ਵਾਣੀ ਆਖਦੀ
> ਮੈਥੋਂ ਵੀ ਨਾ ਲਿਖੀ ਗਈ ਸੰਪਾਦਕੀ।

'ਕਿੰਤੂ' ਨਾਂ ਦਾ ਸ਼ਬਦ ਮਾਰਕੰਡੇ ਨਾਲ ਹਮੇਸ਼ਾ ਜੁੜਿਆ ਰਹੇਗਾ। ਇਹ ਮਾਸਕ-ਪੱਤਰ ਉਹਨੇ 1970 ਵਿਚ ਸ਼ੁਰੂ ਕੀਤਾ ਸੀ। ਇਸਦੇ ਤਿਰਤਾਲੀ-ਚੁਤਾਲੀ ਅੰਕ ਪ੍ਰਕਾਸ਼ਿਤ ਹੋਏ। 'ਸੰਤਰਾਮ ਉਦਾਸੀ ਅੰਕ', 'ਮੋਗਾ ਗੋਲੀ ਕਾਂਡ ਅੰਕ' ਤੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਨਾਵਲ 'ਦਸਤਾਵੇਜ਼' ਵਾਲਾ ਅੰਕ ਸੰਗ੍ਰਹਿਣੀਯ ਅੰਕ ਸਨ। ਇਹ ਅੰਕ ਹੁਣ ਕਿਧਰੇ ਅਸ਼ਰਫੀਆਂ ਦੇ ਭਾਅ ਵੀ ਨਹੀਂ ਮਿਲ ਸਕਦੇ।

ਤਪਾ ਮੰਡੀ ਦੀ ਸਾਹਿਤਕ ਜਥੇਬੰਦੀ ਪੰਜਾਬੀ ਸਾਹਿਤ ਸਭਾ 1966 ਵਿਚ ਸੀ. ਮਾਰਕੰਡਾ ਨੇ ਹੀ ਪੈਦਾ ਕੀਤੀ ਸੀ ਜਦੋਂ ਕਿ ਸ੍ਰੀ ਹਰਬੰਸ ਲਾਲ ਗੋਇਲ ਇਸਦੇ ਪਹਿਲੇ ਪ੍ਰਧਾਨ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਸੀ. ਮਾਰਕੰਡਾ ਆਪ ਸਕੱਤਰ । ਇਸ ਸਭਾ ਕਰਕੇ ਹੀ ਰੇਤੇ ਦੇ ਟਿੱਬਿਆਂ ਵਿਚ ਘਿਰਿਆ ਤਪਾ ਕਸਬਾ ਪੰਜਾਬੀ ਲੇਖਕਾਂ ਲਈ ਨਖਲਿਸਤਾਨ ਸਿੱਧ ਹੋਇਆ । ਸੀ. ਮਾਰਕੰਡਾ ਦਾ ਪੁੱਤਰ ਤੇਜਿੰਦਰ ਮਾਰਕੰਡਾ ਵੀ ਸਾਫ਼-ਸੁਥਰੀਆਂ ਗ਼ਜ਼ਲਾਂ ਲਿਖਦਾ ਹੈ ਤੇ ਰੋਹਤਕ ਵਿਖੇ ਆਯੁਰਵੈਦਿਕ ਚਕਿਤਸਾ ਦੀ ਉੱਚ-ਪੜ੍ਹਾਈ ਕਰ ਰਿਹਾ ਹੈ ।

ਸੀ. ਮਾਰਕੰਡਾ ਦੁਨੀਆਂਦਾਰੀ ਦੇ ਅਣਇੱਛਤ ਧੰਦਿਆਂ ਵਿਚ ਗ੍ਰਸਤ ਇਕ ਵਰਜਿਤ ਕਵੀ ਦੀ ਭੂਮਿਕਾ ਨਿਭਾ ਰਿਹਾ ਹੈ । ਉਸਦਾ ਇਹ ਇਕ ਸ਼ਿਅਰ ਹੀ ਉਹਦੀ ਸਮੁੱਚੀ ਜ਼ਿੰਦਗੀ ਦੀ ਤਰਜਮਾਨੀ ਕਰ ਜਾਂਦਾ ਹੈ --

ਜਦ ਸੀ ਤੁਰਿਆ ਅੱਗ ਸੀ ਪੈਰਾਂ ਤਲੇ,
ਪੈਰ ਹੀ ਨਾ ਧਰਤ 'ਤੇ ਪਰ ਹੁਣ ਰਿਹਾ ।

—ਰਾਮ ਸਰੂਪ ਅਣਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਮੁ ਖ

ਸ਼ਾਇਰੀ ਨਾਲ ਮੈਨੂੰ ਬਚਪਨ ਤੋਂ ਹੀ ਲਗਾਓ ਰਿਹਾ ਹੈ। ਘਰ ਦਾ ਵਾਤਾਵਰਣ ਹੀ ਕੁੱਝ ਅਜਿਹਾ ਸੀ ਕਿ ਮੇਰੇ ਪਿਤਾ ਜੀ ਖੁਦ ਇਕ ਕਵੀ ਸਨ ਜਿਨ੍ਹਾਂ ਅਨੇਕਾਂ ਕਿੱਸੇ ਰਚੇ ਤੇ ਜਦੋਂ ਮੈਂ ਸੁਰਤ ਸੰਭਾਲੀ ਤਾਂ ਮੈਨੂੰ ਘਰ ਵਿਚ ਹੀ 'ਜ਼ਿੰਦਗੀ ਬਿਲਾਸ', ਨਿਸੀਹਤ ਬਿਲਾਸ', ਵਾਰਿਸ ਦੀ 'ਹੀਰ', ਮੋਹਨ ਸਿੰਘ ਦੀ 'ਸਾਵੇ-ਪੱਤਰ' ਅਤੇ ਨੂਰਪੁਰੀ ਦੀ 'ਚੰਗਿਆੜੇ' ਪੜ੍ਹਨ ਨੂੰ ਮਿਲੀਆਂ। ਦਰਵਾਜੇ ਬੰਦ ਕਰਕੇ ਇਨ੍ਹਾਂ ਕਿੱਸਿਆਂ ਤੇ ਕਿਤਾਬਾਂ ਦੀਆਂ ਕਵਿਤਾਵਾਂ ਮੈਂ ਆਪਣੇ ਕਮਰੇ 'ਚ ਗੰਵਿਆ ਕਰਦਾ ਸਾਂ। ਉਸ ਸਮੇਂ ਭਾਵੇਂ ਮੈਨੂੰ ਕਵਿਤਾ ਦੀ ਬਹੁਤੀ ਸਮਝ ਨਹੀਂ ਸੀ - ਪਰੰਤੂ ਇਤਨੀ ਸਮਝ ਜ਼ਰੂਰ ਸੀ ਕਿ ਮੋਹਨ ਸਿੰਘ ਤੇ ਨੂਰਪੁਰੀ ਦੀਆਂ ਕਿਤਾਬਾਂ 'ਚੋਂ ਬਹੁਤ ਸਾਰੀਆਂ ਕਵਿਤਾਵਾਂ ਮੈਂ ਕੰਠ ਕੀਤੀਆਂ ਹੋਈਆਂ ਸਨ ਜਿਨ੍ਹਾਂ ਨੂੰ ਮੈਂ ਬੜੇ ਹੀ ਚੰਗੇ ਰਹਾ 'ਚ ਗਾਇਆ ਕਰਦਾ ਸੀ ਅਤੇ ਮਾਣਿਆ ਕਰਦਾ ਸੀ।

ਅੱਜ ਸੋਚਦਾ ਹਾਂ ਕਿ ਕਵਿਤਾ ਲਿਖਣਾ, ਇਸਨੂੰ ਮਾਨਣਾ ਤੇ ਇਸਦੀ ਆਲੋਚਨਾਤਮਕ ਵਿਆਖਿਆ ਕਰਨੀ ਇਹ ਵੱਖੋ ਵੱਖਰੇ ਕਰਮ ਹਨ। ਅਸਲ ਵਿਚ ਕਵਿਤਾ ਦੀ ਆਲੋਚਨਾ ਕਰਨਾ, ਕਵਿਤਾ ਨੂੰ ਸਮਝਣਾ, ਉਸ ਨੂੰ ਮਾਨਣਾ ਤੇ ਉਸ ਵਿਚਲੇ ਲੁਪਤ ਭਾਵਾਂ ਨੂੰ ਲੱਭਣਾ ਅਸਲੋਂ ਹੀ ਕਠਿਨ ਕਾਰਜ ਕਿਉਂਕਿ ਹੈ ਕਵੀ ਨੇ ਕਾਵਿ-ਸਿਰਜਣ ਪ੍ਰਕ੍ਰਿਆ ਸਮੇਂ ਜਿਹੜੇ ਛਿਣਾਂ ਨੂੰ ਭੋਗ ਤੇ ਕਾਵਿ ਦੀ ਰਚਨਾ ਕੀਤੀ ਹੁੰਦੀ ਹੈ, ਆਲੋਚਨਾ ਸਮੇਂ ਆਲੋਚਕ ਕਵੀ ਦੀ ਭੋਗੀ ਉਸੇ ਮਨੋਸਥਿਤੀ ਵਿਚ ਜੇ ਵਿਚਰਣ ਦਾ ਯਤਨ ਨਹੀਂ ਕਰਦਾ ਤਾਂ ਸ਼ਾਇਦ ਉਹ ਕਵੀ ਦੀ ਕਵਿਤਾ ਨਾਲ ਨਿਆਂ ਨਹੀਂ ਕਰ ਸਕੇਗੀ। ਇਸ ਰਚਨਾ ਵਿਚ ਆਪਣੇ ਜਾਣੀ ਮੈਂ ਯਤਨ ਕੀਤਾ ਹੈ ਕਿ ਮੋਹਨ ਸਿੰਘ ਦੀ ਕਵਿਤਾ ਜੋ 'ਸਾਵੇ-ਪੱਤਰ' ਵਿਚ ਸੰਕਲਿਤ ਕੀਤੀ ਗਈ ਹੈ, ਸੰਬੰਧੀ ਲਿਖਣ ਸਮੇਂ ਉਨ੍ਹਾਂ ਛਿਣਾਂ ਨੂੰ ਪਕੜਨ ਦੀ ਕੋਸ਼ਿਸ਼ ਕਰਾਂ ਜਿਨ੍ਹਾਂ ਛਿਣਾਂ ਨੂੰ ਕਵੀ ਨੇ ਖ਼ੁਦ ਭੋਗਿਆ ਹੈ। ਪਰ ਮੈਂ ਮੋਹਨ ਸਿੰਘ ਦੀ ਸ਼ਾਇਰੀ ਨਾਲ ਨਿਆਂ ਕਰ ਸਕਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਇਸ ਬਾਰੇ ਦਾਅਵਾ ਕਰਨਾ ਸੰਭਵ ਨਹੀਂ ।

'ਸਾਵੇ-ਪੱਤਰ' ਪੁਸਤਕ ਦੀ ਆਲੋਚਨਾ ਕਰਨ ਸਮੇਂ ਮੈਂ ਇਸ ਨੂੰ ਦੋ ਖੰਡਾਂ ਵਿਚ ਵੰਡ ਕੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ । ਭਾਵੇਂ ਰੂਪ ਅਤੇ ਵਸਤੂ ਨੂੰ ਅਸੀਂ ਨਿਖੇੜ ਨਹੀਂ ਸਕਦੇ ਪਰੰਤੂ ਕੇਵਲ ਅਧਿਐਨ ਦੀ ਸੁਵਿਧਾ ਲਈ 'ਸਾਵੇ-ਪੱਤਰ' ਦੀ ਕਾਵਿ-ਚੇਤਨਾ' ਅਤੇ 'ਸੁਹਜ-ਚੇਤਨਾ' ਤਹਿਤ ਵਸਤੂ ਅਤੇ ਰੂਪ ਨੂੰ ਇਕ ਦੂਜੇ ਤੋਂ ਜੁਦਾ ਕਰਕੇ ਪਰਖ ਕੀਤੀ ਹੈ । ਵਸਤੂ ਪੱਖ ਵਿਚ ਕਾਵਿ-ਚੇਤਨਾ ਦੀ ਪਰਿਭਾਸ਼ਾ, ਕਾਵਿ ਵਿਚ ਪ੍ਰਸਤੁਤ ਸਮਾਜਕ ਕਦਰਾਂ ਕੀਮਤਾਂ ਤੇ ਮਨੁੱਖੀ ਰਿਸ਼ਤੇ, ਰੁਮਾਂਟਿਕ ਪਹੁੰਚ ਤੇ ਯਥਾਰਥ ਦਾ ਪ੍ਰਸਤੁਤੀਕਰਣ ਪ੍ਰਥਮ ਖੰਡ ਵਿਚ ਵਿਚਾਰੇ ਗਏ ਹਨ ਜਦੋਂ ਕਿ ਦੂਸਰੇ ਭਾਗ ਵਿਚ 'ਸਾਵੇ-ਪੱਤਰ' ਦਾ ਕਲਾ-ਕੌਸ਼ਲ, ਇਸ ਵਿਚ ਪ੍ਰਯੁਕਤ ਛੰਦ, ਰਸ-ਨਿਰੂਪਣ, ਬਿੰਬ-ਵਿਧਾਨ, ਅਲੰਕਾਰ, ਸ਼ੈਲੀ, ਕਾਵਿ-ਰੂਪ ਅਤੇ ਛੰਦ ਆਦਿ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ । ਅੰਤ ਵਿਚ ਸਾਰ ਤੇ ਸਥਾਪਨਾਵਾਂ ਦਿੱਤੀਆਂ ਗਈਆਂ ਹਨ ।

ਮੋਹਨ ਸਿੰਘ ਦੀ ਪੁਸਤਕ 'ਸਾਵੇ-ਪੱਤਰ' ਦਾ ਇਹ ਲੇਖਾ ਜੋਖਾ ਜੋ ਮੇਰੀ ਵਿਸ਼ੇਸ਼ ਉਪ-ਲਬਧੀ ਭਾਵੇਂ ਨਾ ਹੋਵੇ, ਪਰੰਤੂ ਮੋਹਨ ਸਿੰਘ ਦੀ ਕਵਿਤਾ ਸੰਬੰਧੀ ਕੀਤੀ ਗਈ ਹਾਲੀ ਤਾਈਂ ਖੋਜ ਦੀ ਇਕ ਹੋਰ ਕੜੀ ਤਾਂ ਹੈ ਹੀ :

ਕਲੰਦਰ ਗਯਾ, ਉਸਕੀ ਬੋਲੀ ਗਈ
ਫ਼ਬਨ ਅਬ ਭੀ ਬਾਕੀ ਹੈ ਅੰਦਾਜ਼ ਕੀ ।
ਬਹੁਤ ਦੇਰ ਰਹਿਤੀ ਹੈ ਨਗਮੇਂ ਕੀ ਲਯ,
ਬੜੀ ਉਮਰ ਹੋਤੀ ਹੈ ਆਵਾਜ਼ ਕੀ ।

—ਅਦਮ

—ਸੀ. ਮਾਰਕੰਡਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੁੱਗ ਕਵੀ ਮੋਹਨ ਸਿੰਘ

ਮੋਹਨ ਸਿੰਘ ਪੰਜਾਬੀ ਕਵਿਤਾ ਵਿਚ ਆਪਣੇ ਨਾਂ ਨਾਲ ਕਾਲ ਸਥਾਪਿਤ ਕਰਨ ਵਾਲਾ ਪਹਿਲਾ ਸ਼ਾਇਰ ਹੈ ਜਿਸਨੇ ਬੜੀ ਖ਼ੂਬਸੂਰਤੀ ਨਾਲ ਪੰਜਾਬੀ ਸਾਹਿਤ, ਕਲਾ ਤੇ ਸਭਿਆਚਾਰ ਦੇ ਅਗਾਂਹਵਧੂ ਪਲੜੇ ਨੂੰ ਸਭ ਤੋਂ ਵਧ ਸੰਵਾਰਿਆ ਤੇ ਪ੍ਰਭਾਵਿਤ ਕੀਤਾ ਹੈ। ਮੋਹਨ ਸਿੰਘ ਦੀ ਸ਼ਾਇਰੀ ਦੀ ਖ਼ੂਬੀ ਜਿਥੇ ਉਸਦੀ ਆਦਰਸ਼ਵਾਦੀ-ਰੁਮਾਂਚਕਾਰੀ ਪਕੜ ਸੀ ਉਥੇ ਇਸ ਵਿਚਲੇ ਤੱਤ ਦਾ ਅਗਾਂਹਵਧੂ ਹੋਣਾ ਵੀ ਸੀ ਜਿਸਨੂੰ ਉਸਨੇ ਆਪਣੀ ਉਮਰ ਦੇ ਅੰਤਮ ਪਲਾਂ ਦੀ ਸਿਰਜਣ ਪ੍ਰਕ੍ਰਿਆ ਸਮੇਂ ਵੀ ਹੱਥੋਂ ਨਹੀਂ ਕਿਰਨ ਦਿੱਤਾ। ਮੋਹ.5 ਸਿੰਘ ਵੱਡਾ ਕਵੀ ਇਸ ਲਈ ਵੀ ਹੈ ਕਿਂਉਕਿ ਉਸਨੇ ਆਪਣੇ ਜੀਵਨ ਦੇ ਬਹੁਤ ਵੱਡੇ ਅਨੁਭਵ ਨੂੰ ਆਪਣੀ ਕਵਿਤਾ ਦੀ ਪਰਿਧੀ ਵਿਚ ਸਮੋਣ ਦੀ ਕੋਸ਼ਿਸ਼ ਕੀਤੀ ਹੈ। ਉਹ ਯਕੀਨਨ ਹੀ ਆਧੁਨਿਕ ਤੇ ਸਮਕਾਲੀਨ ਕਵੀ ਸਨ। ਆਧੁਨਿਕਤਾ ਸਾਮਿਅਕ ਵਿਅਕਤੀ ਰਾਹੀਂ ਆਪਣੇ ਅਤੀਤ ਨੂੰ ਠੁਕਰਾਉਣ ਦੀ ਥਾਂ ਉਸ ਨੂੰ ਹਜ਼ਮ ਕਰਕੇ ਤੇ ਉਸਨੂੰ ਇਤਿਹਾਸਿਕ ਚੇਤਨਾ ਵਿਚ ਵਿਕਸਤ ਕਰਨ ਦਾ ਨਾਂ ਹੀ ਹੈ। ਸਮਕਾਲੀਨ ਯੁਗ ਵਿਚ ਮੋਹਨ ਸਿੰਘ ਦੀ ਕਵਿਤਾ ਇਸ ਲਈ ਵੀ ਪ੍ਰਸੰਗਕ ਹੈ ਕਿਉਂਕਿ ਸਮਕਾਲੀ ਜੀਵਨ ਦਾ 'ਵੇਗ' ਵੀ ਇਸ ਦੀ ਕਵਿਤਾ ਵਿਚ ਮੌਜੂਦ ਹੈ। ਅਨੇਕਾਂ ਹੀ ਮਿਥਿਹਾਸਕ, ਪੌਰਾਣਕ ਪ੍ਰਤੀਕਾਂ ਨਾਲ ਲੈਸ ਇਕ ਕੇਂਦਰ ਤੋਂ ਤਿਲਕ ਕੇ ਸਰਵਕਾਲ ਦੀਆਂ ਬਾਹਾਂ ਵਿਚ ਅਟਕੀ ਕਵਿਤਾ ਹੈ। ਇਹ ਰਵਾਇਤੀ ਕਵਿਤਾ ਦੇ ਪੈਂਡੇ ਕੱਛਦੀ ਨਵਿਆਂ ਵਿਸ਼ਿਆਂ ਨੂੰ ਆਪਣੀ ਵਲਗਣ 'ਚ ਵਲਗਦੀ ਹੋਈ ਆਧੁਨਿਕ ਬਰੂਹਾਂ ਤੇ ਪੁੱਜਦੀ ਸਿਖ਼ਰ ਛੂੰਹਦੀ ਰੋਹ ਦੀ ਕਵਿਤਾ ਹੈ। ਮੋਹਨ ਸਿੰਘ ਦੀ ਕਵਿਤਾ ਨਾ ਤਾਂ ਪੂਰਨ ਰੁਮਾਂਟਿਕ ਹੀ ਕਹੀ ਜਾ ਸਕਦੀ ਹੈ ਅਤੇ ਨਾ ਹੀ ਪੂਰਨ ਕ੍ਰਾਂਤੀਕਾਰੀ ਸਗੋਂ ਇਨ੍ਹਾਂ ਦੀ ਕਵਿਤਾ ਵਿਚ ਨਿਜੀ ਪਿਆਰ ਦੀ ਪਚਿਕਤਾ ਤੇ ਲੋਕ ਪਿਆਰ ਦੀ ਪ੍ਰਪੱਕਤਾ ਹੈ।

ਮੋਹਨ ਸਿੰਘ ਨੇ ਆਪਣੀ ਕਵਿਤਾ ਵਿਚ ਦੇਸ਼ ਪਿਆਰ, ਕੁਦਰਤ ਪਿਆਰ, ਸਦਾਚਾਰ, ਧਰਮ ਤੇ ਰਵਾਇਤੀ ਹੁਸਨ ਇਸ਼ਕ ਦੀਆਂ ਭਾਵਨਾਵਾਂ ਨੂੰ ਵੀ ਕਵਿਤਾਇਆ ਹੈ ਜਿਥੇ ਇਸ ਦੀਆਂ ਨਿਜੀ ਪਿਆਰ ਦੀਆਂ ਕਵਿਤਾਵਾਂ ਵਿਚ ਪਿਆਰ ਤੇ ਵਫ਼ਾ ਦਾ ਚਿਤਰ ਉਲੀਕਿਆ ਨਜ਼ਰ ਆਉਂਦਾ ਹੈ ਉਥੇ ਮਰਦ ਤੇ ਇਸਤਰੀ ਪ੍ਰਤੀ ਬੇਵਫ਼ਾਈ ਦਾ ਵਾਸਤਾ ਪਾ ਕੇ ਮਰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਧਾਨ ਸਮਾਜ ਦੀ ਖ਼ੂਬ ਨਿੰਦਾ ਵੀ ਕੀਤੀ ਹੈ :

ਦੇਂਦੇ ਆਏ ਚਿਰੋਕਣੇ ਮਰਦ ਧੋਖਾ
ਮਕਰ ਇਨ੍ਹਾਂ ਦੇ ਕੋਈ ਅੱਜ ਦੇ ਨਹੀਂ ।
ਵਾਂਗ ਭੌਰਿਆਂ ਫੁੱਲਾਂ ਤੇ ਫਿਰਨ ਭੌਂਦੇ
ਇਕ ਫੁੱਲ ਦੇ ਉੱਤੇ ਇਹ ਰੱਜਦੇ ਨਹੀਂ ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਭਾਈ ਵੀਰ ਸਿੰਘ ਦੀ ਕਵਿਤਾ ਤੋਂ ਸੁਤੰਤਰ ਤੇ ਭਿੰਨ ਪ੍ਰਕਾਰ ਦੀ ਅਧਿਆਤਮਵਾਦੀਆਂ ਵਰਗੀ 'ਕਵਿਤਾ ਨਹੀਂ' ਸਗੋਂ ਖੋਜੀਆਂ ਵਰਗੀ ਕਵਿਤਾ ਹੈ। 1934 ਵਿਚ ਜਦੋਂ P.W A. (ਅਗਾਂਹ ਵਧੂ ਲੇਖਕ ਜੱਥੇਬੰਦੀ) ਹੋਂਦ ਵਿਚ ਆਈ ਤਾਂ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੇ ਵਿਸ਼ਿਆਂ ਵਿਚ ਵੀ ਤਬਦੀਲੀ ਆਈ। ਦੇਸ਼ ਵਿਚ ਪ੍ਰਗਤੀਵਾਦੀਧਾਰਾ ਦੀ ਲਹਿਰ ਦੇ ਜਨਮਣ ਨਾਲ ਪੰਜਾਬੀ ਸਾਹਿਤ ਦੀ ਨੁਹਾਰ ਤੇ ਭਾਵ ਬੋਧ ਵਿਚ ਵੀ ਪਰਿਵਰਤਨ ਆਉਣਾ ਸ਼ੁਰੂ ਹੋਇਆ। ਇਸ ਪ੍ਰਗਤੀਵਾਦੀ ਧਾਰਾ ਦਾ ਸ਼ਾਇਦ ਇਕੱਲੇ ਭਾਈ ਵੀਰ ਸਿੰਘ ਤੇ ਹੀ ਕੋਈ ਅਸਰ ਨਾ ਹੋਇਆ—ਇਕ ਇਹੀ ਸ਼ਾਇਰ ਸੀ ਜੋ ਜਲ੍ਹਿਆਂ ਵਾਲੇ ਬਾਗ਼ ਵਿਚ ਮਨੁੱਖਤਾ ਦੇ ਸੀਨੇ ਗੋਲੀਆਂ ਨਾਲ ਛਲਣੀਂ ਹੁੰਦੇ ਵੇਖ ਕੇ ਵੀ ਕਸ਼ਮੀਰ ਵਿਚ ਬੈਠਾ ਗੁਲਦਾਉਦੀਆਂ ਦੇ ਗੀਤ ਗਾਉਂਦਾ ਰਿਹਾ ਤੇ ਡਲ ਝੀਲ ਦੇ ਨਜ਼ਾਰੇ ਲੁਟਦਾ ਆਪ ਲੋਕਾਂ ਨੂੰ 'ਛੁਪੇ ਰਹਿਣ' ਦਾ ਪੈਗ਼ਾਮ ਭੇਜਦਾ ਰਿਹਾ ਪਰ ਬਾਕੀ ਤਕਰੀਬਨ ਸਾਰੇ ਕਵੀ ਹੀ ਪ੍ਰਗਤੀਵਾਦੀ ਲਹਿਰ ਦੀ ਪੈਦਾਇਸ਼ ਹਨ। ਕਵਿਤਾ ਵਿਚ ਜਿਹੜੇ ਨਵੇਂ ਰੁਝਾਨ 1935 ਤੋਂ ਸ਼ੁਰੂ ਹੋਏ ਉਨ੍ਹਾਂ ਨੂੰ ਪੰਜਾਬੀ ਕਵਿਤਾ ਵਿਚ ਲਿਆਉਣ ਵਾਲਾ ਮੋਹਨ ਸਿੰਘ ਹੀ ਹੈ।

ਜ਼ਿੰਦਗੀ ਦੇ ਮੂਲ ਪ੍ਰਸ਼ਨਾਂ ਦੇ ਪ੍ਰਗਟਾ ਨੂੰ ਆਪਣੀ ਕਵਿਤਾ ਵਿਰ ਲੈ ਆਉਣਾ ਹੀ ਕਿਸੇ ਕਵਿਤਾ ਦੀ ਪੂਰਨਤਾ ਦੀ ਕਸੌਟੀ ਨਹੀਂ ਸਗੋਂ ਮਹੱਤਾ ਇਸ ਗੱਲ ਦੀ ਹੈ ਕਿ ਉਸ ਜ਼ਿੰਦਗੀ ਨੂੰ ਕਵੀ ਕਿੰਨੀ ਸ਼ਿੱਦਤ ਨਾਲ ਤੇ ਕਿੰਨੀ ਗਹਿਰਾਈ ਨਾਲ ਪਛਾਣਦਾ ਹੈ ਤੇ ਉਸ ਪ੍ਰਤੀ ਕਵੀ ਕਿੰਨੀ ਕੁ ਸੁਹਰਿਦਤਾ ਵਰਤਦਾ ਹੈ। ਮੋਹਨ ਸਿੰਘ ਦੀ ਕਵਿਤਾ ਪ੍ਰੇਮ ਦੇ ਅਨੁਭਵ ਉਪਜਾਂਦੀ ਮਨੁੱਖ ਨੂੰ ਇਨਕਲਾਬ ਵੱਲ ਪ੍ਰੇਰਦੀ ਕਵਿਤਾ ਹੈ। ਅੰਗਰੇਜ਼ਾਂ ਦੀ ਲੁੱਟ, 1857 ਦੇ ਗ਼ਦਰ ਨਾਲ ਸਹਾਨੁਭੂਤੀ, ਪਹਿਲੇ ਮਹਾਂਯੁੱਧ ਦੇ ਪਰਲੋਕਾਰੀ ਸਿੱਟੇ, ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਗੁਰੂ ਕੇ ਬਾਗ਼ ਦਾ ਮੋਰਚਾ, ਬੰਗਾਲ ਦੇ ਕਾਲ, ਸਦਕਾ 3½ ਮਿਲੀਅਨ ਲੋਕਾਂ ਦੀ ਤਬਾਹੀ ਦਾ ਦੁੱਖ ਅਮਨ ਦਾ ਹੋਕਾ ਚੀਨੀ ਇਨਕਲਾਬ ਦੀ ਕ੍ਰਾਂਤੀ ਦਾ ਸਵਾਗਤ ਤੇ ਆਜ਼ਾਦੀ ਤੋਂ ਬਾਅਦ ਦੇਸੀ ਹਾਕਮਾਂ ਦੀ ਲੁੱਟ ਖਸੁਟ, ਕ੍ਰਿਤੀ ਸ਼੍ਰੇਣੀ ਦੀ ਨਿੱਘਰਦੀ ਹਾਲਤ, ਐਮਰਜੈਂਸੀ ਦੀ ਲੰਬੀ ਕੈਦ ਤੇ ਇਸਤੋਂ ਮਿਲੀ ਨਜਾਤ-ਆਦਿ ਵਿਸ਼ੇ ਮੋਹਨ ਸਿੰਘ ਦੀ ਕਵਿਤਾ ਵਿਚ ਹਾਵੀ ਰਹੇ ਹਨ ਜੱਟੀਆਂ ਦਾ ਗੀਤ, ਘੋਲ, ਸਾਥੀਓ, ਰੋਜ਼ਨ ਬਰਗ, ਕੌਤਕ ਗੱਜਣ ਸਿੰਘ ਦੀ ਵਾਰ ਕਵਿਤਾਵਾਂ ਰਾਹੀਂ ਮੋਹਨ ਸਿੰਘ ਨੇ ਇਨਕਲਾਬੀ ਵਿਚਾਰ ਪੇਸ਼ ਕੀਤੇ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਠੋ ਦੁਰਗਾ ਵਾਂਗਰਾਂ ਮਹਿਖਾਸੁਰਾਂ ਨੂੰ ਸੋਧੀਏ
ਚੰਡ ਮੁੰਡਾ, ਰਕਤ ਬੀਜਾਂ ਨੂੰ ਮੁਕਾਈਏ ਸਾਥੀਓ।
ਆਓ ਮੁੜ ਕੀੜੀ ਤੇ ਪੈਰਾਂ ਹੇਠਾਂ ਹਾਥੀ ਰੋਲੀਏ
ਆਓ ਮੁੜ ਚਿੜੀਆਂ ਤੋਂ ਬਾਜਾਂ ਨੂੰ ਤੁੜਾਈਏ ਸਾਥੀਓ।

ਮੋਹਨ ਸਿੰਘ ਆਪ ਹੀ ਕਹਿੰਦਾ ਹੈ ਕਿ "ਦੇਸ਼ ਦੀ ਵੰਡ ਤੋਂ ਮਗਰੋਂ ਮਾਰਕਸੀ ਪ੍ਰਭਾਵਾਂ ਦੇ ਅਧੀਨ ਮੇਰੀ ਚੇਤਨਤਾ ਹੋਰ ਵੀ ਤਿੱਖੀ ਹੋ ਗਈ ਅਤੇ ਮੈਂ ਲੋਕ-ਸੰਘਰਸ਼ਾਂ ਬਾਰੇ ਮੰਗਲੀ, ਗੱਜਣ ਸਿੰਘ ਦੀ ਵਾਰ, ਅਮਲ, ਤ੍ਰੈਸੂਲ ਆਦਿ ਕਵਿਤਾਵਾਂ ਦੀ ਰਚਨਾ ਕੀਤੀ। ਅਮਨ ਲਹਿਰ ਸਬੰਧੀ ਕਈ ਗੀਤ ਤੇ ਉਪਰੇ ਵੀ ਲਿਖੇ। 'ਜੈ-ਮੀਰ' ਨੂੰ ਮੇਰੇ ਪ੍ਰਗਤੀਵਾਦੀ ਵਿਚਾਰਾਂ ਦੀ ਸਿਖ਼ਰ ਕਿਹਾ ਜਾ ਸਕਦਾ ਹੈ।" ਮੋਹਨ ਸਿੰਘ ਨੇ ਆਪਣੇ ਪ੍ਰਗਤੀਵਾਦੀ ਵਿਚਾਰਾਂ ਨੂੰ ਆਮ ਆਦਮੀ ਤੱਕ ਪਹੁੰਚਾਣ ਲਈ ਬੌਧਕ ਤੇ ਅਜਿਹੇ ਬਿੰਬ ਨਹੀਂ ਵਰਤੇ ਜਿੰਨ੍ਹਾਂ ਨਾਲ ਉਨ੍ਹਾਂ ਲੋਕਾਂ ਦਾ ਵਾਹ ਨਾ ਹੋਵੇ ਜਾਂ ਉਨ੍ਹਾਂ ਦੀ ਸਮਝੋਂ ਬਾਹਰੀ ਹੋਣ। ਕਵੀ ਕਿਰਤੀ ਸ਼੍ਰੇਣੀ ਨੂੰ ਸਰਮਾਏਦਾਰਾਂ ਵਿਰੁੱਧ ਖੜੇ ਹੋਣ ਲਈ ਸੰਗਠਿਤ ਹੋਣ ਲਈ ਪ੍ਰੇਰਦਾ ਹੈ ਤੇ ਸਰਮਾਏਦਾਰੀ ਤੋਂ ਨਿਜਾਤ ਵੀ ਇਸੇ ਏਕੇ ਵਿਚ ਹੀ ਦੱਸਦਾ ਹੈ। ਦਸਦਾ ਵੀ ਸੁਖੈਨ ਤੇ ਸਰਲ ਭਾਸ਼ਾ ਵਿਚ :

ਕੱਲਿਆਂ ਕੱਲਿਆਂ ਸਾਥੀਓ ਇਹ ਹਟੇ ਨਾ ਮਲਬਾ
ਕੱਲਿਆਂ ਲੇਖੇ ਮੁਕਣ ਨਾ ਤੇ ਫਟਣ ਨਾ ਵਹੀਆਂ
ਕੱਲ ਤੋਂ ਨਾ ਢੱਠਣ ਇਹ ਬੁੱਚੀਆਂ ਸੰਸਥਾਵਾਂ
ਧੂੜ ਇਨ੍ਹਾਂ ਦਾ ਪੁਟਣਾ ਕ੍ਰਾਂਤੀ ਦੀਆਂ ਕਹੀਆਂ।
ਬਾਝ ਸੁਹਾਗੇ ਭੋਂ ਕਦੇ ਨਾ ਪੱਧਰੀ ਹੋਵੇ
ਬਾਝ ਕਰਾਹਾਂ ਟਿੱਬਿਆਂ ਦੀ ਢਹੇ ਨਾ ਢੇਰੀ
ਆਖਿਆ ਸੱਚ ਸਿਆਣਿਆਂ ਭੋਂ ਹੋਏ ਨਾ ਗੱਭਣ
ਜਦ ਤਕ ਝੁਲੇ ਨਾ ਜਗ ਤੇ ਬੀ ਭਰੀ ਹਨੇਰੀ।

ਮੋਹਨ ਸਿੰਘ ਕਵਿਤਾ ਤੇ ਇਸ ਦੀ ਪ੍ਰਯੁਕਤ ਭਾਸ਼ਾ ਦੀ ਖ਼ੂਬੀ ਵੀ ਇਹੀ ਹੈ ਕਿ ਇਹ ਦੇਸ਼ ਦੇ ਕਰੋੜਾਂ ਸ਼ੋਸ਼ਤ ਤੇ ਪੀੜਤ ਮਨੁੱਖਾਂ ਦੇ ਅਨੁਭਵਾਂ ਨੂੰ ਜ਼ਬਾਨ ਦਿੰਦੀ ਹੈ ਤੇ ਉਨ੍ਹਾਂ ਅੰਦਰ ਆਪਣੀ ਸਥਿਤੀ ਤੋਂ ਮੁਕਤੀ ਲਈ ਉਕਸਾਹਟ ਦਵਾ ਸਮਾਜ ਦੀਆਂ ਗ਼ਲਤ ਤੇ ਪਿਛਾਂਹ ਖਿੱਚੂ ਰੂੜ੍ਹੀਗਤ ਕਦਰਾਂ ਕੀਮਤਾਂ ਤੋਂ ਸੁਤੰਤਰਤਾ, ਕਰ ਸਿਆਸੀ ਆਰਥਿਕ ਤੇ ਸਮਾਜਿਕ ਸਮਾਨਤਾ ਦੀ ਖੁਲ੍ਹ ਲਈ ਤਿਆਰ ਕਰਦਾ ਹੈ। ਦੇਸ਼ ਦੀ ਸੁਤੰਤਰਤਾ ਦੇ ਘੋਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਲੜੇ ਜਾ ਰਹੇ ਲੋਕ ਘੋਲਾਂ ਵੱਲ ਮੋਹਨ ਸਿੰਘ ਦੀ ਕਵਿਤਾ ਦੀ ਪਹੁੰਚ ਸਹਾਨਭੂਤੀ ਵਾਲੀ ਤੇ ਇਨ੍ਹਾਂ ਘੋਲਾਂ ਦਾ ਸਮਰਥਨ ਕਰਦੀ ਕਵਿਤਾ ਰਹੀ ਹੈ। ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਵੀ ਕਵੀ ਇਸ ਮਿਲੀ ਅਖੌਤੀ ਆਜ਼ਾਦੀ ਤੋਂ ਖੁਸ਼ ਨਹੀਂ ਸੀ ਜਿਸਨੂੰ ਅੰਮ੍ਰਿਤਾ 'ਇਕਰਾਰਾਂ ਵਾਲੀ ਰਾਤ' ਦੀ ਤਸਬੀਹ ਦਿੰਦੀ ਸੀ ਮੋਹਨ ਸਿੰਘ ਇਸਨੂੰ 'ਉਜਾੜਾ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ 'ਬੇ-ਰੌਣਕੀ' ਮਹਿਸੂਸਦਾ ਹੈ ।

ਅੰਬਰੋਂ ਉਤਰੀ ਆਜ਼ਾਦੀ ਦੀ ਪਰੀ
ਬਿਰਲਿਆਂ ਤੇ ਟਾਟਿਆਂ ਨੇ ਬੋਚ ਲੀ ।

ਮੋਹਨ ਸਿੰਘ ਦੀ ਕਵਿਤਾ ਸਿਧਾਂਤਕ ਪੱਖੋਂ ਵੀ ਸਮਾਜਵਾਦੀ ਤੇ ਮਾਰਕਸਵਾਦੀ ਨਜ਼ਰੀਏ ਨੂੰ ਪੇਸ਼ ਕਰਦੀ ਕਵਿਤਾ ਹੈ ਜਿਸ ਸਾਹਮਣੇ ਉਹ ਆਪਣੇ ਇਸ਼ਕ ਨੂੰ ਵੀ ਤੁਛ ਸਮਝਦਾ ਹੈ । ਪਰ ਮੋਹਨ ਸਿੰਘ ਸਮਾਜਵਾਦ ਦਾ ਮੁਦਈ ਸਮੁੱਚੀ ਕ੍ਰਿਤੀ-ਸ਼੍ਰੇਣੀ ਦੇ ਹਿਤ ਕਰਕੇ ਨਹੀਂ ਸਗੋਂ ਆਪਣੀ ਖ਼ੁਦਗਰਜ਼ੀ ਨਾਲ ਇਸ ਮੰਤਵ ਨੂੰ ਜੋੜਦਾ ਹੈ । ਉਹ ਇਹ ਚੰਗੀ ਤਰ੍ਹਾਂ ਜਾਣਦਾ ਹੋਇਆ ਵੀ ਕਿ ਸਮਾਜਵਾਦ ਆਉਣ ਨਾਲ ਸਰਮਾਏਦਾਰੀ ਦਾ ਖ਼ਾਤਮਾ ਹੋਣਾ ਹੈ, ਜਾਤਾਂ ਪਾਤਾਂ ਦੇ ਪਾੜੇ ਮਿਟਣੇ ਹਨ, ਅਮੀਰੀ ਤੇ ਗਰੀਬੀ ਦੀ ਵਿਥ ਦੂਰ ਹੋਣੀ ਹੈ, ਏਕਤਾ, ਭਰਾਤਰੀ ਭਾਵ ਤੇ ਸੁਤੰਤਰਤਾ ਦੇ ਰੁਝਾਨ ਵਧਣੇ ਨੇ ਪਰ ਫਿਰ ਵੀ ਉਹ ਆਪਣੀ ਸਹਾਨੁਭੂਤੀ ਸਿਰਫ਼ ਸਮਾਜਵਾਦ ਨਾਲ ਇਸ ਕਰਕੇ ਹੀ ਜੋੜਦਾ ਹੈ :

ਮੈਂ ਸਗੋਂ ਚਾਹੁੰਦਾ ਹਾਂ ਸਾਂਝੀਵਾਲਤਾ
ਕਿਉਂਕਿ ਹੋ ਆਜ਼ਾਦ ਮਿਲ ਜਾਏਂਗੀ ਤੂੰ ।
ਨਹੀਂ ਤਾਂ ਕੀ ਵੱਖਰਾ ਤੇ ਕੀ ਸਾਂਝਾ ਜਨੂੰ
ਇਸ਼ਕ ਨੇ ਕਿੰਨਾ ਕਮੀਨਾ ਕਰ ਦਿੱਤਾ ।

ਸਮਾਜਿਕ ਤੇ ਰਾਜਸੀ ਵਾਪਰਦੀਆਂ ਘਟਨਾਵਾਂ ਦੇ ਪ੍ਰਭਾਵ ਤੋਂ ਕੋਈ ਵੀ ਜਨ-ਵਾਦੀ ਲੇਖਕ ਅਣਭਿੱਜ ਨਹੀਂ ਰਹਿ ਸਕਦਾ । ਸਾਮਿਅਕ ਸਿਆਸਤ ਵੀ ਉਸ ਤੇ ਆਪਣਾ ਰੰਗ ਛੱਡਦੀ ਹੈ । ਮੋਹਨ ਸਿੰਘ ਦੀ ਕਵਿਤਾ ਤੇ ਵੀ ਇਹ ਪ੍ਰਭਾਵ ਉਂਜ ਹੀ ਪੈਂਦਾ ਆਇਆ ਹੈ ਜਿਉਂ ਜਿਉਂ ਸਮੇਂ ਦੀ ਸਹੀ ਸਮਝ ਪੈਦਾ ਕਰਦੀ ਹੈ । ਗ਼ਰੀਬ ਤੇ ਅਨਪੜ੍ਹ ਜਾਂ ਘੱਟ ਪੜ੍ਹੇ ਆਦਮੀ ਕਵਿਤਾ ਪੜ੍ਹ/ਸੁਣ ਕੇ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਮੋਹਨ ਸਿੰਘ ਇਨ੍ਹਾਂ ਦੇ ਮੁਹਾਵਰੇ ਨੂੰ ਹੀ ਆਪਣੇ ਭਾਵਾਂ ਦਾ ਵਾਹਕ ਬਣਾਉਂਦਾ ਨੂੰ । ਕਿਰਤੀ ਸ਼੍ਰੇਣੀ ਦੀ ਚੇਤਨਾ ਵੀ ਪ੍ਰਖਰ ਬਨਾਉਣ ਵਾਲੀਆਂ ਤੇ ਜਨਤਾ 'ਚ ਜੋਸ਼ ਭਰਨ ਵਾਲੀਆਂ ਮੋਹਨ ਸਿੰਘ ਦੀਆਂ ਅਨੇਕਾਂ ਲੋਕ-ਤਰਜ਼ਾਂ ਤੇ ਸਿਰਜੀਆਂ ਕਵਿਤਾਵਾਂ ਹਨ ਜੋ ਸੰਕ੍ਰਾਂਤੀ ਕਾਲ ਵਿਚ 'ਹਥਿਆਰ' ਦਾ ਕੰਮ ਵੀ ਕਰਦੀਆਂ ਲਗਦੀਆ ਹਨ :

ਦਾਤੀਆਂ, ਕਲਸਾਂ ਅਤੇ ਹਥੜੇ
ਕੱਠੇ ਕਰ ਲਓ ਸੰਦ ਓ ਯਾਰ
ਤਕੜੀ ਇਕ ਤ੍ਰਸ਼ੂਲ ਬਣਾਓ
ਯੁਧ ਕਰੋ ਪ੍ਰਚੰਡ ਓ ਯਾਰ ।
ਉਠਣਾ ਜਨਤਾ ਦਾ ਹੜ੍ਹ ਹਾਥੀ ਜਿਵੇਂ ਚਿੰਘਾੜਦਾ ।
ਧੁਸ ਦੇ ਕੇ ਜਿਸ ਨੇ ਤੇਰਾ ਅਡੰਬਰ ਪਾੜ੍ਹਨਾ ।
ਝੂਠੇ ਤੇਰੇ ਮਾਣ ਨੂੰ ਪੈਰਾਂ ਹੇਠ ਲਿਤਾੜਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਗ ਧਰਤੀ 'ਚੋਂ ਉਠੇਗੀ ਅੰਬਰਾਂ ਨੂੰ ਛੋਹੇਗੀ।
ਸੋਨੇ ਦੀ ਇਹ ਲੰਕਾ ਤੇਰੀ ਭਸਮ ਆਖ਼ਰ ਹੋਏਗੀ।

'ਨਵਾਂ-ਸ਼ਸ਼ਤਰ' ਕਵਿਤਾ ਵਿਚ ਕਵੀ ਲੋਕਾਂ ਦਾ ਵਿਸ਼ਵਾਸ਼ ਪਕੇਰਾ ਕਰਦਾ ਹੈ :

ਕਦੋਂ ਤੱਕ ਹੱਡਾਂ ਦਾ ਬਾਲਣ ਬਲੇਗਾ ?
ਜਦੋਂ ਤਕ ਜਨਤਾ ਸੜੂੰ ਤੇ ਪੜੇਗੀ।
ਨੇਰੇ ਦੀ ਭੱਠੀ ਦੇ ਅੰਦਰ ਢਲ ਰਹੀ
ਜ਼ਿੰਦਗੀ ਸ਼ਸ਼ਤਰ ਨਵਾਂ ਕੋਈ ਘੜੇਗੀ।

ਮੋਹਨ ਸਿੰਘ ਭਾਵਕ ਪ੍ਰਵਿਰਤੀ ਦਾ ਮਾਲਕ ਹੁੰਦਾ ਹੋਇਆ ਵੀ ਪ੍ਰਗਤੀਵਾਦੀ ਚਿੰਤਨ ਨੂੰ ਆਪਣੀ ਕਵਿਤਾ ਵਿਚੋਂ ਅਲੋਪ ਨਹੀਂ ਸੀ ਹੋਣ ਦਿੰਦਾ। ਉਸ ਦੇ ਕਾਵਿ-ਵਿਕਾਸ ਦੇ ਨਾਲ ਨਾਲ ਉਸਦਾ ਚਿੰਤਨ ਵੀ ਵਿਕਸਤ ਹੁੰਦਾ ਰਿਹਾ ਜੋ ਨਿੱਜ ਤੋਂ ਪਰ ਤਕ ਸਫ਼ਰ ਤਹਿ ਕਰ ਚੁਕਿਆ ਹੈ। ਮੱਧ ਵਰਗੀ ਰੁਚੀਆਂ ਦਾ ਹੋਣ ਕਾਰਣ ਭਾਵੇਂ ਮੋਹਨ ਸਿੰਘ ਨੇ ਲੋਕ-ਘੋਲਾਂ ਤੇ ਸੰਗਰਾਮਾਂ ਵਿਚ ਅਮਲੀ ਤੌਰ ਤੇ ਕੋਈ ਰੁਚੀ ਨਹੀਂ ਵਿਖਾਈ ਪਰ ਇਕ ਕਵੀ ਤੌਰ ਤੇ ਮੋਹਨ ਸਿੰਘ ਦੀ ਹਮਦਰਦੀ ਇਨ੍ਹਾਂ ਘੋਲਾਂ ਸੰਗ ਤੁਰਦੀ ਰਹੀ ਹੈ।

ਅਜਾਂ ਵੀ ਆਪਣੇ ਹਿੱਸੇ ਦੇ ਲਾਏ ਕੁਝ ਕੁ ਟਾਂਕੇ
ਕੀ ਹੋਇਆ ਚਾਕ ਜੇ ਸਾਰਾ ਨਾ ਸਾਥੋਂ ਸੀ ਹੋਇਆ।

———

ਸ਼ਸ਼ਤਰਬਧ ਪ੍ਰਬੰਧ ਨਾਲ ਕਿੰਝ ਜੂਝਦੇ ?
ਸਾਡੇ ਕੋਲ ਤਾਂ ਇਕੋ ਸ਼ਸ਼ਤਰ ਛੰਦ ਸੀ।

———

ਪਾਓ ਦੇ ਵਿਚਾਰਾਂ ਵਿਚ ਸਦੀਵੀ ਵਿਚਾਰਾਂ ਲਈ ਹਾਂ ਤਾਂ ਹੈ
ਸਦੀਵੀ ਸੋਗ ਲਈ ਕੋਈ ਥਾਂ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1.

ਕਾਵਿ-ਚੇਤਨਾ : ਅਭਿਪ੍ਰਾਇ

ਮਨੁੱਖੀ ਚੇਤਨਾ ਅਤੇ ਬਾਹਰਮੁਖੀ ਯਥਾਰਥ ਦਾ ਆਪਸੀ ਰਿਸ਼ਤਾ ਦਵੰਦਾਤਮਕ ਹੈ। ਮਨੁੱਖੀ ਚੇਤਨਾ ਦਾ ਇਕ ਸਦੀਵੀ ਗੁਣ ਇਹ ਹੈ ਕਿ ਇਹ ਯਦਾਰਥ ਦੇ ਨਵੇਂ ਰੂਪਾਂ ਦੀ ਸਿਰਜਣਾ ਕਰਦੀ ਹੈ। ਯਥਾਰਥ ਦਾ ਇਹੋ ਰੂਪਾਂਤਰਣ ਹੀ ਅਸਲ ਵਿਚ 'ਸੁਹਜ' ਹੈ। ਮਨੁੱਖ ਉੱਤੇ ਜੋ ਕੁਝ ਵਾਪਰਦਾ ਹੈ ਉਸ ਦੀ ਸੂਝ, ਇਸ ਸੂਝ ਦੇ ਸੁਭਾਅ ਅਤੇ ਇਸ ਦੇ ਕਰਮ ਅਨੁਸਾਰ ਜੋ ਪ੍ਰਗਟਾਓ ਹੁੰਦਾ ਹੈ ਉਹ ਮਨੁੱਖੀ ਚੇਤਨਾ ਦੇ ਅਨੁਭਵ ਦਾ ਜਲੌ ਹੁੰਦਾ ਹੈ। ਮਨੁੱਖ ਦੇ ਸੁਭਾਅ-ਕਰਮ ਦੀ ਪ੍ਰੇਰਨਾ ਦੇ ਦੋ ਹੀ ਮੁੱਖ ਸਰੋਤ ਹਨ : ਬੁੱਧੀ ਤੇ ਮਨੋਭਾਵ। ਮਨੋਭਾਵ ਤੋਂ ਮਨ-ਬਚ-ਕਰਮ ਦੀ ਉਤਪਤੀ ਹੁੰਦੀ ਹੈ ਤੇ ਬੁੱਧੀ ਇਸ ਮਨ-ਬਚ-ਕਰਮ ਦਾ ਪੌਸ਼ਟਿਕ ਆਹਾਰ ਹੈ। ਜਦੋਂ ਬੁੱਧੀ ਤੇ ਮਨੋਭਾਵਾਂ ਦਾ ਸੰਗਮ ਹੋਵੇਗਾ ਤਾਂ ਉਥੇ ਸਹੀ ਅਨੁਭਵ ਦੀ ਆਸ ਬਝਦੀ ਹੈ ਪਰ ਜੇ ਇਹ ਕਰਮ ਵਿਪਰੀਤ ਹੋ ਜਾਵੇ ਤਾਂ ਇਸ ਦੇ ਸਿੱਟੇ ਉਲਟ ਨਿਕਲਣ ਦੀ ਸੰਭਾਵਨਾ ਹੁੰਦੀ ਹੈ। ਸੇਖੋਂ ਦੇ ਵਿਚਾਰ ਅਨੁਸਾਰ 'ਅਨੁਭਵ ਉਨ੍ਹਾਂ ਨਿਮਨ-ਚੇਤਨਭਾਵਾਂ, ਸੁਝਾਵਾਂ, ਅਰ ਵਿਚਾਰ-ਬਿੰਬਾਂ ਦਾ ਸੰਯੋਗ ਹੈ ਜੋ ਕਿਸੇ ਪ੍ਰਾਣੀ ਦੇ ਮਨ ਵਿਚ ਕਿਸੇ ਵਿਚਾਰਧਾਰਾ ਜਾਂ ਭਾਵ-ਰੂੜ੍ਹੀ ਦੇ ਅਧੀਨ ਜੋਸ਼ ਵਿਚ ਆਉਂਦੇ ਹਨ ਤੇ ਜੇ ਉਹ ਕਲਾਕਾਰ ਜਾਂ ਕਵੀ ਹੈ ਤਾਂ ਉਹ ਇਨ੍ਹਾਂ ਨੂੰ ਆਪਣੀ ਕਲਾ ਜਾਂ ਕਵਿਤਾ ਰਾਹੀਂ ਚੇਤਨ ਪੱਧਰ ਉਤੇ ਲਿਆ ਕੇ ਪ੍ਰਗਟ ਕਰਦਾ ਹੈ।'[1] ਇਹ ਪ੍ਰਗਟਾ ਨਿਰੋਲ ਸੁਹਜ-ਸਿਰਜਣਾ ਦੇ ਰੂਪ ਵਿਚ ਵਿਗਸਦਾ ਹੈ। ਸੁਹਜ-ਚੇਤਨਾ ਵੀ ਇਕ ਮਨੁੱਖੀ ਅਮਲ ਹੈ ਜੋ ਅਚੇਤ ਜਾਂ ਸੁਚੇਤ ਰੂਪ ਵਿਚ ਸੁਹਜ ਦੀ ਸਿਰਜਣਾ ਕਰਦੀ ਹੈ। ਇਸ ਸੁਹਜ ਸਿਰਜਣਾ ਦਾ ਗੁਣਾਤਮਕ ਅੰਤਰ ਤਾਂ ਭਾਵੇਂ ਨਹੀਂ ਪਰ ਅੰਤਰ ਕੇਵਲ ਗ੍ਰਹਿਣ-ਵਿਧੀ ਦਾ ਹੈ। ਉਪਰੋਕਤ ਅਚੇਤਨ ਅਵਸਥਾ ਵਿਚ ਵੀ ਚੇਤਨਤਾ ਦਾ ਅੰਸ਼ ਕਾਫ਼ੀ ਮਾਤਰਾ ਵਿਚ ਵਿਦਮਾਨ ਹੁੰਦਾ ਹੈ ਕਿਉਂਕਿ ਇਹ ਸਥਿਤੀ ਹੀ ਸਮਾਜਕ ਡਾਇਲੈਕਟਿਕਸ ਦੀ ਸਥਿਤੀ ਹੈ। ਇਥੇ ਕੋਈ ਅਨੁਭਵ ਕਿਸੇ ਕਵੀ ਦਾ ਨਿਰਾ ਆਪਣਾ ਨਿੱਜੀ ਅਨੁਭਵ ਨਹੀਂ ਹੋ ਸਕਦਾ ਇਹ ਵਧੇਰੇ ਕਲਪਿਤ ਹੀ ਹੁੰਦਾ ਹੈ --

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਇਹ ਕਲਪਨਾ ਨਿੱਜ ਤੋਂ ਪਸਰਕੇ ਹੋਰ ਮਨੁੱਖਾਂ, ਕਿਸੇ ਸਮੁਦਾਇ ਜਾਂ ਜਾਤੀ ਉਤੇ ਵੀ ਚੇਤਨ ਅਵਸਥਾ ਵਿਚ ਜਾ ਭਾਰੂ ਹੋ ਸਕਦੀ ਹੈ।

ਪੱਛਮੀ ਗਿਆਨ ਨਾਲ ਮੱਸ ਰੱਖਣ ਵਾਲੇ ਆਲੋਚਕਾਂ ਨੇ ਕਾਵਿ-ਚੇਤਨਾ ਸ਼ਬਦ ਦਾ ਉੱਲਥਾ ਅੰਗਰੇਜ਼ੀ ਸ਼ਬਦ 'Poetic consciousness' ਦੇ ਰੂਪ ਵਜੋਂ ਕੀਤਾ ਹੈ। ਇਹ ਲਾਤੀਨੀ ਸਬਦ (conscious) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਜਾਨਣਾ' (knowing) ਜਾਂ ਸਚੇਤਾ ਹੋਣਾ (Aware of)[2] ਪੱਛਮੀ ਗਿਆਨ ਦੀ ਪਛਾਣ ਰੱਖਣ ਵਾਲੇ ਇਹ ਜਾਣਦੇ ਹਨ ਕਿ ਜਾਨਣ ਜਾਂ ਸੁਚੇਤ ਹੋਣ ਦਾ ਅਰਥ ਉਥੇ ਤਾਰਕਿਕ ਜਾਂ ਰੈਸ਼ਨਲ ਕਿਸਮ ਦੇ ਗਿਆਨ ਪ੍ਰਾਪਤ ਕਰਨ ਤੋਂ ਹੈ ਜਿਸ ਵਿਚ ਯਾਦ-ਸ਼ਕਤੀ ਅਤੇ ਮੱਠ ਹੀ ਵੱਡਾ ਭਾਗ ਅਦਾ ਕਰਦੇ ਹਨ, ਇੰਦ੍ਰੀਆਂ ਬਿਲਕੁਲ ਅਲਗ ਰਹਿੰਦੀਆਂ ਹਨ, ਸਗੋਂ ਉਨ੍ਹਾਂ ਨੂੰ ਨੀਵਾਂ ਦਰਸਾ ਦਿੱਤਾ ਜਾਂਦਾ ਹੈ। ਅਜਿਹੇ ਇਕਾਂਗੀ ਗਿਆਨ ਸੰਕਲਪ ਦੀ ਨੀਂਹ ਪਲੈਟੋ ਨੇ ਹੀ ਰੱਖੀ ਮੱਧ ਕਾਲੀਨ ਈਸਾਈਅਤ, ਡੇਕਾਰਟ ਅਤੇ ਉਸ ਦੇ ਪੈਰੋਕਾਰਾਂ ਨੇ ਇਸ ਨੂੰ ਹੋਰ ਥਿਰ ਬਣਾਇਆ ਹੈ। 'conscousness' ਦਾ ਅਰਥ ਰੈਸ਼ਨਲ ਜਾਂ ਸੰਕਲਪ ਵਿਕਸਿਤ ਗਿਆਨ ਤੋਂ ਹੈ। ਇਸ ਲਈ ਚੇਤਨਤਾ ਤੋਂ ਭਾਵ ਅਜਿਹਾ ਗਿਆਨ ਅਤੇ ਉਸ ਦੀ ਫੈਕਲਟੀ ਹੈ[3]। ਮੋਹਨ ਸਿੰਘ ਦਾ ਕਾਵਿ-ਕੁਸ਼ਲ ਤੇ ਉਸ ਦੀ ਕਾਵਿ-ਅਨੁਭੂਤੀ ਨੂੰ ਪ੍ਰਗਟ ਕਰਨ ਲਈ ਚੇਤਨਾ ਸ਼ਬਦ ਦਾ ਪ੍ਰਯੋਗ ਅੰਗਰੇਜ਼ੀ 'consciousness' ਦਾ ਅਨੁਵਾਦ ਨਹੀਂ ਹੋ ਸਕਦਾ। ਇਸ ਤਰ੍ਹਾਂ ਮੋਹਨ ਸਿੰਘ ਦੀ ਕਾਵਿ-ਚੇਤਨਾ ਉਸ ਦੇ ਆਪੇ ਦੀ ਪਹਿਚਾਣ ਹੈ ਅਤੇ ਇਹ ਉਹ ਆਪਾ ਹੈ ਜੋ ਪਲ ਪਲ ਬਦਲ ਰਿਹਾ ਹੈ। ਕਿਉਂਕਿ ਕੋਈ ਵੀ ਆਦਮੀ ਹਮੇਸ਼ਾਂ ਇਕੋ ਜਿਹੀ ਸਥਿਤੀ ਨਹੀਂ ਜਿਉਂਦਾ। ਉਸ ਦਾ ਸਰੀਰ ਵੀ ਅਕਸਰ ਬਦਲਦਾ ਹੈ ਤੇ ਬਚਪਨ ਤੋਂ ਬੁਢੇਪੇ ਤੱਕ ਦੀ ਸਥਿਤੀ ਸਮਾਨਿਯ ਨਹੀਂ ਹੁੰਦੀ ਪਰੰਤੂ ਮਾਨਸਕ ਤੌਰ ਤੇ ਤਾਂ ਮਨੁੱਖ ਕਈ ਵਾਰ ਰਉਂ (mood) ਬਦਲਦਾ ਹੈ—ਕਦੀ ਖੁਸ਼ੀ ਕਦੀ ਗਮੀ। ਤੇ ਜਦੋਂ ਅਜਿਹੀ ਸਥਿਤੀ ਵਿਚ ਕਵੀ ਨੂੰ ਕਾਵਿ-ਸਿਰਜਣ ਪ੍ਰਕ੍ਰਿਆ ਵਿਚੀਂ ਗੁਜ਼ਰਨਾ ਪੈਂਦਾ ਹੈ ਤਾਂ ਉਸ ਸਥਿਤੀ ਦਾ ਪ੍ਰਭਾਵ ਕਵਿਤਾ ਤੇ ਵੀ ਜ਼ਰੂਰ ਅਧਰ ਅੰਦਾਜ਼ ਹੁੰਦਾ ਹੈ। 'ਮੋਹਨ ਸਿੰਘ ਸਥਿਤੀ ਦਾ ਸ਼ਾਇਰ ਹੈ ਅਤੇ ਹਰ ਬਦਲਦੀ ਸਥਿਤੀ ਕਵੀ ਦੀ ਰਉਂ ਵਿਚ ਤਬਦੀਲੀ ਲਿਆਉਂਦੀ ਹੈ ਅਲਬੱਤਾ ਮੋਹਨ ਸਿੰਘ ਦੀ ਕਾਵਿ-ਚੇਤਨਾ ਸਥਿਤੀ ਅਨੁਸਾਰ ਪਾਸਾ ਪਲਟਦੀ ਹੈ ਅਤੇ ਇਸ ਤਰ੍ਹਾਂ ਸਥਿਤੀ ਵਿਚਲਾ ਪ੍ਰਾਪਤ ਪ੍ਰਤਿ-ਕਰਮ ਹੀ ਮੋਹਨ ਸਿੰਘ ਦੀ ਕਵਿਤਾ ਵਿਚ ਆਉਂਦਾ ਹੈ।[4] 'ਸਾਵੇ-ਪੱਤਰ' ਵਿੱਚ ਵਿਅਕਤ ਕੀਤੇ ਵਿਚਾਰ ਜਾਂ ਸੰਪ੍ਰੇਸ਼ਿਤ ਹੁੰਦੇ ਉਦਗਾਰਾਂ ਦੇ ਵਿਭਿੰਨ ਪਹਿਲੂ ਹੀ ਕਵੀ ਦੀ ਕਾਵਿ-ਚੇਤਨਾ ਦਾ ਸਬੂਤ ਹਨ। ਉਪਰੋਕਤ ਸਿਰਜੇ ਸੰਦਰਭ ਅੰਦਰ ਹੀ ਅਸੀਂ 'ਸਾਵੇ-ਪੱਤਰ' ਦੀ ਕਵਿਤਾ ਵਿਚਲੀ ਸੁਹਜਾਤਮਕ ਚੇਤਨਾ ਦਾ ਆਧਾਰ ਪਰਖਣਾ ਹੈ।

8592

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਨ ਦ੍ਰਿਸ਼ਟੀਕੋਣ ਅਤੇ ਮਨੁੱਖੀ ਰਿਸ਼ਤਿਆਂ ਦਾ ਸੁਹਜ

ਕਾਵਿ-ਸਿਰਜਣਾ ਸਮਾਜਕ ਕ੍ਰਿਆ ਦਾ ਉਹ ਅੰਗ ਹੈ ਜਿਹੜਾ ਅਚੇਤ ਪੱਧਰ ਤੇ ਆਪਣੀ ਸਿਰਜਣਾ ਦੀ ਭੂਮੀ ਨੂੰ ਹੀ ਕਿਸੇ ਨਵੇਂ ਕਲਾਤਮਕ ਰੂਪ ਵਿਚ ਬੰਨ੍ਹਦਿਆਂ ਮੁੜ ਆਪਣੀ ਹੀ ਸਿਰਜਣਾ ਭੂਮੀ ਉੱਤੇ ਮੋੜਵਾਂ ਅਸਰ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਨਤੀਜੇ ਵਜੋਂ ਕਾਵਿ-ਕੇਵਲ ਵਿਅਕਤੀਗਤ ਸਿਰਜਣਾ ਨਾ ਹੋ ਕੇ ਸਮਾਜਕ ਵਰਤਾਰੇ ਦਾ ਵੀ ਅਜਿਹਾ ਅੰਗ ਬਣ ਜਾਦਾ ਹੈ ਜਿਹੜਾ ਵਿਅਕਤੀ ਅਤੇ ਸਮੂਹ, ਕਾਲ ਅਤੇ ਅਕਾਲ, ਕਵੀ ਅਤੇ ਸਮਾਜ, ਵਿਸ਼ਸ਼ ਅਤੇ ਨਿਰ ਵਿਸ਼ੇਸ਼ ਦੀ ਦੁਅੰਦਾਤਮਕ ਏਕਤਾ ਵਿਚ ਬੱਝਿਆ ਇਕ ਨਿਰੰਤਰ ਪ੍ਰਵਾਹਮਾਨ ਸਿਲਸਿਲਾ ਹੋ ਨਿਬੜਦਾ ਹੈ। ਮਨੁੱਖੀ ਸਿਰਜਣਾ ਹੋਣ ਦੇ ਨਾਤੇ ਇਹ ਆਪਣੇ ਬਾਹਰੀ ਖੋਲ ਜਾਂ ਰੂਪ ਅਤੇ ਪ੍ਰਭਾਵ ਦੇ ਪੱਖੋਂ ਹੀ ਸੁਹਜ ਦਾ ਧਾਰਨੀ ਨਹੀਂ ਹੁੰਦਾ ਸਗੋਂ ਇਸ ਦੀ ਅਦਿੱਖ ਵਸਤੂ ਵੀ ਆਪਣੇ ਆਪ ਵਿਚ ਸੁਹਜ ਦੀ ਇਕ ਚੇਤਨਾ ਤੇ ਸੁਹਜ ਦੇ ਇਕ ਰੂਪ ਨੂੰ ਪ੍ਰਗਟ ਕਰ ਰਹੀ ਹੁੰਦੀ ਹੈ।

ਜਿਹਾ ਕਿ ਮੁਢਲੇ ਅਧਿਆਇ ਵਿਚ ਕਿਹਾ ਗਿਆ ਹੈ ਕਿ ਸੁਹਜ ਮਨੁੱਖ ਦੀ ਸਿਰਜਣਾਤਮਕ ਸ਼ਕਤੀ ਦਾ ਹੀ ਇਕ ਕੁਦਰਤੀ ਸਿੱਟਾ ਹੈ। ਇਹ ਸਿਰਜਣਾਤਮਕ ਸ਼ਕਤੀ ਕੇਵਲ ਵਸਤੂਆਂ ਜਾਂ ਸ਼ਬਦਾਂ ਦੇ ਨਵੀਨ ਰੂਪਾਂ ਦੀ ਘਾੜਤ 'ਚੋਂ ਹੀ ਨਹੀਂ ਉਪਜਦਾ ਸਗੋਂ ਮਨੁੱਖੀ ਚੇਤਨਾ ਦੁਆਰਾ ਸਮੁੱਚੇ ਜੀਵਨ ਨੂੰ ਇਕ ਵਿਸ਼ੇਸ਼ ਵਿਵਸਥਾ ਰੂਪ/ਕ੍ਰਮ ਵਿਚ ਬੱਝ ਕੇ ਵੇਖਣ ਦਾ ਵੀ ਆਪਣਾ ਹੀ ਸੁਹਜ ਹੁੰਦਾ ਹੈ। ਜੀਵਨ ਦ੍ਰਿਸ਼ਟੀਕੋਣ ਮਨੁੱਖੀ ਚੇਤਨਾ ਦਾ ਸਮਾਜਕ ਇਤਿਹਾਸਕ ਤੇ ਪ੍ਰਾਕ੍ਰਿਤਿਕ ਵਰਤਾਰੇ ਦੇ ਵੱਖ ਵੱਖ ਅੰਗਾਂ, ਰੂਪਾਂ ਅਤੇ ਦਿਸ਼ਾਵਾਂ ਦੀ ਇਕ ਅਜਿਹੀ ਸਾਂਝੀ ਤੇ ਸਮੁੱਚੀ ਪਕੜ ਦਾ ਸਿੱਟਾ ਹੈ ਜਿਹੜਾ ਉਪਰੋਕਤ ਵਰਤਾਰਿਆਂ ਬਾਰੇ ਉਸ ਇਕੱਲੇ ਮਨੁੱਖ ਜਾਂ ਸਬੰਧਿਤ ਦੌਰ ਦੇ ਸਮੁੱਚੇ ਮਨੁੱਖੀ ਸਮੂਹ ਦੀ ਚੇਤਨਾ ਨੂੰ ਪ੍ਰਗਟ ਕਰ ਰਿਹਾ ਹੁੰਦਾ ਹੈ। ਉਪਰੋਕਤ ਵਰਤਾਰਿਆਂ ਅਤੇ ਜੀਵਨ ਦੇ ਵਿਭਿੰਨ ਅੰਗਾਂ ਨੂੰ ਇਕ ਵਿਵਸਥਾ ਪ੍ਰਦਾਨ ਕਰਨੀ ਅਰਥਾਤ ਜੀਵਨ ਦ੍ਰਿਸ਼ਟੀਕੋਣ ਵਿਚ ਗੁੰਫ਼ਿਤ ਕਰਨਾ ਵੀ ਤਾਂ ਇਕ ਸਿਰਜਣਾਤਮਕ ਅਮਲ ਹੈ ਜਿਹੜਾ ਅਗੋਂ ਸਿਰਜਣਾਤਮਕ ਅਮਲ ਦੇ ਕੁਦਰਤੀ ਸਿੱਟੇ ਵਜੋਂ ਸੁਹਜ ਦਾ ਧਾਰਨੀ ਹੁੰਦਾ ਹੈ।

ਸੁਹਜ ਨਵੇਂ ਰੂਪ ਦੀ ਉਪਜ ਦਾ ਨਾਂ ਹੈ—ਮੋਹਨ ਸਿੰਘ ਦੀ ਸਮਕਾਲੀ ਸੁਹਜ ਬੁਧੀ ਆਪਣੇ ਸਭਿਆਚਾਰਕ ਵਿਰਸੇ ਨਾਲ ਨਿਪਟਦੀ ਹੋਈ ਜਿਨ੍ਹਾਂ ਮਨੁੱਖੀ ਰਿਸ਼ਤਿਆਂ ਦਾ ਪ੍ਰਗਟਾਵਾਂ ਕਰਦੀ ਹੈ, ਉਹ ਮਨੁੱਖੀ ਰਿਸ਼ਤੇ ਸਮਾਜਕ ਵਰਤਾਰੇ ਦੀ ਹੀ ਪੈਦਾਇਸ਼ ਹਨ। ਮਨੁੱਖ ਰਾਹੀਂ ਘੜਿਆ ਗਿਆ ਰਿਸ਼ਤਿਆਂ ਦਾ ਇਹ ਰੂਪ-ਮਨੁੱਖੀ ਸਿਰਜਣਾ ਤੇ ਮਨੁੱਖ ਦੀ ਹੀ ਕੀਤੀ ਨਵੀਂ ਵਿਆਖਿਆ ਹੈ। ਕੁਦਰਤ ਵਲੋਂ ਤਾਂ ਅਗਾਉਂ ਰਿਸ਼ਤਿਆਂ ਦੀ ਕੋਈ ਵੀ ਘਾੜਤ ਨਹੀਂ ਹੁੰਦੀ। ਇਹ ਰਿਸ਼ਤੇ ਮਨੁੱਖੀ ਬਣਤਰ, ਸਮਾਜਕ ਤੌਰ ਤੇ ਜਮਾਤੀ ਜਦੋ-ਜਹਿਦ 'ਚੋਂ ਉਪਜੇ ਮਨੁੱਖ ਦੁਆਰਾ ਸਵੈ ਸਿਰਜੇ ਹੁੰਦੇ ਹਨ। ਮਨੁੱਖ ਜੋ ਵੀ ਸੋਚਦਾ ਹੈ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਕੁਝ ਵੀ ਅਨੁਭਵ ਕਰਦਾ ਹੈ ਉਹ ਸਮਾਜਕ ਸੰਭਾਵਨਾ ਦੀ ਕੁੱਖ 'ਚੋਂ ਹੀ ਪੈਦਾ ਹੁੰਦਾ ਹੈ। ਇਨ੍ਹਾਂ ਪੈਦਾਵਾਰੀ ਰੂਪਾਂ ਨੂੰ ਜਮਾਤਾਂ ਦੇ ਆਪਸੀ ਰਿਸ਼ਤੇ ਹੀ ਤਹਿ ਕਰਦੇ ਹਨ। ਮਨੁੱਖੀ ਰਿਸ਼ਤਿਆਂ ਦਾ ਸਾਰ ਨਾ ਪੂਰਬ ਨਿਸ਼ਚਿਤ ਹੁੰਦਾ ਹੈ ਅਤੇ ਨਾ ਹੀ ਕੇਵਲ ਵਿਅਕਤੀ ਆਧਾਰਿਤ ਹੁੰਦਾ ਹੈ। ਉਨ੍ਹਾਂ ਦੀ ਹੋਂਦ ਅਤੇ ਰਿਸ਼ਤਿਆਂ ਦੀ ਰੂਪ-ਰੇਖਾ ਸਮਾਜਕ ਉਸਾਰੀ ਲਈ ਉਸ ਦੌਰ ਦੇ ਸਾਰ ਨੂੰ ਰੂਪਮਾਨ ਕਰ ਰਹੀ ਹੁੰਦੀ ਹੈ ਜਿਹੜਾ ਦੌਰ ਉਨ੍ਹਾਂ ਰਿਸ਼ਤਿਆਂ ਦੇ ਸਿਰਜਣਾ ਕਾਲ ਨਾਲ ਸੰਬੰਧਿਤ ਹੁੰਦਾ ਹੈ। ਕਾਵਿ, ਯਥਾਰਥ ਗ੍ਰਹਿਣ ਕਰਨ ਦੀ ਇਕ ਵਿਧੀ ਵਜੋਂ ਸਮਕਾਲੀਨ ਅਤੇ ਤਤਕਾਲੀਨ ਯਥਾਰਥ ਵਿਚ ਵਿਚਰਦੇ ਮਨੁੱਖ, ਉਸਦੇ ਅਮਲ, ਉਸ ਦੀ ਸੋਚ, ਅਤੇ ਉਨ੍ਹਾਂ ਨਾਲ ਸੰਬੰਧਿਤ ਕੀਮਤਾਂ ਨੂੰ ਵੀ ਕਾਲ ਅਤੀਤ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕਰਦਾ ਹੈ। ਇਉਂ ਕਾਵਿ ਵਿਚ ਪ੍ਰਗਟ ਘਟਨਾਵਾਂ, ਪਾਤਰ ਜਾ ਦ੍ਰਿਸ਼ ਅੰਤਿਮ ਰੂਪ ਵਿਚ ਕਿਸੇ ਨਾ ਕਿਸੇ ਕੀਮਤਾਂ ਦੇ ਚੌਖਟੇ ਨਾਲ ਜੁੜੇ ਹੁੰਦੇ ਹਨ ਤੇ ਕੇਵਲ ਉਹ ਕਵੀ ਦੇ ਸਮਕਾਲੀਨ ਮੁਹਾਵਰੇ ਦਾ ਹੀ ਆਧਾਰ ਬਣਦੇ ਹਨ। ਇਸ ਮੁਹਾਵਰੇ ਰਾਹੀਂ ਹੀ ਉਹ ਕਿਸੇ ਨਾਲ ਅਤੀਤ ਮਨੁੱਖੀ ਕੀਮਤ ਅਤੇ ਇਨਸਾਨੀ ਰਿਸ਼ਤੇ ਨੂੰ ਪੇਸ਼ ਕਰਨ ਲਈ ਪ੍ਰਯਤਨਸ਼ੀਲ ਹੁੰਦਾ ਹੈ। ਇਸੇ ਲਈ ਕਿਸੇ ਕਵੀ ਦੀ ਸੁਹਜਾਤਮਕ ਚੇਤਨਾ ਦਾ ਸਭ ਤੋਂ ਮਹੱਤਵ ਪੂਰਨ ਪੱਖ ਸਮਾਜਕ, ਇਤਿਹਾਸਕ ਪ੍ਰਾਕ੍ਰਿਤਿਕ ਵਰਤਾਰਿਆਂ ਅਤੇ ਜੀਵਨ ਦੇ ਵਿਭਿੰਨ ਅੰਗਾਂ/ਰੂਪਾਂ ਨੂੰ ਨਵੀਂ ਰੂਪ ਘਾੜਤ ਅਰਥਾਤ ਜੀਵਨ-ਦ੍ਰਿਸ਼ਟੀਕੋਣ ਵਿਚੋਂ ਪ੍ਰਗਟ ਹੁੰਦਾ ਹੈ। ਇਸੇ ਪੱਖ ਤੋਂ ਮੋਹਨ ਸਿੰਘ ਦੇ ਜੀਵਨ ਦ੍ਰਿਸ਼ਟੀਕੋਣ ਦੇ ਸੁਹਜ ਪੱਖ ਦਾ ਵਿਸ਼ਲੇਸ਼ਣ, ਮੁਲਾਂਕਣ ਅਤੇ ਮਨੁੱਖਾਂ ਦੇ ਆਪਸੀ ਰਿਸ਼ਤਿਆਂ ਨੂੰ ਜਾਚਣਾ ਇਸ ਅਧਿਆਇ ਦਾ ਮੂਲ ਮੰਤਵ ਹੈ।

'ਸਾਵੇ-ਪੱਤਰ' ਵਿਚ ਮੋਹਨ ਸਿੰਘ ਨੇ ਜਿਨ੍ਹਾਂ ਮਨੁੱਖੀ ਕੀਮਤਾਂ ਤੇ ਰਿਸ਼ਤਿਆਂ ਦੀ ਗੱਲ ਕੀਤੀ ਹੈ ਉਹ ਰਿਸ਼ਤੇ ਮਰਦ ਦਾ ਇਸਤਰੀ ਪ੍ਰਤੀ ਵਰਤਾਰਾ, ਮਰਦ ਦਾ ਮਰਦ ਪ੍ਰਤੀ ਵਿਵਹਾਰ ਤੇ ਪ੍ਰੇਮੀ ਦਾ ਪ੍ਰੇਮਿਕਾ ਪ੍ਰਤੀ ਵਰਤਾਓ ਹੀ ਤਾਂ ਹੈ—ਇਹ ਵਰਤਾਓ ਸਾਮੰਤੀ ਯੁਗ ਕਾਲੀਨ ਵਰਤਾਓ ਹੈ। ਮੋਹਨ ਸਿੰਘ ਸਾਡੀ ਆਧੁਨਿਕ ਚੇਤਨਾ ਦੇ ਮੁਢਲੇ ਪੜਾਓ ਉਤੇ ਭੂਪਵਾਦੀ ਭਾਵਨਾਵਾਂ ਨਾਲ ਮਿਲੇ ਹੋਏ ਮਾਨਵਵਾਦੀ ਤੇ ਰਾਸ਼ਟਰਵਾਦੀ ਪ੍ਰਭਾਵਾਂ ਦੇ ਅਧੀਨ ਆਪਣੀ ਕਾਵਿ-ਕਲਾ ਦਾ ਆਰੰਭ ਕਰਦਾ ਹੈ।[6]

ਔਰਤ ਤੇ ਮਰਦ ਦੇ ਆਪਸੀ ਰਿਸ਼ਤਿਆਂ ਦੀ ਪੇਸ਼ਕਾਰੀ ਸਮੇਂ ਮੋਹਨ ਸਿੰਘ ਨੇ ਪਿਆਰ ਪ੍ਰਤੀ ਸਮਾਜਕ ਸੁਤੰਤਰਤਾ ਦੀ ਗੱਲ ਛੇੜੀ ਹੈ। ਜਦੋਂ ਇਸ ਪਿਆਰ ਦੀ ਪੂਰਤੀ ਵਾਸਤਵ ਸਮਾਜ ਵਿਚ ਹੁੰਦੀ ਨਜ਼ਰ ਨਹੀਂ ਆਉਂਦੀ ਤਾਂ ਕਵੀ ਮਨੁੱਖੀ ਰਿਸ਼ਤਿਆਂ 'ਚ ਉਪਜੀ ਟੱਕਰ ਨੂੰ ਕਾਮ ਤੇ ਪ੍ਰੇਮ ਦੀ ਟੱਕਰ ਵਿਖਾਉਂਦਾ ਹੈ। ਜਮਾਤਾਂ ਵਿਚ ਵੰਡੇ ਹੋਏ ਸਮਾਜ ਵਿਚ ਪਿਆਰ ਦੀ ਪੂਰਤੀ ਸਹਿਵਨ ਸੰਭਵ ਨਹੀਂ ਇਸ ਦਾ ਕਾਰਨ ਪ੍ਰਚਲਿਤ ਸੰਸਥਾਵਾਂ ਨੂੰ ਇਕ ਚੁਣੌਤੀ ਹੁੰਦਾ ਹੈ। ਜਦੋਂ ਵੀ ਔਰਤ ਪਿਆਰ ਦੀ ਗੱਲ ਛੋਂਹਦੀ ਹੈ ਤਾਂ ਸਾਰਾ ਸਮਾਜ ਤੇ ਭਾਈਚਾਰਾ ਉਸ ਤੇ ਊਜਾਂ ਥੋਪਣ ਲੱਗ ਪੈਂਦਾ ਹੈ। ਇਥੇ ਪ੍ਰੇਮੀ/ਪ੍ਰੇਮਿਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਸਿਰਫ਼ ਦੋ ਹੀ ਰਾਹ ਰਹਿ ਜਾਂਦੇ ਹਨ। ਜਾਂ ਤਾਂ ਉਹ ਸਮਾਜੀ ਕੀਮਤਾਂ ਨੂੰ ਬਦਲਣ ਲਈ ਸਮਾਜ ਨਾਲ ਟੱਕਰ ਲੈਣ ਜਾਂ ਕਿਸੇ ਆਦਰਸ਼ ਸੰਸਾਰ ਵਿਚ ਇਸ ਪਿਆਰ ਦੀ ਪੂਰਤੀ ਤੇ ਮਿਲਣ ਦੀ ਆਸ਼ਾ ਨਾਲ ਦਿਲ ਨੂੰ ਧਰਵਾਸ ਦੇ ਲੈਣ। ਪਰਿਸਥਿਤੀਆਂ ਨਾਲ ਸਮਝੌਤਾ ਕਰਕੇ ਆਦਰਸ਼ਵਾਦ ਦਾ ਸਹਾਰਾ ਲੈਣਾ ਮਧ-ਵਰਗੀ ਜੀਵਨ ਦਾ ਖਾਸਾ ਹੈ। ਇਸੇ ਆਸ਼ੇ ਨੂੰ ਸੰਪ੍ਰੇਸ਼ਿਤ ਕਰਦੀਆਂ ਮੋਹਨ ਸਿੰਘ ਦੀਆਂ ਪਹਿਲੇ ਪੜਾ ਦੀਆਂ ਕਵਿਤਾਵਾਂ ਹਨ। ਇਸ਼ਕ ਬਾਰੇ ਮੋਹਨ ਸਿੰਘ ਦਾ ਦ੍ਰਿਸ਼ਟੀਕੋਣ ਦੋ ਕਵਿਤਾਵਾ 'ਅਨਾਰਕਲੀ' ਤੇ 'ਪਿਆਰ ਪੰਧ' ਵਿਚ ਵਿਅਕਤ ਹੈ। 'ਅਨਾਰਕਲੀ' ਕਵਿਤਾ ਦੇ ਸ਼ੁਰੂ ਵਿਚ ਮੋਹਨ ਸਿੰਘ ਅਨੁਸਾਰ ਇਸਤਰੀ ਦੀ ਕੀਮਤ ਇਉਂ ਹੈ :

ਵੇਖਣ ਵਿਚ ਮੁਲਾਇਮ ਪਿੰਡਾ ਨਾਰ ਦਾ।
ਜੀਕਣ ਹੋਵੇ ਕੂਲਾ ਫੁਲ ਅਨਾਰ ਦਾ।
ਲਾ ਬਹਿੰਦੀ ਜਿਸ ਵੇਲੇ ਕਿਧਰੇ ਅੱਖੀਆਂ
ਪੱਥਰ ਵਾਂਗੂੰ ਮੋੜੇ ਮੂੰਹ ਤਲਵਾਰ ਦਾ। (ਪੰਨਾ 54)

ਇਸਤਰੀ ਲਈ ਇਹ ਦ੍ਰਿੜ੍ਹਤਾ ਵਿਸ਼ੇਸ਼ ਕਰਕੇ ਮੋਹਨ ਸਿੰਘ ਰੂਪਵਾਦੀ ਯੁਗ ਦੀ ਉਸ ਭਾਵਨਾ ਨੂੰ ਹੀ ਦੁਹਰਾ ਰਿਹਾ ਹੈ ਜਿਹੜੀ ਇਸਤਰੀ ਪਾਸੋਂ ਸ੍ਵੈ-ਵਿਰੋਧੀ ਭਾਵਾਂ ਦੀ ਮੰਗ ਕਰਦੀ ਹੈ। ਪਹਿਲਾਂ ਮੋਹਨ ਸਿੰਘ ਭੂਪਵਾਦੀ ਕਰੁਣਾ ਨਾਲ ਸਲੀਮ ਵਿਰੁਧ ਅਨਾਰਕਲੀ ਨਾਲ ਹਮਦਰਦੀ ਪ੍ਰਗਟ ਕਰਦਾ :[6]

ਮੋਹ ਖੋਟੇ ਸਲੀਮ ਦੇ ਨਾਲ ਪਾ ਕੇ,
ਕਾਂਜੀ ਘੋਲਤੀ ਤੂੰ ਕਾਹਨੂੰ ਪ੍ਰੀਤ ਅੰਦਰ।
ਏਸ ਮਰਦ ਸ਼ੈਤਾਨ ਦਾ ਕੰਮ ਕੀ ਸੀ,
ਤੇਰੇ ਦਿਲ ਦੀ ਪਾਕ ਮਸੀਤ ਅੰਦਰ। (ਪੰਨਾ 54)

ਮਰਦ ਵਾਸ਼ਨਾਵਾਦੀ ਜਿਨਸੀ ਹਿਰਸ ਦੀ ਲੋਚਾ ਕਰਦਾ ਹੈ। ਮਰਦ ਦੀ ਇਹ ਰੁਚੀ ਇਸਤਰੀ ਦੀ ਗਿਰਾਵਟ ਤੇ ਹੀਣਤਾ ਦਾ ਕਾਰਨ ਬਣਦੀ ਹੈ। ਇਥੇ ਇਸਤਰੀ ਮਰਦ ਦੀ ਅਰਧੰਗਨੀ ਨਹੀਂ ਤੇ ਨਾ ਹੀ ਉਸ ਦੇ ਬਰਾਬਰ ਦੀ ਸ਼ਖ਼ਸੀਅਤ ਹੈ ਜੋ ਮਰਦ ਦੀ ਅਪੂਰਨਤਾ ਨੂੰ ਸੰਪੂਰਨ ਕਰਦੀ ਹੈ ਸਗੋਂ ਇਥੇ ਮੋਹਨ ਸਿੰਘ ਇਸਤਰੀ ਦੇ ਜਿਸਮ ਨੂੰ ਮਰਦ ਦੀ ਮਰਜ਼ੀ ਅਨੁਸਾਰ ਭੋਗੇ ਜਾਣ ਅਤੇ ਬੁੱਲੇ ਲੁਟਣ ਤੋਂ ਸਿਵਾਏ ਕੁਝ ਨਹੀਂ ਸਮਝਦਾ। ਮਰਦ ਦਾ ਇਸਤਰੀ ਪ੍ਰਤੀ ਪਿਆਰ ਇਨਸਾਨੀ ਅਜ਼ਾਦੀ ਦਾ ਵਸੀਲਾ ਤੇ ਚਿੰਨ੍ਹ ਨਹੀਂ ਬਲਕਿ ਉਸ ਦੀ ਗਿਰਾਵਟ ਦੀ ਮੋਹਰ ਹੈ :

ਦੇਂਦੇ ਆਏ ਚਿਰੋਕਣੇ ਮਰਦ ਧੋਖਾ
ਮਕਰ ਇਨਾਂ ਦੇ ਕੋਈ ਅੱਜ ਦੇ ਨਹੀਂ।
ਵਾਂਗ ਭੌਰਿਆਂ ਫੁਲਾਂ ਤੇ ਫਿਰਨ ਭੌਂਦੇ,
ਇਕ ਫੁਲ ਦੇ ਉੱਤੇ ਇਹ ਰਜਦੇ ਨਹੀਂ। (ਪੰਨਾ 55)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸਤਰੀ-ਮਰਦ ਸਬੰਧਾਂ ਵਿਚ ਮੋਹਨ ਸਿੰਘ ਮਰਦ ਨੂੰ ਪਿਆਰ ਦੀ ਪੱਧਰ ਤੋਂ ਹੇਠਾਂ ਸੁੱਟ ਦਿੰਦਾ ਹੈ। ਉਹ ਇਸਤਰੀ ਨੂੰ ਐਸ਼ ਵਜੋਂ ਭੋਗੀ ਜਾਣ ਵਾਲੀ ਚੀਜ਼ ਸਮਝ ਕੇ ਔਰਤ ਨੂੰ ਆਪਣੀ ਅਜ਼ਾਦੀ ਦੀ ਲੜਾਈ ਦੇ ਮਾਰਗ ਤੋਂ ਭਟਕਾ ਦਿੰਦਾ ਹੈ। ਪਿਆਰ ਤੇ ਵਾਸ਼ਨਾਵਾਦ ਨੂੰ ਕਿਸ਼ਨ ਸਿੰਘ ਨੇ ਨਿਖੇੜਦਿਆਂ ਲਿਖਿਆ ਹੈ :

> ਪਿਆਰ ਇਸ ਨਾਲੋਂ ਇਸ ਵਾਸਤੇ ਵੱਖਰਾ ਨਹੀਂ ਕਿ ਪਿਆਰ ਵਿਚ ਸਰੀਰਕ ਮਿਲਣੀ ਨਹੀਂ ਬਲਕਿ ਇਸ ਵਾਸਤੇ ਕਿ ਪਿਆਰ 'ਇਕ ਜੋਤਿ ਦੋਇ ਮੂਰਤੀ' ਹੈ। ਉਸ ਦਾ ਜ਼ੋਰ ਕਲਚਰ ਉਸਾਰੀ ਤੇ ਹੈ ਜੋ ਇਨਸਾਨ ਨੇ ਆਪਣੇ ਲੰਮੇ ਸਫ਼ਰ ਵਿਚ ਜਿਨਸੀ ਰੁਚੀ ਤੇ ਕੀਤੀ ਹੈ। ਇਸ ਕਲਚਰਲ ਪੱਧਰ ਤੇ ਦੋ ਦਿਲਾਂ ਦੀ ਮਿਲਣੀ ਤੋਂ ਮਗਰੋਂ ਜਿਨਸੀ ਮਿਲਣੀ ਕੁਦਰਤੀ ਹੈ ਅਤੇ ਪਿਆਰ ਨੂੰ ਉਹ ਭਰ ਪ੍ਰਵਾਨ ਹੈ। ਪਰ ਵਾਸ਼ਨਾਵਾਦ ਇਸ ਕਲਚਰਲ ਪੱਧਰ ਨੂੰ ਰੱਦ, ਸਿਧੀ ਸਰੀਰਕ ਮਿਲਣੀ ਨੂੰ ਪਿਆਰ ਦੀ ਥਾਂ ਦੇਂਦਾ ਹੈ।[7]

ਮੋਹਨ ਸਿੰਘ ਦਾ ਪਿਆਰ ਸੰਕਲਪ ਪ੍ਰੇਮੀ/ਪ੍ਰੇਮਿਕਾ ਲਈ ਇਕ ਦੂਜੇ ਦੇ ਸਰੀਰ ਖਿਡੌਣਾ ਹਨ ਤਾਂ ਪਿਆਰ ਸਦਾਚਾਰਕ ਰਿਸ਼ਤਾ ਨਾ ਰਹਿਕੇ ਨਿਰੋਲ ਸਰੀਰਕ ਰਿਸ਼ਤੇ ਤੱਕ ਹੀ ਸੀਮਿਤ ਹੋ ਜਾਂਦਾ ਹੈ :

ਫ਼ਫੇ ਕੁਟਣੀਆਂ ਕਾਲੀਆਂ ਲਿਟਾਂ ਦੀਆਂ
ਕਿਉਂ ਨਾ ਓਸ ਦੇ ਪਿਛੇ ਤੂੰ ਛੱਡੀਆਂ ਨੀ ?
ਮੋਤੀ ਹੰਝੂਆਂ ਦੇ ਤੇਰੇ ਕੋਲ ਹੈਸਨ
ਜੇਕਰ ਤਾਰ ਦੇਂਦੀ ਤੂੰ ਵੀ ਵੱਢੀਆਂ ਨੀ। (ਪੰਨਾ 56)

———

ਲੈਣੇ ਨੀ ਤਾਂ ਬੀਬਾ ਲੈ ਲਾ,
ਅਜੇ ਲੈਲਾ, ਹੁਣੀਏਂ ਲੈਲਾ,
ਨੈਣ ਤਾਂ ਮਿਲਦੇ ਪਹਿਲੇ ਹੱਲੇ
ਸੋਚੀਂ ਪਏ ਤਾਂ ਹਾਰੇ। (ਪੰਨਾ 50)

'ਸਾਵੇ-ਪੱਤਰ' ਵਿਚ ਮੋਹਨ ਸਿੰਘ ਦਾ ਜੋ ਵਤੀਰਾ ਇਸਤਰੀ ਪ੍ਰਤੀ ਹੈ ਉਹ ਮੱਧ-ਵਰਗੀ ਯੁਗ ਦੇ ਖਿਆਲਾਂ ਨਾਲ ਮੇਲਵਾਂ ਹੈ। ਮੋਹਨ ਸਿੰਘ ਮਰਦ ਦਾ ਇਸਤਰੀ ਵੱਲ ਜੋ ਰਵਈਆ ਪੇਸ਼ ਕਰਦਾ ਹੈ, ਉਸ ਵਿਚ ਉਹ ਆਪਣੇ ਵਲੋਂ ਇਸਤਰੀ ਦੇ ਉੱਚ ਆਚਰਣ ਨੂੰ ਪੇਸ਼ ਕਰ ਰਿਹਾ ਹੁੰਦਾ ਹੈ ਜਦੋਂ ਉਹ ਮਰਦਾਂ ਨੂੰ ਬੇ-ਵਫ਼ਾ ਤੇ ਔਰਤ ਨੂੰ ਵਫ਼ਾਦਾਰ ਸਿਧ ਕਰਕੇ ਸਮਾਜ ਵਿਚ ਇਸਤਰੀ ਦੀ ਹੋ ਰਹੀ ਦੁਰਦਸ਼ਾ ਦਾ ਚਿਤਰਣ ਕਰਦਾ ਹੈ। ਇਹ ਇਸਤਰੀ ਪ੍ਰਤੀ ਸਹਾਨੁਭੂਤੀ ਭਰਿਆ ਤਾਂ ਜ਼ਰੂਰ ਹੈ ਪਰ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਨੂੰ ਮਰਦ ਦੇ ਸਮਾਨ ਅਧਿਕਾਰ ਦੇਣ ਦੀ ਭਾਵਨਾ ਦੀ ਥਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸਤਰੀ ਨੂੰ ਮਰਦ ਦੀ ਕਾਮ ਭੁੱਖ ਮੇਟਣ ਦਾ ਇਕ ਸਾਧਨ ਮਾਤਰ ਹੀ ਪੇਸ਼ ਕਰ ਰਿਹਾ ਹੁੰਦਾ ਹੈ :

1) ਖਿਦੋ ਹਿਕ ਵਲ ਧਾਵੇ
ਖਿਦੋ ਬੁਲ੍ਹਾਂ ਵਲ ਧਾਵੇ
ਹਿਕ ਮਾਹੀ ਦੀ ਅਮਾਨ ।
ਬੁਲ੍ਹ ਮਾਹੀ ਦੀ ਅਮਾਨ ।
ਵੇ ਤੂੰ ਹੋ ਗਿਆ ਸ਼ੈਤਾਨ ! (ਪੰਨਾ 76)

2) ਸ਼ਾਮ ਫਸ ਕੇ ਕੁਬਜਾਂ ਦੇ ਪਿਆਰ ਅੰਦਰ
ਦਿਤਾ ਰਾਧਕਾ ਤਾਈਂ ਵਿਸਾਰ ਚੰਨਾ ।
ਜਹਾਂਗੀਰ ਨੂੰ ਭੁੱਲੀ ਅਨਾਰਕਲੀ,
ਜਦੋਂ ਮਿਹਰਾਂ ਨੇ ਕੀਤਾ ਸ਼ਿਕਾਰ ਚੰਨਾ ।
ਖੁਸਰੋ ਭੁੱਲ ਕੇ ਸ਼ੀਰੀ ਦੀ ਸ਼ਕਲ ਮਿੱਠੀ
'ਸ਼ਕਰ ਲਬ' ਤੇ ਹੋਇਆ ਨਿਸਾਰ ਚੰਨਾ ।
ਸੁਤੀ ਸੱਸਤੀ ਨੂੰ ਧੋਖਾ ਦੇ ਪੁੰਨੂੰ,
ਗਿਆ ਹੋਤਾਂ ਦੇ ਨਾਲ ਸਿਧਾਰ ਚੰਨਾ । (ਪੰਨਾ 37)

ਇਹ ਧਾਰਨਾ ਇਸਤਰੀ ਪ੍ਰਤੀ ਹਮਦਰਦਾਨਾ ਤਾਂ ਜ਼ਰੂਰ ਹੈ ਪਰ 'ਇਹ ਸਭ ਇਸਤਰੀਆਂ ਪਿਆਰ ਦੇ ਨਾਂ ਥੱਲੇ ਸਾਮੰਤੀ-ਜੁਗ ਦੇ ਮਰਦ ਦੀ ਹਵਸ, ਕਾਮ-ਭੁੱਖ, ਹੁਸਨ ਪ੍ਰਸਤੀ ਤੇ ਵਾਸ਼ਨਾ ਦਾ ਸ਼ਿਕਾਰ ਹੀ ਤਾਂ ਹਨ । ਅਤੇ ਜਦੋਂ ਮੋਹਨ ਸਿੰਘ ਆਪਣੇ ਇਨ੍ਹਾਂ ਭੂਪਵਾਦੀ ਸੰਕਲਪਾਂ ਤੋਂ ਮੁਕਤ ਹੁੰਦਾ ਹੈ ਤੇ ਉਸ ਦੇ ਪਿਆਰ ਨੂੰ ਯਥਾਰਥਕਤਾ ਦੀ ਪਾਣ ਚੜ੍ਹਦੀ ਹੈ ਤਾਂ ਉਹ ਇਸਤਰੀ ਨੂੰ ਅਪਹੁੰਚ ਦਸਦਾ ਹੈ ਉਂਜ ਸਾਡੀ ਜਾਚੇ ਇਸਤਰੀ ਬਾਰੇ ਇਹ ਵਿਚਾਰ ਵੀ ਮਦ-ਕਾਲੀਨ ਦਰਸ਼ਨ ਦਾ ਹੀ ਇਕ ਕ੍ਰਿਸ਼ਮਾ ਹੈ ।'[8] ਮੋਹਨ ਸਿੰਘ 'ਸਾਵੇ-ਪੱਤਰ' ਵਿਚ ਸਮੱਸਿਆ ਦੇ ਕਾਰਨ ਦੀ ਤਹਿ ਤੱਕ ਤੇ ਇਸ ਦੀ ਗਹਿਰਾਈ ਨੂੰ ਵਿਸ਼ਲੇਸ਼ਣਾਤਮਕ ਬਿਰਤੀ ਰਾਹੀਂ ਮਾਪਣ ਦੀ ਥਾਂ ਉਪਭਾਵਕ ਜਿਹੀ ਅਪੀਲ ਤੱਕ ਹੀ ਮਹਿਦੂਦ ਰਹਿ ਜਾਂਦਾ ਹੈ । ਕਿਸ਼ਨ ਸਿੰਘ ਅਨੁਸਾਰ 'ਮੋਹਨ ਸਿੰਘ ਦੀ ਸਮੁਚੀ-ਕਾਵਿ ਕਲਾ ਦੀ ਸ਼ਕਤੀ ਤੋਂ ਕੋਈ ਜਾਣ ਕੇ ਹੀ ਅਵੇਸਲਾ ਹੋ ਸਕਦਾ ਹੈ ਪਰ ਵਾਸ਼ਨਾਵਾਦ ਤੇ ਬੇਇਤਬਾਰੀ ਇਸਦੀ ਪਿਆਰ ਤੇ ਹੁਸਨ ਦੀ ਕਵਿਤਾ ਨੂੰ ਇਨਸਾਨੀ ਨੌਰਮ ਦੀ ਹੈਸੀਅਤ ਤੋਂ ਕਿਧਰੇ ਦੂਰ ਲਿਜਾ ਰਹੀਆਂ ਹਨ । ਫਰਾਇਡਵਾਦੀ ਅੰਸ਼ ਪ੍ਰਧਾਨ ਅੰਸ਼ ਹੋਣ ਕਾਰਨ ਪੰਜਾਬੀ ਸਾਹਿਤ ਦੀ ਸਿਹਤਯਾਬੀ ਲਈ ਇਸ ਦਾ ਪਿਆਰ ਤੋਂ ਨਿਖੇੜਾ ਜ਼ਰੂਰੀ ਹੈ[9] ।

ਮੋਹਨ ਸਿੰਘ ਦੀ 'ਬਸੰਤ' ਕਵਿਤਾ ਵਿਚ ਮਰਦ-ਪ੍ਰੇਮੀ ਇਕ ਔਰਤ ਦੀ ਮੌਤ ਹੋ ਜਾਣ ਉਪਰੰਤ 'ਨਵੀਂ ਨਾਰ' ਦੇ ਪਿਆਰ ਵਿਚ ਫਸ ਕੇ ਪਹਿਲੀ ਪਤਨੀ ਨੂੰ ਵਿਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੰਦਾ ਹੈ। ਇਸ ਕਵਿਤਾ ਵਿਚ ਦੋ ਰੁਚੀਆਂ ਦੀ ਟੱਕਰ ਹੈ। ਇਕ ਪਾਸੇ ਮਧ-ਕਾਲ ਦਾ ਆਦਰਸ਼ਵਾਦੀ ਪਿਆਰ ਹੈ ਜਿਸ ਅਨੁਸਾਰ ਇਕ ਦੇ ਕੇਰਾਂ ਹੋ ਗਏ ਬੱਸ ਉਸੇ ਦੇ ਹੋ ਕੇ ਰਹਿ ਗਏ ਤੇ ਉਸੇ ਨੂੰ ਹੀ ਪਤੀ ਪਰਮੇਸ਼ਵਰ ਮਿਥ ਲਿਆ ਤੇ ਦੂਜੇ ਪਾਸੇ ਪਿਆਰ ਦਾ ਟੁੱਟਣਾ, ਨਵੇਂ ਪਿਆਰ ਦਾ ਪੈਦਾ ਹੋਣਾ, ਪਿਆਰ ਵਿਚ ਬੇਵਫ਼ਾਈ ਦੇ ਤਣਾਓ ਸੰਭਵ ਹਨ। ਇਹ ਪੇਸ਼ਕਾਰੀ ਮਧ-ਵਰਗੀ ਪਤੀ ਦੀ ਪ੍ਰੀਤ ਦੀ ਪੇਸ਼ਕਾਰੀ ਹੈ ਜੋ ਯਥਾਰਥਵਾਦੀ ਜਜ਼ਬਾ ਹੈ। ਇਥੇ ਮਨੁੱਖ ਪਿਆਰ ਦੀ ਬਾਣ ਭੁੱਲ ਜਾਂਦਾ ਹੈ ਪਰ ਇਸਤਰੀ ਇਸ ਪਿਆਰ ਦੀ ਮੂਰਤ ਬਣਦੀ ਦਰਸਾਈ ਹੈ :

ਪਰ ਤੂੰ ਵਖਰੀ ਕੋਈ ਨਾ ਗੱਲ ਕੀਤੀ
ਤੇਰੇ ਕੱਲੇ ਦਾ ਨਹੀਂ ਆ ਕਸੂਰ ਮਾਹੀਆ।
ਫੁਲ ਫੁਲ ਤੇ ਭੌਰਿਆਂ ਵਾਂਗ ਫਿਰਨਾ
ਇਹਨਾਂ ਮਰਦਾਂ ਦਾ ਰਿਹਾ ਦਸਤੂਰ ਮਾਹੀਆ॥ (ਪੰਨਾ 37)

ਜੀਵਨ ਦੀਆਂ ਅਤੇ ਕਵਿਤਾ ਦੀਆਂ ਕਦਰਾਂ ਕੀਮਤਾਂ ਤਾਂ ਸਾਂਝੀਆਂ ਹਨ ਪਰ ਇਨ੍ਹਾਂ ਨੂੰ ਮੂਰਤੀਮਾਨ ਕਰਨ ਲੱਗਿਆਂ ਕਵੀ ਪ੍ਰਚਲਿਤ ਕਦਰਾਂ ਕੀਮਤਾਂ ਨੂੰ ਵਿਵਾਦੀ ਢੰਗ ਨਾਲ ਪੇਸ਼ ਨਹੀਂ ਕਰਦਾ। ਉਹ ਦੁਅੰਦਾਤਮਕ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਪਲਾਇਨ ਦਾ ਰਾਹ ਅਪਣਾਉਂਦਾ ਹੈ ਜਿਹੜਾ ਰਾਹ ਉਸ ਦੀ ਮੂਲ ਰੁਮਾਂਚਿਕ ਬਿਰਤੀ ਦੇ ਅਨੁਕੂਲ ਹੈ।

'ਸਾਵੇ ਪੱਤਰ' ਦੀਆਂ ਕਵਿਤਾਵਾਂ ਵਿਚ ਮੋਹਨ ਸਿੰਘ ਉੱਪਰ ਜਗੀਰਦਾਰੀ ਰੁਚੀਆਂ ਦਾ ਪ੍ਰਭਾਵ ਸਪਸ਼ਟ ਰੂਪ ਵਿਚ ਵਿਖਾਈ ਦਿੰਦਾ ਹੈ। ਇਹ ਸਮਾਂ ਪੰਜਾਬੀ ਜੀਵਨ ਦਾ ਉਹ ਸਮਾਂ ਹੈ, ਜਦੋਂ ਇਸ ਉੱਤੇ ਬਹੁਤਾ ਪ੍ਰਭਾਵ ਜਾਗੀਰਦਾਰੀ ਰੁਚੀਆਂ ਦਾ ਸੀ ਅਤੇ ਆਮ ਲੋਕਾਂ ਦੇ ਜੀਵਨ ਵਿਚ ਅੱਜ ਵੀ ਇਸ ਦਾ ਅੰਸ਼ ਨਜ਼ਰੀਂ ਨਹੀਂ ਪੈਂਦਾ।[10] 'ਸਾਵੇ-ਪੱਤਰ' ਵਿਚ ਮੋਹਨ ਸਿੰਘ ਜਿਨ੍ਹਾਂ ਸਮਾਜਕ ਰਿਸ਼ਤਿਆਂ ਨੂੰ ਛੂੰਹਦਾ ਹੈ, ਉਨ੍ਹਾਂ ਵਿੱਚ ਵਧੇਰੇ ਭਾਰੂ ਪੱਖ ਔਰਤ ਦੇ ਪਿਆਰ ਦਾ ਪੱਖ ਹੈ ਜੋ ਜਾਗੀਰਦਾਰੀ ਦ੍ਰਿਸ਼ਟੀਕੋਣ ਅਨੁਸਾਰ ਆਦਰਸ਼ ਪਿਆਰ ਹੈ। ਇਹ ਆਦਰਸ਼ ਪਿਆਰ ਇਕ ਪਾਸੜ ਹੈ। ਇਸਤਰੀ ਅਤੇ ਮਰਦ ਦੇ ਪਿਆਰ ਵਿਚ ਸਮਾਨਤਾ ਨਹੀਂ। ਇਸਤਰੀ ਇਕ ਕੁਲੀਨ ਤੇ ਭਗਤਣੀ ਦੇ ਰੂਪ ਵਿਚ ਹੀ ਪ੍ਰਗਟਾਈ ਹੈ। 'ਬਸੰਤ' ਅਤੇ 'ਨੂਰ ਜਹਾਨ' ਆਦਿ ਦੇ ਪਿਆਰ ਦੇ ਵਾਸਤੇ ਪਾ ਕੇ ਉਸ ਪ੍ਰਤੀ ਸਹਾਨੁਭੂਤੀ ਉਜਾਗਰ ਕਰਨੀ ਵੀ ਉਪਰੋਕਤ ਵਰਤਾਰੇ ਦਾ ਹੀ ਲਖਾਇਕ ਹੈ।

ਮੋਹਨ ਸਿੰਘ ਨੇ ਉਸ ਵੇਲੇ ਦੀਆਂ ਭੂਪਵਾਦੀ ਸਮਾਜਕ ਕੀਮਤਾਂ ਅਤੇ ਮਨੁੱਖੀ ਵਰਤਾਰੇ ਦੇ ਨਿਤਾ-ਪ੍ਰਤੀ ਅਤਿਆਚਾਰਾਂ ਦੀ ਨਿੰਦਿਆ ਕੀਤੀ ਹੈ। ਉਸ ਨੇ ਸਾਮਿਅਕ ਜੀਵਨ ਨੂੰ ਸਾਧਾਰਣ ਮਨੁੱਖ ਨੂੰ, ਉਸ ਦੇ ਜੀਵਨ ਦੀ ਅੰਦਰਲੀ ਟੁੱਟ-ਭੱਜ ਅਤੇ ਬਾਹਰੀ ਘਟਨਾਵਾਂ ਨੂੰ ਸਹਿਵਨ ਹੀ ਬਿਆਨ ਨਹੀਂ ਕੀਤਾ, ਸਗੋਂ ਇਸ ਗੱਲ ਨੂੰ ਵੀ ਪਕੜਿਆ ਹੈ ਕਿ ਸਾਡੇ ਸਭਿਆਚਾਰ ਵਿਚ, ਸਾਡੀਆਂ ਸਮਾਜਕ ਕਦਰਾਂ ਕੀਮਤਾਂ ਵਿਚ ਜਿੰਨੀ ਬੇ-ਅਨੇਮਤਾ ਅਤੇ ਆਪਹੁਦਰਾਪਣ ਆਇਆ ਹੈ ਉਨ੍ਹਾਂ ਸਾਰੀਆਂ ਸਥਿਤੀਆਂ ਦਾ ਪ੍ਰਗਟਾਵਾ 'ਸਾਵੇ-ਪੱਤਰ' ਵਿਚ ਵਿਸਤ੍ਰਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਢੰਗ ਨਾਲ ਕੀਤਾ ਗਿਆ ਹੈ। ਭੂਪਵਾਦੀ ਸਮਾਜ ਦੀਆਂ ਟੁੱਟਦੀਆਂ ਕੀਮਤਾਂ, ਆਰਥਿਕ ਰਿਸ਼ਤੇ, ਰਾਜਨੀਤਕ ਪ੍ਰਬੰਧ ਦੁਆਰਾ ਪਦਾਰਥਵਾਦੀ ਕੀਮਤਾਂ ਉੱਤੇ ਉਸਰਦੀ ਸਭਿਅਤਾ ਨੇ ਮਨੁੱਖ ਅੰਦਰ ਜਿਹੜੀ ਤ੍ਰਿਖਾ ਜਗਾਈ ਅਤੇ ਇਨ੍ਹਾਂ ਟੁਟਦੇ-ਬਣਦੇ ਰਿਸਤਿਆਂ ਨੇ ਜੋ ਤਣਾਓ ਪੈਦਾ ਕੀਤਾ ਉਸ ਨੂੰ ਮੋਹਨ ਸਿੰਘ ਨੇ ਆਪਣੀਆਂ ਨਜ਼ਮਾਂ ਵਿਚ ਬਿਆਨਿਆ ਹੈ। ਲੁਟੇਰੀਆਂ ਤੇ ਜ਼ਾਲਮ ਸ਼ਕਤੀਆਂ, ਨਿਰਮਲ ਤੇ ਭਲੇ ਲੋਕਾਂ ਉਤੇ ਆਪਣੇ ਹਿੱਤ ਦੀ ਪੂਰਤੀ ਲਈ ਬੇਥਾਹ ਜ਼ੁਲਮ ਕਰਦੀਆਂ ਹਨ। ਸ਼੍ਰੇਣੀ ਬੱਧ ਸਮਾਜ ਵਿਚ ਸ਼ੋਸ਼ਤ ਵਰਗ ਦਾ ਵਤੀਰਾ, ਜ਼ਰ, ਜ਼ੋਰੂ ਅਤੇ ਜ਼ਮੀਨ ਦੇ ਝਗੜੇ, ਨਿੱਜੀ ਮਲਕੀਅਤ ਦੇ ਹੋਰ ਪਸਾਰੇ ਹਿਤ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਖਸੁੱਟ, ਇਹ ਸਭੇ ਖਰਾਬੀਆਂ ਮੋਹਨ ਸਿੰਘ ਅਨੁਸਾਰ ਫਿਊਡਲ ਸਮਾਜ ਦੀ ਦੇਣ ਹਨ ਜਿੱਥੇ ਜਾਇਦਾਦ ਦੀ ਖਾਤਰ ਪੀੜ੍ਹੀਆਂ ਦੀਆਂ ਪੀੜ੍ਹੀਆਂ ਨਾਸ਼ ਹੋ ਜਾਂਦੀਆਂ ਹਨ। ਉਹ ਅਜਿਹੇ ਸਮਾਜ ਨੂੰ ਬਦਲਕੇ ਨਵੇਂ ਨਰੋਏ ਸਮਾਜ ਦੀ ਸਿਰਜਣਾ ਦਾ ਇੱਛਕ ਹੈ। ਫਿਰ ਸ਼ਾਇਦ ਇਹ ਸਥਿਤੀ ਨਾ ਉਪਜੇ :

ਨਾ ਹੀ ਮੇਰੀ ਜਾਇਦਾਦ ਤੇ
ਲਿਸ਼ਕਣ ਛਵੀਆਂ
ਖੜਕਣ ਸੋਟੇ। (ਪੰਨਾ 34)

ਮੋਹਨ ਸਿੰਘ ਮਨੁੱਖ ਦੁਆਰਾ ਮਨੁੱਖ ਦੀ ਹੀ ਹੋ ਰਹੀ ਲੁੱਟ ਚੋਂਘ ਨੂੰ ਨਿੰਦਦਾ ਹੈ ਅਤੇ ਸਾਮਰਾਜ ਦੀਆਂ ਕੁਟੀਰ ਚਾਲਾਂ ਨੂੰ ਵੀ ਨੰਗੀਆਂ ਕਰਦਾ ਹੈ ਜੋ ਲੋਕਾਂ ਵਿਚ ਧਾਰਮਿਕ ਵਖਰੇਵੇਂ ਉਤਪੰਨ ਕਰਕੇ ਉਨ੍ਹਾਂ ਦਾ ਆਪੋ ਵਿਚ ਭੇੜ ਕਰਾ ਦਿੰਦਾ ਹੈ ਤੇ ਆਪਣਾ ਮਕਸਦ ਪੂਰਾ ਕਰ ਲੈਂਦਾ ਹੈ :

ਜਿਥੇ ਮਜ਼ਹਬ ਦੇ ਨਾਂ ਥੱਲੇ,
ਦਰਿਆ ਕਈ ਖ਼ੂਨ ਦੇ ਚੱਲੇ,
ਜਿੱਥੇ ਵਤਨ-ਪਰਸਤੀ ਤਾਈਂ,
ਜ਼ੁਲਮ ਸਮਝਦੀ ਧੱਕੇ ਸ਼ਾਹੀ। (ਪੰਨਾ 29)

ਆਰਥਿਕਤਾ ਵੀ ਮਨੁੱਖੀ ਰਿਸ਼ਤਿਆਂ ਨੂੰ ਤਬਦੀਲ ਕਰ ਦਿੰਦੀ ਹੈ। ਆਦਮੀ ਨੂੰ ਖ਼ੁਦਗਰਜ਼, ਕਮੀਨਾ ਤੇ ਨਿਰਮੋਹਾ ਬਣਾ ਦਿੰਦੀ ਹੈ। ਦੋਸਤ ਦੋਸਤ ਨਾਲ ਵਫ਼ਾ ਪਾਲਣੀ ਭੁੱਲ ਜਾਂਦਾ ਹੈ। ਭਰਾਵਾਂ ਦੇ ਸੁੱਚੇ ਰਿਸ਼ਤਿਆਂ ਵਿਚ ਵੀ ਖ਼ੁਦਗਰਜ਼ੀ ਦੀ ਦੀਵਾਰ ਉਸਰ ਖਲੋਂਦੀ ਹੈ ਤੇ ਵਿਅਕਤੀ ਵਿਚੋਂ ਮਨੁੱਖਤਾ ਮਰ ਜਾਂਦੀ ਹੈ :

ਵਿਚ ਸੁੱਖਾਂ ਦੇ ਸਾਰੀ ਦੁਨੀਆਂ
ਨੇੜੇ ਢੁਕ ਢੁਕ ਬਹਿੰਦੀ।
ਪਰਖੇ ਜਾਣ ਸੱਜਣ ਉਸ ਵੇਲੇ,
ਜਦ ਬਾਜ਼ੀ ਪੁੱਠੀ ਪੈਂਦੀ। (ਪੰਨਾ 61)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਬਿਆਨੀਆਂ ਅਸਮਾਨਤਾਵਾਂ ਜਗੀਰੂ ਸਮਾਜ ਦੀ ਦੇਣ ਹਨ ਜਿੱਥੇ ਮਨੁੱਖ ਮਨੁੱਖ ਨਾਲ ਵਿਤਕਰੇ ਭਰਿਆ ਵਰਤਾਓ ਕਰਦਾ ਹੈ। ਸਭ ਲੋਕਾਂ ਦੇ ਬਰਾਬਰ ਹੱਕ ਮੰਨ ਕੇ ਵੀ ਉਨ੍ਹਾਂ ਦੇ ਬਣਦੇ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਅਨਿਆਂ ਤੇ ਅਤਿਆਚਾਰ ਤੋਂ ਛੁੱਟਕਾਰਾ ਦੁਆਉਣ ਲਈ ਮੋਹਨ ਸਿੰਘ ਸਮਾਜਵਦੀ ਸਮਾਜ ਦੀ ਕਾਇਮੀ ਦੀ ਕਲਪਨਾ ਕਰਦਾ ਹੈ ਜਿਸ ਵਿਚ ਸਾਰੇ ਲੋਕਾਂ ਨੂੰ ਹੱਕ ਮਿਲਣ ਅਤੇ ਖੋਹ ਖਿੰਝ ਕੇ ਢਿੱਡ ਭਰਨ ਦੀ ਲੋੜ ਹੀ ਨਾ ਹੋਵੇ :

ਮੁਕ ਜਾਵਣ ਜਿਥੇ ਪੱਗਡੰਡੀਆਂ,
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ,
ਦਿਸਣ ਨਾ ਜਿੱਥੇ ਹੱਦਾਂ ਪਾੜੇ,
ਮੇਰ ਤੇਰ ਦੇ ਖਾਖੋਂਵਾੜੇ। (ਪੰਨਾ 32)

ਸਮੁੱਚੇ ਤੌਰ ਤੇ 'ਸਾਵੇ-ਪੱਤਰ' ਵਿਚ ਮੋਹਨ ਸਿੰਘ ਦੁਆਰਾ ਮਨੁੱਖੀ ਰਿਸ਼ਤਿਆਂ ਦੇ ਵੱਖ ਵੱਖ ਰੂਪਾਂ ਦਾ ਸੁਭਾਅ ਅਤੇ ਸਰੂਪ ਚਿਤ੍ਰਿਆ ਗਿਆ ਹੈ। ਉਹ ਸਮਾਜਿਕ ਅਤੇ ਮਨੁੱਖੀ ਕੀਮਤਾਂ ਦੇ ਪ੍ਰਸੰਗ ਵਿਚ ਵਿਗਠਤ, ਅਮਨੁੱਖੀ ਪੱਤਨ ਗ੍ਰਸਤ ਹੋਣ ਦੀ ਥਾਂ ਆਦਰਸ਼ਮਈ ਅਤੇ ਮੁਕਾਬਿਲਤਨ ਅਧਿਕ ਮਨੁੱਖੀ ਰਿਸ਼ਤਿਆਂ ਦਾ ਪ੍ਰਗਟਾਅ ਕੀਤਾ ਗਿਆ ਹੈ। ਮਨੁੱਖੀ ਰਿਸ਼ਤਿਆਂ ਦੇ ਇਸ ਰੂਪ ਦੀ ਕਾਵਿਕ ਸਿਰਜਣਾ ਮੋਹਨ ਸਿੰਘ ਦੀ ਸਮੁੱਚੀ ਸੁਹਜ ਚੇਤਨਾ ਦੀ ਹੀ ਇਕ ਮਹੱਤਵਪੂਰਣ ਆਧਾਰਸ਼ਿਲਾ ਹੈ। ਮਨੁੱਖੀ ਰਿਸ਼ਤਾ ਭਾਵੇਂ ਉਹ ਇਸਤ੍ਰੀ ਅਤੇ ਮਰਦ ਦਾ, ਪ੍ਰੇਮੀ ਜਾਂ ਪ੍ਰੇਮਿਕਾ ਦਾ ਰਿਸ਼ਤਾ ਹੈ ਜਾਂ ਮਨੁੱਖ ਦਾ ਸਮਾਜਿਕ ਜੀਵ ਵਜੋਂ ਦੂਸਰੇ ਮਨੁੱਖ ਨਾਲ ਰਿਸ਼ਤਾ ਹੈ ਜਾਂ ਮਨੁੱਖ ਅਤੇ ਸਮੁੱਚੇ ਸਮਾਜ ਦਾ ਰਿਸ਼ਤਾ ਹੈ। ਮੋਹਨ ਸਿੰਘ ਜਜ਼ਬੇ ਦੀ ਪੱਧਰ ਤੇ ਇਨ੍ਹਾਂ ਦੇ ਵਿਕ੍ਰਿਤ ਅਤੇ ਆਦਰਸ਼ ਦੋਹਾਂ ਰੂਪਾਂ ਪ੍ਰਤੀ ਸੁਚੇਤ ਹੈ ਅਤੇ ਉਹ ਇਨ੍ਹਾਂ ਰਿਸ਼ਤਿਆਂ ਦੇ ਆਦਰਸ਼ ਰੂਪਾਂ ਨੂੰ ਕਲਾਤਮਕ ਪੱਧਰ ਰਾਹੀਂ ਸਥਾਪਿਤ ਕਰਨ ਲਈ ਪ੍ਰਯਤਨਸ਼ੀਲ ਹੈ।

ਜ਼ਿੰਦਗੀ ਦੇ ਸਮੁੱਚੇ ਦ੍ਰਿਸ਼ਟੀਕੋਣ ਦੇ ਸੁਹਜ ਲਈ ਮਨੁੱਖੀ ਰਿਸ਼ਤਿਆਂ ਪ੍ਰਤੀ ਪਹੁੰਚ ਦਾ ਸੁਹਜ ਬੁਨਿਆਦੀ ਹੈ ਕਿਉਂਕਿ ਮਨੁੱਖੀ ਸਮਾਜ ਦੀ ਸਭਿਅ ਉਸਾਰੀ ਕੇਵਲ ਮਨੁੱਖੀ ਰਿਸ਼ਤਿਆਂ ਦੇ ਸਹੀ ਰੂਪਾਂ ਨਾਲ ਹੀ ਸੰਭਵ ਹੋ ਸਕਦੀ ਹੈ। ਸਮਾਜ ਨੂੰ ਹਰ ਪ੍ਰਕਾਰ ਦੇ ਅਸੰਤੁਲਨ ਅਤੇ ਵਿਗਠਨ ਤੋਂ ਸੁਚੇਤ ਕਰਕੇ ਵਿਸ਼ੇਸ਼ ਸੰਤੁਲਨ ਅਤੇ ਪ੍ਰਬੰਧ ਵਿਚ ਵੇਖਣ ਦੀ ਲਾਲਸਾ ਆਪਣੇ ਆਪ ਵਿਚ ਕੇਵਲ ਇਕ ਸੁਹਜ ਚੇਤਨਾ ਦਾ ਹੀ ਕੰਮ ਹੋ ਸਕਦਾ ਹੈ ਜਿਸ ਦੇ ਚਿਤ੍ਰਣ ਨੂੰ ਮੋਹਨ ਸਿੰਘ ਨੇ ਕਲਾਤਮਕ ਗੌਰਵ ਪ੍ਰਦਾਨ ਕਰਦਿਆਂ ਜਿਥੇ ਸਮੁੱਚੇ ਮਨੁੱਖੀ ਰਿਸ਼ਤਿਆਂ ਨੂੰ ਸੁਹਜਮਈ ਰੂਪ ਦਿੱਤਾ ਹੈ ਉੱਥੇ ਉਸ ਨੇ ਆਪਣੀ ਸੁਹਜ-ਚੇਤਨਾ ਦੀ ਪ੍ਰੌਢਤਾ, ਸੂਖਮਤਾ ਅਤੇ ਪ੍ਰਚੰਡਤਾ ਨੂੰ ਵੀ ਉਘਾੜਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. ਸੰਤ ਸਿੰਘ ਸੇਖੋਂ, **ਸਾਹਿਤਿਆਰਥ**, ਪੰਨਾ 61.
2. Ernst Vlein, comprehensive *Etymological Dictionary of the English* Language, (Amstordam, 1971), p. 159.
3. ਗੁਰਭਗਤ ਸਿੰਘ, "ਪੂਰਨ ਸਿੰਘ ਦੀ ਕਾਵਿ-ਚੇਤਨਾ", ਪੂਰਨ ਸਿੰਘ ਸਟੱਡੀਜ਼ ਜੁਲਾਈ, 1979, ਪੰਨਾ 2.
4. ਦਰਸ਼ਨ ਸਿੰਘ, 'ਪ੍ਰੋ. ਮੋਹਨ ਸਿੰਘ ਸਾਹਿਤ ਗੋਸ਼ਟੀ', ਪੰਨਾ 35.
5. ਸੰਤ ਸਿੰਘ ਸੇਖੋਂ, **ਸਾਹਿਤ ਸਮਾਚਾਰ** (ਮੋਹਨ ਸਿੰਘ ਅੰਕ), ਪੰਨਾ 63.
6. ਉਹੀ, ਪੰਨਾ 64.
7. ਕਿਸ਼ਨ ਸਿੰਘ, **ਸਾਹਿਤ ਦੀ ਸਮਝ**, ਪੰਨਾ 23.
8. ਕਰਨਜੀਤ ਸਿੰਘ, **ਮੋਹਨ ਸਿੰਘ ਕਾਵਿ ਅਧਿਅਨ**, ਪੰਨਾ 40.
9. ਕਿਸ਼ਨ ਸਿੰਘ, **ਸਾਹਿਤ ਦੇ ਸੋਮੇ**, ਪੰਨਾ 52.
10. ਸੰਤ ਸਿੰਘ ਸੇਖੋਂ, **ਸਾਹਿਤ ਸਮਾਚਾਰ** (ਮੋਹਨ ਸਿੰਘ ਅੰਕ), ਪੰਨਾ 259.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2.

ਯਥਾਰਥ ਦੇ ਰੂਪਾਂਤਰਣ ਦਾ ਸੁਭਾਅ

ਵੀਹਵੀਂ ਸਦੀ ਦੇ ਆਰੰਭ ਵਿਚ ਹੀ ਪੰਜਾਬੀ ਸਾਹਿਤ ਵਿਚ ਨਵੀਨ ਅੰਸ਼ ਪੈਦਾ ਹੋਣੇ ਸ਼ੁਰੂ ਹੋ ਗਏ ਸਨ । ਵਿਗਿਆਨ ਦਾ ਗਿਆਨ ਅਤੇ ਸਮਾਜ ਵਿਚ ਨਵੀਨ ਆਰਥਿਕ ਸ਼ਕਤੀਆਂ ਦਾ ਪ੍ਰਵੇਸ਼ ਹੋਣਾ ਸ਼ੁਰੂ ਹੋਇਆ ਜਿਸ ਨੇ ਪਦਾਰਥਵਾਦੀ ਦ੍ਰਿਸ਼ਟੀਕੋਣ ਨੂੰ ਜਨਮ ਦਿਤਾ ਜਿਸ ਦਾ ਸਿੱਧਾ ਭਾਵ ਇਹ ਹੈ ਕਿ ਇਸ ਦਾ ਸੰਸਾਰ ਜਿਸ ਨੂੰ ਪੁਰਾਣੇ ਤਿਆਗਵਾਦੀ ਮਾਇਆ ਦਾ ਸੰਸਾਰ ਮੰਨਦੇ ਸਨ, ਇਕ ਅਸਲੀਅਤ ਹੈ । ਇਸ ਜੀਵਨ ਦੇ, ਇਸ ਸੰਸਾਰ ਦੇ ਰਸਾਂ ਕਸਾਂ ਦਾ ਆਨੰਦ ਭੋਗਣਾ ਚਾਹੀਦਾ ਹੈ । ਸੋ ਯਥਾਰਥਵਾਦੀ ਸਾਹਿਤ ਉਹ ਹੋਇਆ ਜਿਸ ਵਿਚ ਮਨੁੱਖ ਦਾ ਯਥਾਰਥਕ ਜੀਵਨ ਕਿਸੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾਵੇ ਅਤੇ ਇਸ ਉਤੇ ਲੇਖਕ ਦੇ ਵਿਅਕਤੀਗਤ ਅਨੁਭਵ ਦੀ ਮਹਰ ਲੱਗੀ ਹੋਵੇ । ਦਰਅਸਲ ਯਥਾਰਥਵਾਦੀ ਸਾਹਿਤ ਉਹ ਹੁੰਦਾ ਹੈ ਜਿਸ ਵਿਚ ਹੱਡ ਮਾਸ ਦੇ ਮਨੁੱਖੀ ਜੀਵਨ ਦਾ ਹੂ-ਬ-ਹੂ ਚਿਤਰਣ ਕੀਤਾ ਹੋਵੇ ਤੇ ਕਲਾ-ਕ੍ਰਿਤੀ ਦਾ ਆਧਾਰ ਦੇਖਿਆ ਤੇ ਅਨੁਭਵ ਕੀਤਾ ਜਾਣ ਵਾਲਾ ਹੋਵੇ । ਯਥਾਰਥਵਾਦੀ ਲੇਖਕ ਆਪਣੀ ਰਚਨਾ ਵਿਚ ਪਾਤਰਾਂ ਜਾਂ ਇਸ ਵਿਚ ਘਟਦੀਆਂ ਘਟਨਾਵਾਂ ਨੂੰ ਆਪਣੀ ਕਲਪਨਾ ਦੀ ਪੁੱਠ ਚਾੜ੍ਹ ਕੇ ਇਨ੍ਹਾਂ ਨੂੰ ਆਦਰਸ਼ਵਾਦੀ ਰਚਨਾਵਾਂ ਨਹੀਂ ਬਣਾਉਂਦਾ ਸਗੋਂ ਜਿਉਂ ਦਾ ਤਿਉਂ ਨਿਰਪੱਖ ਹੋ ਕੇ ਪ੍ਰਸਤੁਤ ਕਰਦਾ ਹੈ । 'ਜੀਵਨ ਦੇ ਚੰਗ-ਮੰਦ ਤੇ ਕੁਹਜ-ਸੁਹਜ ਨੂੰ ਇੰਨ-ਬਿੰਨ ਚਿਤਰਨ ਉੱਤੇ ਜ਼ੋਰ ਦਿਤੇ ਜਾਣਾ — ਇਹੋ ਯਥਾਰਥਵਾਦ ਹੈ ।'[1]

ਆਧੁਨਿਕ ਸਾਹਿਤ ਵਿਚ ਯਥਾਰਥ ਜਰਮਨ ਦਾਰਸ਼ਨਿਕਾਂ ਲੈਸਿੰਗ ਤੇ ਹਰਡਰ ਅਤੇ ਫਰਾਂਸੀਸੀ ਸਾਹਿਤਕ ਇਤਿਹਾਸਕਾਰ ਤੇਨ ਦੇ ਵਿਚਾਰਾਂ ਨਾਲ ਪ੍ਰਵੇਸ਼ ਹੋਇਆ । ਤੇਨ ਅਨੁਸਾਰ ਹਰੇਕ ਸਥਾਈ ਸਾਹਿਤਕ ਰਚਨਾ ਉੱਤੇ ਵਿਸ਼ੇਸ਼ ਵਰਗ (Race), ਵਾਤਾਵਰਣ (Milieu) ਅਤੇ ਕਾਲ (moment) ਦਾ ਪ੍ਰਭਾਵ ਪੈਣਾ ਆਵਸ਼ਕ ਹੈ । ਤੇਨ ਤੋਂ ਪੂਰੀ ਇਕ ਸਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾਂ ਇਹੀ ਵਿਚਾਰ ਲੈਸਿੰਗ, ਹਰਡਰ ਤੇ ਹੇਗਲ ਨੇ ਪ੍ਰਗਟ ਕੀਤੇ ਸਨ। ਇੰਗਲੈਂਡ ਵਿਚ ਇਨ੍ਹਾਂ ਵਿਚਾਰਕਾਂ ਦੇ ਸਭ ਤੋਂ ਨਜ਼ਦੀਕੀ ਵਾਰਿਸ ਵਰਡਜ਼ਵਰਥ ਤੇ ਕੋਲਰਿਜ ਸਨ, ਜਿਨ੍ਹਾਂ ਨੇ 'ਲਿਰਿਕਲ ਬੈਲਡਜ਼' (Lyrical Ballads) ਦੇ ਮੁਖਬੰਧ ਵਿਚ ਕਵਿਤਾ ਵਿਚ ਲੋਕ ਮੁਹਾਵਰਾ ਅਪਨਾਉਣ ਦੀ ਘੋਸ਼ਣਾ ਕੀਤੀ ਤਾਂ ਜੋ ਕਵਿਤਾ ਵਿਚ ਸਧਾਰਣ ਮਨੁੱਖ ਦੇ ਹਾਵ-ਭਾਵ ਪ੍ਰਗਟ ਕੀਤੇ ਜਾ ਸਕਣ।[2] ਯਥਾਰਥ ਨੂੰ ਵਧੇਰੇ ਪ੍ਰਭਾਵਸ਼ਾਲੀ ਬਨਾਉਣ ਲਈ ਇਸ ਵਿਚ ਆਂਚਲਿਕਤਾ, ਸਥਾਨਕ ਵਾਤਾਵਰਣ, ਸਾਮਿਅਕ ਸਾਂਸਕ੍ਰਿਤੀ ਅਤੇ ਲੋਕ-ਬੋਲੀ ਦਾ ਸਹਾਰਾ ਲਿਆ ਜਾਂਦਾ ਹੈ।

ਵਿਗਿਆਨਕ ਯਥਾਰਥਵਾਦੀ ਕਵਿਤਾ ਦਾ ਪੰਜਾਬੀ ਵਿਚ ਕਵਿਤਾ ਦੇ ਵਿਹੜੇ ਵਿਚ ਬੂਟਾ ਲਾਉਣ ਦਾ ਸਿਹਰਾ ਪ੍ਰੋ. ਮੋਹਨ ਸਿੰਘ ਮਾਹਿਰ (1905-1978) ਦੇ ਸਿਰ ਹੀ ਸਜਦਾ ਹੈ।[3] ਸਮਾਜ ਅਤੇ ਵਿਅਕਤੀ ਦੇ ਜੀਵਨ ਦਾ ਸੁਚੇਤ ਜਾਂ ਅਚੇਤ ਸਹੀ ਅਨੁਭਵ ਕਰਨਾ ਯਥਾਰਥਵਾਦੀ ਸਾਹਿਤਕਾਰ ਦਾ ਮੁਢਲਾ ਕਰਮ ਹੈ। 'ਸੁਭਾਵਕ ਹੀ ਉਹ ਸਮਾਜ ਵਿਚ ਚਲ ਰਹੀ ਡਾਇਲੈਕਟਿਕਸ ਤੇ ਉਸ ਤੋਂ ਪੈਦਾ ਹੋਏ ਬੁਨਿਆਦੀ ਸਮਾਜਕ ਮਸਲਿਆਂ ਅਤੇ ਇਨ੍ਹਾਂ ਦੇ ਚੱਕ ਤੇ ਚੜ੍ਹੀ ਮਨੁੱਖੀ ਸ਼ਖਸੀਅਤ, ਸਮਾਜਕ ਰਿਸ਼ਤਿਆਂ ਅਤੇ ਵਿਰੋਧੀ ਕੀਮਤਾਂ ਦੇ ਸੰਚਿਆਂ ਦੀ ਖਿਚੋਤਾਣ ਵੱਲ ਖਿਚਿਆ ਜਾਂਦਾ ਹੈ। ਚੱਲ ਰਹੀ ਡਾਇਲੈਕਟਿਕਸ ਦੀ ਸਮੁੱਚੀ ਤੋਰ ਜਾਂ ਇਸ ਵਿਚ ਚਲਦੀ ਜ਼ਿੰਦਗੀ ਦੇ ਕਿਸੇ ਅਹਿਮ ਹਿੱਸੇ ਨੂੰ ਉਹ ਆਪਣੇ ਸਾਹਿਤ ਦਾ ਵਿਸ਼ਾ ਬਣਾਉਂਦਾ ਹੈ।[4] ਸੋ ਯਥਾਰਥਵਾਦੀ ਸਾਹਿਤ ਦਾ ਪਹਿਲਾ ਅੰਗ ਵਿਸ਼ੇ ਦੀ ਸਹੀ ਚੋਣ ਹੈ।[5] 'ਸਾਵੇ ਪੱਤਰ' ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪ੍ਰੋ. ਮੋਹਨ ਸਿੰਘ ਇਕ ਯਥਾਰਥਵਾਦੀ ਕਵਿਤਾ ਦਾ ਜਨਮ-ਦਾਤਾ ਹੈ ਉਂਜ ਭਾਵੇਂ ਅਨੁਭਵ ਪੱਖੋਂ ਅਸੀਂ ਉਸ ਨੂੰ ਇਸ਼ਕ ਦਾ ਕਵੀ ਕਹਿੰਦੇ ਹਾਂ ਆਪਣੇ ਜੀਵਨ ਦੀ ਮੁਢਲੀ ਅਵਸਥਾ ਸਮੇਂ ਮੋਹਨ ਸਿੰਘ ਉੱਤੇ ਉਸ ਦੀ ਪਤਨੀ ਬਸੰਤ ਦੀ ਦੁਖਾਂਤਕ ਮੌਤ ਦਾ ਬੜਾ ਅਸਰ ਪਿਆ। ਇਸ ਨਾਲ ਕਵੀ ਆਪਣੀ ਮਰਹੂਮ ਪ੍ਰੇਮਕਾ ਨਾਲ ਮਨੋਵਿਗਿਆਨਕ ਤੌਰ ਤੇ ਬੱਝ ਗਿਆ। ਦੂਜੇ ਵਿਆਹ ਦੇ ਦੁੱਖ ਨੇ ਉਸ ਨੂੰ ਘਟਾਇਆ ਨਹੀਂ ਸੀ, ਸਗੋਂ ਹੋਰ ਉਲਝ ਗਿਆ।[6] ਜਿਸ ਸਦਕਾ ਇਸ ਵਿਚ ਯਥਾਰਥਵਾਦੀ ਰੁਚੀਆਂ ਦਾ ਆਰੰਭ ਹੋਇਆ। 'ਬਸੰਤ' ਕਵਿਤਾ ਵਿਚਲੀ ਪ੍ਰੀਤ ਮਧ ਵਰਗੀ ਪਤੀ ਦੀ ਪ੍ਰੀਤ ਹੈ ਜੋ ਇਕ ਯਥਾਰਥਵਾਦੀ ਜਜ਼ਬਾ ਹੈ। ਇਸ ਵਿਚਲੀ ਮਿਥ, ਬਸੰਤ ਦੇ ਰੂਪ ਦਾ ਪ੍ਰਗਟਾ, ਪਰਾ ਸਰੀਰਕ ਦ੍ਰਿਸ਼ ਭਾਵੇਂ ਉੱਚ ਪੱਧਰੀ ਰੁਮਾਂਟਿਕਤਾ ਪੈਦਾ ਕਰਦੇ ਹਨ। ਪਰ ਬਸੰਤ ਦਾ ਸੁਪਨੇ 'ਚ ਆਕੇ ਮਿਹਣਾ ਮਾਰਨਾ ਯਥਾਰਥ ਤੋਂ ਉਲਟ ਨਹੀਂ :

ਮੋਹਨ ਕਿੰਜ ਬਣਦਾ ਤੂੰ ਸ਼ਾਇਰ
ਜੇ ਕਰ ਮੈਂ ਨਾ ਮਰਦੀ। (ਪੰਨਾ 35)

ਮੋਹਨ ਸਿੰਘ ਜਦੋਂ ਆਪਣੇ ਚੁਗਿਰਦੇ ਵੱਲ ਝਾਕਦਾ ਹੈ ਤਾਂ ਉਸ ਨੂੰ ਗ਼ਰੀਬੀ ਨਜ਼ਰ ਆਉਂਦੀ ਹੈ। ਹਰ ਥਾਂ ਭੁੱਖੇ ਲੋਕ, ਰੋਟੀ ਤੋਂ ਆਤਰ ਤੇ ਸਮਾਜ ਦੀ ਦੁਰਦਸ਼ਾ ਵੇਖ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁੰਬਿਆ ਜਾਂਦਾ ਹੈ। ਉਹ ਆਪਣੀ ਮਹਿਬੂਬ ਕੁੜੀ ਦਾ ਗਰਾਂ ਛੱਡਣ ਲਈ ਵੀ ਤਿਆਰ ਹੋ ਜਾਂਦਾ ਹੈ। ਭਾਵੇਂ ਇਹ ਉਸ ਦੀ ਪਲਾਇਨਵਾਦੀ ਰੁਚੀ ਹੈ ਪਰ ਤਾਂ ਵੀ ਗਰੀਬਾਂ ਪ੍ਰਤੀ ਉਸ ਦਾ ਸਨੇਹ ਉਸ ਨੂੰ ਮਹਿਬੂਬ ਨਾਲ ਸਮਝੌਤਾ ਨਹੀਂ ਕਰਨ ਦੇਂਦਾ। ਜੋ 'ਮੈਂ ਨਹੀਂ ਰਹਿਣਾ ਤੇਰੇ ਗਰਾਂ' ਨਜ਼ਮ 'ਚੋਂ ਸਪਸ਼ਟ ਹੁੰਦਾ ਹੈ। 'ਗੁਲੇਲੀ' ਕਵਿਤਾ ਗਰੀਬਣੀ ਦਾ ਯਥਾਰਥਕ ਚਿਤਰਣ ਹੈ।

ਮੋਹਨ ਸਿੰਘ ਉੱਪਰ ਯਥਾਰਥ ਦਾ ਜਜ਼ਬਾ ਕਾਫ਼ੀ ਭਾਰੂ ਹੈ ਅਤੇ ਉਹ ਯਥਾਰਥ ਦੇ ਹਰ ਪਹਿਲੂ ਨੂੰ ਵੀ ਇਸੇ ਨੁਕਤੇ ਤੋਂ ਵੇਖਦਾ ਤੇ ਪਰਖਦਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਯਥਾਰਥਵਾਦੀ ਰੰਗ ਤਾਂ ਭਰਦਾ ਹੈ ਪਰ ਸੋਚ ਸਾਮੰਤੀ ਯੁਗ ਨਾਲ ਜਾ ਕਰੰਘੜੀ ਪਾਉਂਦੀ ਹੈ। ਪਰ ਸੁਭਾਅ ਰੁਮਾਂਟਕ ਹੋਣ ਕਰਕੇ ਇਸ ਦੀ ਕਵਿਤਾ ਦੀਆਂ ਅਚੇਤ ਰੂਪ ਵਿਚ ਭੂਪਵਾਦੀ ਕੀਮਤਾਂ ਨੂੰ ਪ੍ਰਵਾਨਗੀ ਦੇ ਜਾਂਦਾ ਹੈ। ਕਵੀ ਲੀਰਾਂ ਵਿਚੀਂ ਝਾਕਦੇ ਹੁਸਨ ਤੇ ਮੋਹਤ ਹੋ ਕੇ ਗਾ ਉੱਠਦਾ ਹੈ :

ਛਿੱਜੇ ਕੱਪੜੇ ਹੋਏ ਲੰਗਾਰੇ
ਵਿਚੋਂ ਪਿੰਡਾ ਲਿਸ਼ਕਾਂ ਮਾਰੇ। (ਪੰਨਾ 20)

ਗਰੀਬਣੀ ਦੇ ਲੰਗਾਰੇ ਹੋਏ ਫਟੇ ਕਪੜਿਆਂ 'ਚੋਂ ਪਿੰਡੇ ਦੀਆਂ ਲਿਸ਼ਕਾਂ, ਨੈਣ 'ਮਸਤੀ ਦੇ ਸਾਗਰ' ਨਾਲ ਤਸ਼ਬੀਹ ਤੋਂ ਗਰੀਬੜੀ ਰਾਜ ਕੁਮਾਰੀ ਲਗਦੀ ਹੈ। ਇਸ ਤਰ੍ਹਾਂ ਦੀ ਗਰੀਬੀ ਕਵੀ ਲਈ ਨਿੰਦਣਯੋਗ ਨਹੀਂ, ਵਾਰੇ ਜਾਣ ਯੋਗ ਹੈ :

ਵਾਹ ਗਰੀਬੀ ਵਾਰੇ ਤੇਰੇ
ਵਸਦੇ ਰਹਿਣ ਚੁਬਾਰੇ ਤੇਰੇ। (ਪੰਨਾ 21)

'ਉਹ ਚੁਬਾਰੇ ਜਿਨ੍ਹਾਂ ਵਿਚ ਭੂਪਤੀ ਵਸਦੇ ਹਨ ਤੇ ਜਿਨ੍ਹਾਂ ਦੇ ਦਰਵਾਜ਼ੇ ਉੱਤੇ ਫਟੇ ਲੰਗਾਰਾਂ ਵਾਲੇ ਮੰਗਤੇ ਆ ਕੇ ਕਦੀ ਘੜੀ ਪਲ ਲਈ ਬੈਠ ਜਾਂਦੇ ਹਨ।'[7]

ਯਥਾਰਥਵਾਦ ਦਾ ਇਤਿਹਾਸਕ ਅਤੇ ਵਿਗਿਆਨਕ ਦਰਸ਼ਨ ਮਾਰਕਸਵਾਦੀ ਚਿੰਤਨ ਵਿਚ ਮਿਲਦਾ ਹੈ। ਇਹ ਚਿੰਤਨ ਜੀਵਨ ਤੇ ਸਮਾਜ ਦੀ ਚਾਲ ਨੂੰ ਦਵੰਦਵਾਦੀ ਭੌਤਿਕਵਾਦ ਦੀ ਦ੍ਰਿਸ਼ਟੀ ਤੋਂ ਪਰਖਦਾ ਹੈ। ਇਸ ਪ੍ਰਕ੍ਰਿਆ ਵਿਚ ਆਧਾਰ ਰੂਪ ਸ਼ਕਤੀ ਉਤਪਾਦਨ ਦੇ ਸਾਧਨਾਂ ਅਤੇ ਇਨ੍ਹਾਂ ਦੇ ਸਮਾਜਕ ਸੰਬੰਧਾਂ ਵਿਚ ਸੰਘਰਸ਼ ਦੀ ਹੋਂਦ ਹੈ। ਮਾਰਕਸਵਾਦ ਆਰਥਕ ਰਿਸ਼ਤਿਆਂ ਅਤੇ ਸਥਿਤੀਆਂ ਨੂੰ ਬਦਲਣ ਲਈ ਕਰਮਸ਼ੀਲ ਹੁੰਦਾ ਹੈ। ਕਲਾ ਤੇ ਸਾਹਿਤ ਯਥਾਰਥਵਾਦੀ ਲਈ ਕੇਵਲ ਮਨੋਰੰਜਨ ਦਾ ਰੂਪ ਨਹੀਂ ਹੁੰਦਾ ਇਨ੍ਹਾਂ ਦੇ ਕਰਮ ਦੇ ਖੇਤਰ ਨੂੰ ਸਮਾਜਕ ਖੇਤਰ ਤੋਂ ਉਹ ਵੱਖਰੇ ਨਹੀਂ ਮੰਨਦਾ।[8] ਇਹੀ ਕਾਰਨ ਹੈ ਕਿ ਮੋਹਨ ਸਿੰਘ ਨੇ ਆਪਣਾ ਰਿਸ਼ਤਾ ਸਮੁੱਚੀ ਜਨਤਾ ਨਾਲ ਕਾਇਮ ਕੀਤਾ ਹੈ ਤੇ 'ਸਾਵੇ-ਪੱਤਰ' ਵਿਚ ਉਸ ਨੇ ਜ਼ਿੰਦਗੀ ਦੇ ਕਈ ਬੁਨਿਆਦੀ ਮਸਲਿਆਂ ਨੂੰ ਛੋਹਿਆ ਹੈ। ਆਜ਼ਾਦੀ ਮਨੁੱਖ ਦਾ ਬੁਨਿਆਦੀ ਮਸਲਾ ਹੈ। ਅਜ਼ਾਦੀ ਲਈ ਮਨੁੱਖ ਸਾਰੀ ਉਮਰ ਭੱਜ ਨੱਠ ਕਰਦਾ, ਜਦੋ ਜਹਿਦ ਕਰਦਾ ਹੈ। 'ਮੈਂ ਨਹੀਂ ਰਹਿਣਾ ਤੇਰੇ ਗਰਾਂ' ਕਵਿਤਾ ਵਿਚ ਮੋਹਨ ਸਿੰਘ ਭੂਪਵਾਦੀ ਸਮਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਯਥਾਰਥਕ ਚਿਤ੍ਰਣ ਖਿਚਦਾ ਹੈ :

ਜਿਥੇ ਵੀਰ ਵੀਰਾਂ ਨੂੰ ਖਾਂਦੇ
ਸਿਰੋਂ ਮਾਰ ਧੁਪੇ ਸੁਟ ਜਾਂਦੇ,
ਜਿਥੇ ਮਜ਼ਹਬ ਦੇ ਨਾਂ ਥੱਲੇ
ਦਰਿਆ ਕਈ ਖ਼ੂਨ ਦੇ ਚੱਲੇ ।

———

ਡੰਗਰਾਂ ਵਾਂਗੂੰ ਬੰਦੇ ਰੱਬ ਦੇ
ਬੱਘੀਆਂ ਅੱਗੇ ਵੇਖੇ ਵਗਦੇ ।　　　　(ਪੰਨਾ 29)

ਮੋਹਨ ਸਿੰਘ ਆਜ਼ਾਦੀ ਦੇ ਇਸ ਅਜ਼ਲੀ ਸੁਪਨੇ ਦੀ ਯਥਾਰਥਕ ਪੇਸ਼ਕਾਰੀ ਤਾਂ ਕਰ ਜਾਂਦਾ ਹੈ ਪਰੰਤੂ ਪ੍ਰਚੰਡ ਭਾਵਾਂ ਦੇ ਆਵੇਸ਼ ਵਿਚ ਹੀ ਆਜ਼ਾਦੀ ਦੀ ਗੱਲ ਤੋਰਦਾ ਅਵਿਗਿਆਨਕ ਤੇ ਜਜ਼ਬਾਤੀ ਪੱਧਰ ਦਾ ਹੋ ਜਾਂਦਾ ਹੈ । ਮੋਹਨ ਸਿੰਘ ਕੋਈ ਲੱਗਦੀ ਨਹੀਂ ਲਗਾਂਦਾ ਸਗੋਂ ਇਸ ਦੁਨੀਆਂ ਨੂੰ ਤਿਆਗ ਕੇ ਉਹ ਜਿਸ ਦੁਨੀਆ ਦਾ ਵਾਸੀ ਬਣਨਾ ਲੋਚਦਾ ਹੈ ਉਥੇ ਕਵੀ ਆਦਮੀ ਨਹੀਂ ਸਗੋਂ ਪਸ਼ੂ ਲੋੜਦਾ ਹੈ, ਪੰਛੀ ਤੇ ਫੁੱਲ ਆਦਿ ਲੋੜਦਾ ਹੈ ਜਿਨ੍ਹਾਂ ਨਾਲ ਕਵੀ ਗੱਲਾਂ ਕਰ ਸਕੇ । ਇਹ ਸਮੱਸਿਆ ਦਾ ਸਮਾਧਾਨ ਨਹੀਂ—ਸਮਾਧਾਨ ਤਾਂ ਇਸ ਪੂੰਜੀਵਾਦੀ ਸਮਾਜ ਨੂੰ ਬਦਲ ਕੇ ਸਮਾਜਵਾਦੀ ਸਮਾਜ ਦੀ ਕਾਇਮੀ ਹੈ । ਕਵੀ ਦੀ ਰੁਮਾਂਟਿਕ ਸੋਚ ਉਸ ਨੂੰ ਕਲਪਿਤ ਸੰਸਾਰ ਵੱਲ ਲਈ ਫਿਰਦੀ ਹੈ ।

ਰਾਤ ਦੁਪਹਿਰੇ ਸੰਝ ਸਵੇਰੇ
ਮਹਿਕਣ ਫੁੱਲ ਚੁਗਿਰਦੇ ਮੇਰੇ ।
ਭੋਲੇ ਭੋਲੇ ਪਿਆਰੇ ਪਿਆਰੇ
ਨਿਆਣੇ ਨਿਆਣੇ ਕੁਆਰੇ ਕੁਆਰੇ ।

———

ਬਿਨਾਂ ਖੌਫ਼ ਦੇ ਪੰਛੀ ਸਾਰੇ
ਲੈਣ ਝਾਟੀਆਂ ਮੇਰੇ ਕਨਾੜੇ ।　　　　(ਪੰਨਾ 33)

ਭਾਰਤੀ ਲੋਕਾਂ ਤੇ ਅੰਗਰੇਜ਼ੀ ਹਕੂਮਤ ਦਾ ਬੋਲਬਾਲਾ ਤੇ ਗੁਲਾਮੀ ਭਰੇ ਜੀਵਨ ਦੀ ਤ੍ਰਾਸਦੀ 'ਮੈਂ ਨਹੀਂ ਰਹਿਣਾ ਤੇਰੇ ਗਰਾਂ' ਵਿਚ ਯਥਾਰਥਕ ਲੱਗਦੀ ਹੈ । ਅੰਗਰੇਜ਼ਾਂ ਦੇ ਅਤਿਆਚਾਰਾਂ ਦਾ ਜ਼ਿਕਰ ਤੇ ਭਾਰਤੀ ਲੋਕਾਂ ਦੀ ਅਧੋਗਤੀ ਦੇ ਸੰਕੇਤ ਸਪਸ਼ਟ ਪ੍ਰਗਟਾਏ ਹਨ ਪਰ ਜਿਸ ਸਥਿਤੀ 'ਚੋਂ ਨਿਕਲ ਕੇ ਕਵੀ ਜਿਸ ਪਾਸੇ ਮੋੜਾ ਕਰਦਾ ਹੈ—ਉਹ ਸਥਿਤੀ ਅਸਪਸ਼ਟ ਅਣਯਥਾਰਥਕ ਤੇ ਨਾਂਹ ਪੱਖੀ ਹੈ । ਜਿਸ ਆਜ਼ਾਦੀ ਦੀ ਲੋਚਾ ਕਵੀ ਕਰ ਰਿਹਾ ਹੈ—ਉਹ ਕਵੀ ਦੀ ਉਪ-ਭਾਵੁਕਤਾ ਦਾ ਨਤੀਜਾ ਹੈ । ਸਮਾਜ ਵਿਚ ਰਹਿ ਕੇ ਸਮਾਜ ਤੋਂ ਕਿਨਾਰਾਕਸ਼ੀ ਕਰਨੀ ਨਿਰੀ ਬੁਰਜੁਆ ਰੁਚੀ ਦੀ ਲਖਾਇਕ ਹੈ । ਕਰਨਜੀਤ ਸਿੰਘ ਦੇ ਵਿਚਾਰ ਅਨੁਸਾਰ, 'ਇਹ ਇਕ ਤਰ੍ਹਾਂ ਦੀ ਨਿਕ੍ਹ-ਬੁਰਜੁਆ ਰੁਚੀ ਹੈ ਜਿਹੜੀ ਇਸ ਪ੍ਰਕਾਰ ਦੇ ਵਿਅਕਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਫਾਂਸ਼ੀ ਮੋੜਾ ਵੀ ਦੇ ਸਕਦੀ ਹੈ ਤੇ ਜੇ ਚੇਤਨਾ ਦੀ ਪੱਧਰ ਤੇ ਜਾਗ ਲੱਗ ਜਾਏ ਤਾਂ ਉਹ ਵਿਗਿਆਨਕ ਇਨਕਲਾਬ ਦੇ ਰਾਹ ਤੇ ਵੀ ਪੈ ਸਕਦਾ ਹੈ। ਪੰਜਾਬ ਦੀ ਧਰਤੀ ਦਾ ਪਾਣੀ ਹੀ ਇਸ ਤਰ੍ਹਾਂ ਦਾ ਹੈ, ਸਾਡੀ ਆਪਣੀ ਪਰੰਪਰਾ ਹੀ ਐਸੀ ਹੈ ਕਿ ਮੋਹਨ ਸਿੰਘ ਇਸ ਇਨਕਲਾਬ ਦੇ ਰਾਹ ਤੇ ਤੁਰਨ ਤੋਂ ਬਿਨਾਂ ਕਿਸੇ ਹੋਰ ਪਾਸੇ ਜਾ ਹੀ ਨਹੀਂ ਸਕਦਾ।[9]

ਸਾਡੇ ਸਮਾਜ ਦੀ ਉਸਾਰੀ ਤੇ ਸਭਿਅਤਾ ਦੇ ਵਿਕਾਸ ਦਾ ਇਤਿਹਾਸ ਮਨੁੱਖ ਦੇ ਸੁਤੰਤਰਤਾ ਲਈ ਕੀਤੇ ਸੰਘਰਸ਼ ਦਾ ਇਤਿਹਾਸ ਹੈ। ਆਦਿ ਕਾਲ ਤੋਂ ਹੁਣ ਤਕ ਇਹ ਸੰਘਰਸ਼ ਨਿਰੰਤਰ ਚਲਿਆ ਆ ਰਿਹਾ ਹੈ। ਇਸੇ ਨਿਰੰਤਰ ਪ੍ਰਗਤੀ ਦੇ ਅਮਲ ਵਿਚੋਂ ਜਮਾਤੀ ਅੰਸ਼ ਪੈਦਾ ਹੋਏ ਤੇ ਜਮਾਤੀ ਸਮਾਜ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਨੁੱਖ ਅਜਿਹੇ ਸਮਾਜਕ ਪ੍ਰਬੰਧ ਲਈ ਜਦੋ ਜਹਿਦ ਕਰਦਾ ਆਇਆ ਹੈ ਜਿਸ ਵਿਚ ਸਾਰੀਆਂ ਪੈਦਾਵਾਰੀ ਸ਼ਕਤੀਆਂ ਤੇ ਕੁੱਲ ਪ੍ਰਾਪਤੀਆਂ ਸਮੁੱਚੀ ਮਨੁੱਖਤਾ ਦੀ ਸੇਵਾ ਵਿਚ ਲੱਗ ਜਾਂਦੀਆਂ ਹਨ। ਜਮਾਤੀ ਸਮਾਜ ਵਿਚ ਆਜ਼ਾਦੀ ਦਾ ਸੰਕਲਪ ਵੀ ਜਮਾਤੀ ਹੋਵੇਗਾ ਪਰੰਤੂ ਪ੍ਰਗਤੀਸ਼ੀਲ ਲੇਖਕ ਲਈ ਮਨੁੱਖ ਦੀ ਇਸ ਜਦੋ ਜਹਿਦ ਵਿਚ ਉਸ ਸ਼ਕਤੀ ਦਾ ਸਾਥ ਦੇਣਾ ਬਣਦਾ ਹੈ ਜੋ ਇਤਿਹਾਸ ਦੇ ਪਹੀਏ ਨੂੰ ਅਗਾਂਹ ਵੱਲ ਧੱਕਾ ਲਾ ਰਹੀ ਹੈ। ਰਾਸ਼ਟਰੀ ਭਾਵਨਾ ਪੱਖੋਂ ਜਾਂ ਦੇਸ਼ ਪਿਆਰ ਦੀ ਕਵਿਤਾ ਪੱਖੋਂ ਵੀ ਮੋਹਨ ਸਿੰਘ ਦੀ ਕਵਿਤਾ ਨੂੰ ਧਿਆਨ ਨਾਲ ਵਾਚਿਆਂ ਪਤਾ ਲੱਗਦਾ ਹੈ ਕਿ ਇਹ ਦੁਬਿਧਾ ਜਾਂ ਦੁਦਿਤੀ ਦੀ ਭਾਵਨਾ ਵਿਚ ਓਤ ਪੋਤ ਕਵਿਤਾ ਹੈ।

ਰਾਸ਼ਟਰੀ ਭਾਵਨਾ ਦੀ ਅਭਿਵਿਅਕਤੀ ਆਧੁਨਿਕ ਪੰਜਾਬੀ ਕਵਿਤਾ ਦੀ ਇਕ ਪ੍ਰਮੁੱਖ ਪ੍ਰਵਿਰਤੀ ਹੈ। ਉਂਜ ਤਾਂ ਪੰਜਾਬੀ ਕਵਿਤਾ ਨਾਲ ਰਾਸ਼ਟਰੀ ਭਾਵਨਾ ਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਆਦਿ ਕਾਲ ਤੋਂ ਹੀ ਤੁਰਿਆ ਆਉਂਦਾ ਹੈ। ਰਾਸ਼ਟਰੀ ਭਾਵਨਾ ਦਾ ਸੰਬੰਧ ਸਾਮੂਹਿਕ ਜੀਵਨ, ਸਾਮੂਹਿਕ ਉੱਨਤੀ ਅਤੇ ਸਾਮੂਹਿਕ ਆਤਮ-ਗੌਰਵ ਨਾਲ ਹੈ। ਅਸਲ ਵਿਚ ਜਾਤੀ ਜਾਂ ਰਾਸ਼ਟਰ ਦੇ ਵਿਅਕਤੀਆਂ ਦੇ ਇਕ ਸਾਥ ਮਿਲ ਕੇ ਰਹਿਣ ਤੇ ਸਾਮੂਹਿਕ ਰੂਪ ਵਿਚ ਆਪਣੀ ਤੇ ਆਪਣੇ ਦੇਸ਼ ਦੀ ਉੱਨਤੀ ਕਰਨ ਦੀ ਇੱਛਾ ਰਾਸ਼ਟਰੀ ਭਾਵਨਾ ਕਹਿਲਾਉਂਦੀ ਹੈ। ਮੋਹਨ ਸਿੰਘ ਦੀ ਕਵਿਤਾ ਵਿਚ ਦੇਸ਼ ਪ੍ਰੇਮ ਦੀ ਭਾਵਨਾ ਤਾਂ ਹੈ ਪਰ ਇਹ ਭਾਵਨਾ ਮਨੁੱਖੀ ਜਜ਼ਬਿਆਂ ਨੂੰ ਪ੍ਰਚੰਡ ਨਹੀਂ ਕਰਦੀ, ਸਤਹੀ ਪੱਧਰ ਤੇ ਸਿਰਫ਼ ਟੁੰਬਦੀ ਹੀ ਹੈ। ਮੋਹਨ ਸਿੰਘ ਸਮਕਾਲੀਨ ਸੰਸਾਰ ਵਿਚ ਦੂਜੇ ਦੇਸ਼ਾਂ ਦੀ ਉਦਾਹਰਣ ਪ੍ਰਸਤੁਤ ਕਰਦਾ ਹੈ ਜਾਂ ਫਿਰ ਉਹੀ ਆਪਣੇ ਗੌਰਵ ਮਈ ਸਾਮੰਤੀ-ਯੁਗ ਦੀ ਪਿਛਲ-ਝਾਤ ਵੱਲ ਸੰਕੇਤ ਕਰਦਾ ਹੈ। 'ਦੇਸ਼ ਪਿਆਰ' ਕਵਿਤਾ ਅਤੇ 'ਸਿਪਾਹੀ ਦਾ ਦਿਲ' ਵਿਚ ਸਾਮੰਤੀ ਪੰਜਾਬ ਦੇ ਦੇਸ ਵਾਸੀਆਂ ਦੀ ਬਹਾਦਰੀ ਨੂੰ ਚਿਤਰਦਾ ਹੈ। ਭੂਤ ਦੀ ਵਿਵੇਕਹੀਣ ਵਡਿਆਈ ਕਰੀ ਜਾਣਾ ਭੂਪਵਾਦੀ ਰੁਚੀ ਤੋਂ ਬਿਨਾਂ ਹੈ ਹੀ ਕੀ? 1936 ਵਿਚ ਆਜ਼ਾਦੀ ਦੀ ਲੜਾਈ ਸ਼ੁਰੂ ਹੋ ਗਈ ਸੀ। ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਦਾ ਸਵਾਲ ਸਪਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਸੀ ਤੇ ਲੋਕ ਵਧ ਚੜ੍ਹ ਕੇ ਕੁਰਬਾਨੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਰਹੇ ਸਨ ਪਰੰਤੂ ਮੋਹਨ ਸਿੰਘ ਗਾ ਰਿਹਾ ਸੀ :

ਰੋ ਰੋ ਕੇ ਪਾਣੀ ਨਾ ਫੇਰ ਐਵੇਂ
ਮੇਰੇ ਸੋਹਣੇ ਪੰਜਾਬ ਦੀ ਆਬ ਉੱਤੇ
ਸਰੂ ਵਰਗੀ ਜਵਾਨੀ ਮੈਂ ਫੂਕਣੀ ਏਂ
ਬਹਿ ਗਏ ਭੂੰਡ ਜੋ ਆਕੇ ਗਲਾਬ ਉੱਤੇ । (ਪੰਨਾ 67)

ਜਿਸ ਵੇਲੇ ਮੋਹਨ ਸਿੰਘ ਨੇ 'ਸਿਪਾਹੀ ਦਾ ਦਿਲ' ਕਵਿਤਾ ਰਚੀ ਉਸ ਵੇਲੇ ਅੰਗਰੇਜ਼ ਪੰਜਾਬੀ ਲੋਕਾਂ ਦਾ ਖ਼ੂਨ ਨਿਚੋੜ ਰਹੇ ਸਨ ਤੇ ਦੇਸ਼ ਜ਼ੁਲਮ ਤੇ ਤਸ਼ੱਦਦ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਸੀ ਤੇ ਪੰਜਾਬ ਹੀ ਨਹੀਂ ਸਾਰੇ ਦੇਸ਼ ਵਿਚ ਅੰਗਰੇਜ਼ਾਂ ਪ੍ਰਤੀ ਰੋਸ ਸੀ ਪਰੰਤੂ ਮੋਹਨ ਸਿੰਘ ਉਸ ਵੇਲੇ ਪੰਜਾਬੀ ਗੱਭਰੂ ਨੂੰ ਇਸ ਗੁਲਾਬ ਦੀ ਸੁਰੱਖਿਆ ਲਈ ਪਤਾ ਨਹੀਂ ਕਿਸ ਭੂੰਡ ਨੂੰ ਫੁੰਡਣਾ ਲੋੜਦਾ ਹੈ ਜਦੋਂ ਕਿ ਭੂੰਡ (ਅੰਗਰੇਜ) ਪਹਿਲੋਂ ਹੀ ਮੌਜੂਦ ਹੈ। ਜਦੋਂ ਕਿਸੇ ਮੁਲਕ ਤੇ ਹਮਲੇ ਹੁੰਦੇ ਹਨ ਉਦੋਂ ਹੀ ਯੁਧ ਗੀਤਾਂ 'ਚ ਰਾਸ਼ਟਰੀ ਕਵਿਤਾ ਪਣਪਦੀ ਹੈ ਪਰੰਤੂ ਮੋਹਨ ਸਿੰਘ ਦੀ ਕਵਿਤਾ ਜੋ 'ਸਾਵੇ ਪੱਤਰ' ਵਿਚ ਸੰਕਲਿਤ ਹੈ ਵਿਚ ਅਸਿਧੇ ਰੂਪ ਵਿਚ ਦੇਸ਼ ਪਿਆਰ ਦੀ ਪ੍ਰੇਰਨਾ ਹੈ, ਪ੍ਰਚੰਡ ਰੂਪ ਵਿਚ ਨਹੀਂ ।

ਜ਼ਿੰਦਗੀ ਨੂੰ ਇਨ-ਬਿਨ ਚਿਤ੍ਰਿਤ ਕਰਕੇ ਪੇਸ਼ ਕਰਨ ਵਾਲੇ ਕਵੀ ਨੂੰ ਭਾਵੇਂ ਯਥਾਰਥਵਾਦੀ ਕਵੀ ਆਖ ਦਿੰਦੇ ਹਾਂ ਪਰੰਤੂ ਯਥਾਰਥਵਾਦੀ ਕਵੀ ਲਈ ਏਨਾ ਹੀ ਕਾਫ਼ੀ ਨਹੀਂ ਕਿਉਂਕਿ ਹਡਸਨ ਅਨੁਸਾਰ ਕਵਿਤਾ ਅਸਲ ਵਿਚ ਜ਼ਿੰਦਗੀ ਨੂੰ ਉਲੀਕਦੀ ਜੀਵਨ ਵਾਸਤੇ ਅਤੇ ਜੀਵਨ ਵਿਚੋਂ ਹੀ ਪ੍ਰਗਟ ਹੁੰਦੀ ਹੈ ।[10] ਇਸ ਲਈ ਕਵੀ ਵਾਸਤੇ ਜ਼ਿੰਦਗੀ ਦੀ ਗਹਿਰਾਈ ਤੇ ਉਚਾਈ ਨੂੰ ਮਾਪ ਕੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਕਾਰਣਾਂ ਦੀ ਤਹਿ ਤੱਕ ਪੁੱਜ ਕੇ ਯੋਗ ਸਮਾਧਾਨ ਦੀ ਤਲਾਸ਼ ਕਰਨੀ ਹੁੰਦੀ ਹੈ । ਸਮਾਜ ਵਿਚ ਆਪੋ ਵਿਚੀਂ ਭਿੜਦੀਆਂ ਤਾਕਤਾਂ ਦੀ ਟੱਕਰ 'ਚੋਂ ਉਪਜੇ ਮਸਲਿਆਂ ਦੀ ਘੁੰਡੀ ਨੂੰ ਸਮਝ ਕੇ ਪਾਠਕ ਦੇ ਅਨੁਭਵ ਨੂੰ ਡੂੰਘਾ ਕਰਨਾ ਵੀ ਹੈ ਪਰੰਤੂ ਮੋਹਨ ਸਿੰਘ ਦੀ ਕਵਿਤਾ ਜਗੀਰਦਾਰੀ ਪਰੰਪਰਾ ਦੇ ਵਿਤਕਰੇਵਾਦੀ ਤਿਆਗ ਤੋਂ ਵਿਅਕਤੀਵਾਦੀ ਮਹਾਜਨੀ ਪਰੰਪਰਾ ਵਿਚ ਅਭੇਦ ਹੋਣ ਤੀਕ ਉਸ ਦੇ ਜੀਵਨ ਪੰਧ ਵਿਚ ਉਸ ਦੀ ਰਹਿਨੁਮਾਈ ਕਿਸੇ ਵਿਸ਼ਵ-ਦਰਸ਼ਨ ਨੇ ਨਹੀਂ ਕੀਤੀ ਸਗੋਂ ਮੋਹਨ ਸਿੰਘ ਦੀ ਪ੍ਰੇਰਨਾ ਦਾ ਸੋਮਾਂ ਤਾਂ ਉਸ ਦੇ ਉਪਯੋਗੀ ਜੀਵਨ ਦੀਆਂ ਲੋੜਾਂ ਹੀ ਰਹੀਆਂ ਹਨ । ਅਤਰ ਸਿੰਘ ਅਨੁਸਾਰ 'ਮੋਹਨ ਸਿੰਘ ਨੂੰ ਇਕ ਕਵੀ ਦੇ ਤੌਰ ਤੇ ਜਿਥੇ ਅਜਿਹੇ ਸਮਾਜਕ, ਧਾਰਮਿਕ ਤੇ ਰਾਜਨੀਤਕ ਪ੍ਰਤਿਬਿੰਬਾਂ ਨਾਲ ਰਾਜੀਨਾਮਾ ਕਰਨਾ ਪਿਆ ਜਿਨ੍ਹਾਂ ਨਾਲ ਉਹ ਕਿਸੇ ਵਡੇਰੀ, ਬਲਵਾਨ ਜਾਂ ਨਵੀਆਂ ਸੰਭਾਵਨਾਵਾਂ ਭਰੀ ਉਭਰਦੀ ਪਰੰਪਰਾ ਨਾਲ ਟਕਰਾ ਕੇ ਉਹ ਆਪਣੇ ਵਿਅਕਤਿਤਵ ਦੇ ਜਤਲਾਉਣ ਦਾ ਰਾਹ ਲੱਭ ਸਕਦਾ ਸੀ ।[11]

ਮੋਹਨ ਸਿੰਘ ਇਕ ਮਾਨੀ ਕਵੀ ਹੈ। ਆਪਣੇ ਸਮਕਾਲੀ ਕਵੀਆਂ ਨਾਲੋਂ ਸਭ ਤੋਂ ਵਧੇਰੇ ਜਾਣਿਆ ਜਾਣ ਵਾਲਾ ਤੇ ਪ੍ਰਸਿਧੀ ਯੁਕਤ ਹੈ ਜਿਸ ਦੀ ਪੰਜਾਬੀ ਕਵਿਤਾ ਨੂੰ ਇਹੀ ਦੇਣ ਹੈ ਕਿ 'ਉਸ ਨੇ ਪੰਜਾਬੀ ਕਵਿਤਾ ਨੂੰ ਧਾਰਮਿਕ ਤੇ ਸਦਾਚਾਰਕ ਸੁਰ ਤੋਂ ਮੁਕਤ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਨੂੰ ਉਸ ਚੌੜੇਰੇ ਤੇ ਡੂੰਘੇਰੇ ਅਨੁਭਵ ਦੇ ਪ੍ਰਗਟਾ ਲਈ ਯੋਗ ਬਣਨ ਦੇ ਰਾਹ ਦੇ ਤੋਰਿਆ ਹੈ ਜਿਸ ਦੀ ਆਵਸ਼ਕਤਾ ਨੂੰ ਨਵੇਂ ਪੰਜਾਬੀ ਕਵੀ ਬੜੀ ਸ਼ਿਦਤ ਨਾਲ ਮਹਿਸੂਸ ਕਰ ਰਹੇ ਸਨ। ਇਹ ਯੁਗ ਮੋਹਨ ਸਿੰਘ ਦਾ ਨਹੀਂ ਸੀ । ਮੋਹਨ ਸਿੰਘ ਇਸ ਯੁਗ ਦਾ ਕਵੀ ਸੀ ਜਿਹੜਾ ਆਪਣੇ ਸੀਮਤ ਜਿਹੇ ਤਜਰਬੇ ਰਾਹੀਂ ਇਸ ਯੁਗ ਦੇ ਵਰਤਾਰੇ ਦੀ ਇਕ ਝਲਕ ਸਾਨੂੰ ਜ਼ਰੂਰ ਦੇ ਸਕਿਆ ਹੈ ਜੋ ਬੜੀ ਕੀਮਤੀ ਹੈ ।

ਇਸ ਗੁਲਾਮ ਅਤੇ ਪਤਨ ਗ੍ਰਸਤ ਗਰੀਬੀ ਤੇ ਕਾਣੀ ਵੰਡ ਵਾਲੇ ਸਮਾਜ ਦੀ ਥਾਂ ਆਜ਼ਾਦ, ਖੁਸ਼ਹਾਲ ਸਮਾਜ ਦੀ ਕਲਪਨਾ ਤੇ ਉਸ ਦਾ ਕਾਵਿਕ ਪ੍ਰਗਟਾਅ ਮੋਹਨ ਸਿੰਘ ਦੀ ਸੁਹਜ ਚੇਤਨਾ ਦਾ ਮੂਲ ਧੁਰਾ ਹੈ। 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਕਵਿਤਾ ਵਿਚ ਉਸ ਦੀ ਪ੍ਰਗਤੀਸ਼ੀਲ ਸੋਚ ਦਾ ਸੁਰ ਉਦੈਮਾਨ ਹੁੰਦਾ ਹੈ। ਮਨੁੱਖੀ ਆਜ਼ਾਦੀ, ਖਾਹਿਸ਼ ਤੇ ਉਸ ਦੀ ਪੂਰਤੀ ਲਈ ਕੁਦਰਤੀ ਵਸੀਲਿਆਂ ਉੱਤੇ ਵਿਸ਼ੇਸ਼ ਸੱਤਾ ਵੀ ਪ੍ਰਭੂਸੱਤਾ ਦੇ ਵਿਰੋਧ ਅਤੇ ਨਿਤਾਣੇ ਵਰਗ ਲਈ ਸੁਤੰਤਰਤਾ ਮਾਣ ਸਕਣ ਦੇ ਵਸੀਲਿਆਂ ਦੀ ਪ੍ਰਾਪਤੀ ਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਮੋਹਨ ਸਿੰਘ ਦੇ ਯਥਾਰਥਵਾਦੀ ਸੰਕਲਪ ਦੀ ਪੇਸ਼ਕਾਰੀ ਕਹੀ ਜਾ ਸਕਦੀ ਹੈ। ਮੋਹਨ ਸਿੰਘ ਨੇ ਇਸ ਗੁਲਾਮ ਸਮਾਜਕ ਢਾਂਚੇ ਜਿਸ ਵਿਚ ਆਰਥਕ ਲੁਟ-ਖਸੁਟ, ਧਾਰਮਕ ਪਖੰਡਵਾਦ ਅਤੇ ਸਮਾਜਕ ਰਹੁ-ਰੀਤਾਂ ਹੇਠ ਦਬੇ ਕੁਚਲੇ ਮਨੁੱਖ ਦੀ ਤ੍ਰਾਸਦੀ ਨੂੰ ਕਾਵਿ-ਬੱਧ ਕੀਤਾ ਹੈ। ਇਹ ਪ੍ਰਯਤਨ ਮਨੁੱਖ ਦੀ ਅਜ਼ਾਦੀ ਦੀ ਪ੍ਰਾਪਤੀ ਲਈ ਕੀਤੀ ਜਾ ਰਹੀ ਜਦੋ ਜਹਿਦ ਵੱਲ ਪ੍ਰੇਰਿਤ ਹੋ ਰਹੀ ਉਸ ਸ਼ਕਤੀ ਦਾ ਸਾਥ ਨਿਭਾਉਂਦਾ ਹੈ ਜੋ ਸ਼ਕਤੀ ਇਤਿਹਾਸ ਦੇ ਪਹੀਏ ਨੂੰ ਅੱਗੇ ਵੱਲ ਲਿਜਾਣ ਤੇ ਉਸਦੀ ਗਤੀ ਵਿਚ ਤੇਜੀ ਲਿਆਉਣ ਦੀ ਸੂਚਕ ਹੈ। ਜਿਸ ਸਮਾਜ ਦੇ ਵਾਤਾਵਰਣ ਦਾ ਚਿਤ੍ਰ ਲੇਖਕ ਨੇ ਪੇਸ਼ ਕੀਤਾ ਹੈ ਉਹ ਯਥਾਰਥਕ ਚਿਤ੍ਰਣ ਹੀ ਤਾਂ ਹੈ :

ਡੰਗਰਾਂ ਵਾਂਗੂੰ ਬੰਦੇ ਰੱਬ ਦੇ
ਬੱਘੀਆਂ ਅੰਦਰ ਦੇਖੇ ਵਗਦੇ । (ਪੰਨਾ 30)
ਜਿਥੇ ਵੀਰ ਵੀਰਾਂ ਨੂੰ ਖਾਂਦੇ
ਸਿਰੋਂ ਮਾਰ ਧੁੱਪੇ ਸੁੱਟ ਜਾਂਦੇ ।
ਜਿਥੇ ਲੱਖਾਂ ਮਣ ਦਾ ਲੋਹਿਆ,
ਜ਼ੰਜੀਰਾਂ ਹੱਥ ਕੜੀਆਂ ਹੋਇਆ । (ਪੰਨਾ 29)

ਅੰਗਰੇਜ਼ੀ ਰਾਜ ਦੇ ਜੂਲੇ ਵਿਚ ਜੁਤੇ ਭਾਰਤੀ ਲੋਕਾਂ ਦੀ ਸਹੀ ਜੀਵਨ ਦੀ ਤਸਵੀਰ ਮੋਹਨ ਸਿੰਘ ਨੇ ਕਾਮਯਾਬੀ ਨਾਲ ਖਿੱਚੀ ਹੈ ਜੋ ਪ੍ਰਾਪਤ ਯਥਾਰਥ ਕਹੀ ਜਾ ਸਕਦੀ ਹੈ। ਉਸ ਵੇਲੇ ਦੇ ਰਾਜਨੀਤਿਗਾਂ ਦੀ ਕੂਟਲਨੀਤੀ ਤੇ ਉਸ ਦੇ ਪਾਏ ਸਮਾਜ ਉਤੇ ਬੁਰੇ ਪ੍ਰਭਾਵਾਂ ਤੋਂ ਨਿਕਲੇ ਗਲਤ ਨਤੀਜਿਆਂ ਨੇ ਦੇਸ਼ ਨੂੰ ਪਤਨ ਤੇ ਅਧੋਗਤੀ ਦੀ ਦਸ਼ਾ ਵੱਲ ਧਕੇਲ ਦਿੱਤਾ। ਅਜਿਹੀ ਸਥਿਤੀ ਤੋਂ ਮੁਕਤੀ ਪ੍ਰਾਪਤ ਕਰਨ ਲਈ ਕਵੀ ਜੋ ਰਾਹ ਪੇਸ਼ ਕਰਦਾ ਹੈ, ਉਹ ਇੱਛਤ ਯਥਾਰਥ ਦਾ ਰਾਹ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੱਛਤ ਯਥਾਰਥ ਦਾ ਮੋਹਨ ਸਿੰਘ ਦੁਆਰਾ ਚਿਤ੍ਰਿਆ ਗਿਆ ਸਰੂਪ ਅਤੇ ਸੁਭਾਅ ਵਿਸ਼ੇਸ਼ ਰੂਪ ਵਿਚ ਸੁਹਜਮਈ ਹੈ। ਯਥਾਰਥ ਆਪਣੇ ਆਪ ਵਿਚ ਕੋਈ ਵਿਸ਼ੇਸ਼ ਰੂਪ ਜਾਂ ਸੌਂਦਰੀਯ ਦਾ ਧਾਰਨੀ ਨਹੀਂ ਹੁੰਦਾ। ਮਨੁੱਖੀ ਚੇਤਨਾ ਯਥਾਰਥ ਦੇ ਅਜਿਹੇ ਰੂਪ ਨੂੰ ਇਸ ਵਿਸ਼ੇਸ਼ ਤਰਤੀਬ, ਅਰਥ ਅਤੇ ਰੰਗਾਂ ਵਿਚ ਚਿਤ੍ਰ ਕੇ ਗ੍ਰਹਿਣ ਕਰਦੀ ਹੈ। ਇਹ ਅਮਲ ਆਪਣੇ ਆਪ ਵਿਚ ਉਹ ਸਿਰਜਣਾਤਮਕ ਅਮਲ ਹੈ ਜਿਹੜਾ ਯਥਾਰਥ ਨੂੰ ਇਕ ਵਿਸ਼ੇਸ਼ ਸੁਹਜਮਈ ਰੂਪ ਪ੍ਰਦਾਨ ਕਰਦਾ ਹੈ। ਮੋਹਨ ਸਿੰਘ ਦੀ ਕਾਵਿ-ਪ੍ਰਕ੍ਰਿਆ ਵਿਚ ਯਥਾਰਥ ਦਾ ਇਹ ਸਿਰਜਣਾਤਮਕ ਰੂਪਾਂਤਰਣ ਸੁਹਜਾਤਮਕ ਹੁੰਦਿਆਂ ਉਸ ਦੀ ਸੁਹਜ ਚੇਤਨਾ ਦੇ ਮਹੱਤਵਪੂਰਣ ਪੱਖ ਨੂੰ ਪ੍ਰਗਟ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ ਮੋਹਨ ਸਿੰਘ ਦੀ ਸੁਹਜ-ਚੇਤਨਾ ਕੇਵਲ ਕਾਵਿ ਦੇ ਮਾਧਿਅਮਾਂ ਦੀ ਹੀ ਚੇਤਨਾ ਨਹੀਂ ਸਗੋਂ ਕਾਵਿ ਦੇ ਵਿਸ਼ੇ ਵਸਤੂ ਜਾਂ ਯਥਾਰਥ ਦੇ ਸੁਹਜਮਈ ਰੂਪ ਦੀ ਸਿਰਜਣਾ ਦੀ ਚੇਤਨਾ ਵੀ ਹੈ।

ਹਵਾਲੇ ਅਤੇ ਟਿੱਪਣੀਆਂ

1. ਗੁਰਦੇਵ ਸਿੰਘ, **ਸਾਹਿਤ ਵਿਚ ਵਾਦ**, ਪੰਨਾ 48.
2. ਉਹੀ, ਪੰਨਾ 50.
3. **ਪੰਜਾਬੀ ਸਾਹਿਤ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 398.
4. ਕਿਸ਼ਨ ਸਿੰਘ, **ਸਾਹਿਤ ਦੀ ਸਮਝ**, ਪੰਨਾ 10.
5. ਉਹੀ, ਪੰਨਾ 11.
6. Jasbir Singh Ahluwalia, *Modern Punjabi Poetry*, p. 10.
7. ਸੰਤ ਸਿੰਘ ਸੇਖੋਂ, **ਸਾਹਿਤ ਸਮਾਚਾਰ** (ਮੋਹਨ ਸਿੰਘ ਅੰਕ), ਪੰਨਾ 68.
8. ਵਿਸ਼ਵਾਨਾਥ ਤਿਵਾੜੀ, **ਮੋਹਨ ਸਿੰਘ ਸਾਹਿਤ ਗੋਸ਼ਟੀ**, ਪੰਨਾ 55.
9. ਕਰਨਜੀਤ ਸਿੰਘ, **ਮੋਹਨ ਸਿੰਘ ਕਾਵਿ ਅਧਿਐਨ**, ਪੰਨਾ 52.
10. U.H. Hudson, *An Introduction to the Study of Literature*, p. 92.
11. ਅਤਰ ਸਿੰਘ, **ਮੋਹਨ ਸਿੰਘ ਸਮ੍ਰਿਤੀ ਅੰਕ**, ਪੰਨਾ 34.
12. ਉਹੀ, ਪੰਨਾ 35.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3.

ਰੁਮਾਂਸਵਾਦ

ਮੋਹਨ ਸਿੰਘ ਉਦੋਂ ਭਰ ਜਵਾਨ ਸੀ ਜਦੋਂ ਉਸ ਨੇ ਪੰਜਾਬੀ ਦੀ ਕਾਵਿ-ਸਰਦਲ ਤੇ ਪੱਬ ਟਿਕਾਇਆ। ਉਸ ਵੇਲੇ ਉਹ ਪੂਰਬਲੇ ਪੰਜਾਬੀ ਕਾਵਿ ਤੋਂ ਅਣਜਾਣ ਵੀ ਨਹੀਂ ਸੀ ਤੇ ਉਸ ਨੇ ਯੂਰਪੀਨ ਸਾਹਿਤ ਦਾ ਅਧਿਐਨ ਵੀ ਚੋਖਾ ਕਰ ਲਿਆ ਸੀ ਜਿਸਦਾ ਪ੍ਰਤੱਖ ਪ੍ਰਭਾਵ 1936 ਵਿਚ ਉਸ ਦੀ ਛਪੀ ਪੁਸਤਕ 'ਸਾਵੇ ਪੱਤਰ' ਵਿਚੋਂ ਸਹਿਜੇ ਹੀ ਝਲਕਦਾ ਦ੍ਰਿਸ਼ਟਮਾਨ ਹੁੰਦਾ ਹੈ। ਆਪਣੇ ਮੁਢਲੇ ਪੜ੍ਹਾ ਤੇ ਮੋਹਨ ਸਿੰਘ ਯਥਾਰਥ ਮੁਖੀ ਨਾਲੋਂ ਰੁਮਾਂਸਵਾਦੀ ਵਧੇਰੇ ਸੀ। ਰੁਮਾਂਸਵਾਦੀ ਸ਼ਾਇਰ ਅਸਚਰਜਤਾ, ਸੌਂਦਰਤਾ ਤੇ ਨਿਰਪੇਖ ਸੁਤੰਤਰਤਾ ਦਾ ਖੋਜੀ ਹੁੰਦਾ ਹੈ ਪਰੰਤੂ ਮੋਹਨ ਸਿੰਘ ਦੀ ਸ਼ਾਇਰਾਨਾ ਤਬੀਅਤ ਦਾ ਰੰਗਲਾ ਪਹਿਲੂ ਵੀ ਉਸ ਦੀ ਰੁਮਾਂਟਿਕ ਰੁਚੀ ਹੈ ਕਿਉਂਕਿ ਉਸ ਸਮੇਂ ਭਾਰਤੀ ਬੋਲੀਆਂ ਵਿਚ ਵੀ ਜੋ ਹੋਰ ਸਾਹਿਤ ਸਿਰਜਿਆ ਜਾ ਰਿਹਾ ਸੀ ਉਹ ਵੀ ਰੁਮਾਂਟਿਕ ਰੰਗ ਵਾਲਾ ਹੀ ਵਧੇਰੇ ਸੀ। 'ਮੋਹਨ ਸਿੰਘ ਬੁਨਿਆਦੀ ਤੌਰ ਤੇ ਭਾਵੇਂ ਯਥਾਰਥਵਾਦੀ ਕਵੀ ਸੀ ਪਰ ਉਸ ਦੇ ਯਥਾਰਥਵਾਦ ਵਿਚ ਵੀ ਰੁਮਾਂਸ ਦੀ ਮਹੀਨ ਜਿਹੀ ਧਾਰਾ ਸ਼ੁਰੂ ਤੋਂ ਹੀ ਵਿਦਮਾਨ ਸੀ।'[1]

ਰੁਮਾਂਟਿਕ ਕਵੀ ਯਥਾਰਥ ਨੂੰ ਉਸੇ ਤਰ੍ਹਾਂ ਨਹੀਂ ਵੇਖਦਾ ਜਿਵੇਂ ਕਿ ਉਹ ਵਾਪਰਿਆ ਹੁੰਦਾ ਹੈ ਸਗੋਂ ਉਹ ਯਥਾਰਥ ਨੂੰ ਆਪਣੀ ਰੰਗੀਨ ਕਲਪਨਾ ਦੇ ਅਨੁਭਵ ਨਾਲ ਇਕ ਸੁਰ ਕਰਦਾ ਤੇ ਮਾਣਦਾ ਹੈ। ਰੁਮਾਂਟਿਕ ਕਵੀ ਦੇ ਮਨ ਵਿਚ ਰੁਮਾਂਸ ਹੁੰਦਾ ਹੈ। ਜਦੋਂ ਇਹ ਰੁਮਾਂਸ ਉਸ ਦੇ ਨੈਣਾਂ ਵਿਚ ਆ ਉਤਰਦਾ ਹੈ ਤਾਂ ਉਸ ਦੇ ਬਾਹਰੀ ਸੰਸਾਰ ਦੀ ਕਠੋਰਤਾ ਨੂੰ ਤੱਕਣ ਸਮੇਂ ਉਦੋਂ ਉਸਦੇ ਨੈਣਾਂ ਵਿਚਲੇ ਰੁਮਾਂਸ ਸਦਕਾ ਕਠੋਰਤਾ ਮੁਲਾਇਮਦਾਰ ਤੇ ਕੋਮਲਭਾਵੀ ਹੋ ਜਾਂਦੀ ਹੈ।

'ਰੁਮਾਂਟਿਕ ਸ਼ਬਦ ਅੰਗਰੇਜ਼ੀ ਸ਼ਬਦ 'Romantic' ਦਾ ਹੀ ਲਿਪੀ-ਅੰਤਰ ਹੈ। ਰੋਮੈਂਸ ਦੇ ਕੋਸ਼ਗਤ ਅਰਥ ਹਨ : ਲੋਕ ਭਾਸ਼ਾ ਲਾਤੀਨੀ ਤੋਂ ਨਿਕਸਤ ਦੇਸੀ ਭਾਸ਼ਾਵਾਂ ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫਰਾਂਸੀਸੀ, ਪੁਰਤਗਾਲੀ, ਇਤਾਲਵੀ, ਰੋਮਾਨਵੀ ਆਦਿ। ਰੁਮਾਂਸ ਦੇ ਅਰਥ ਸੂਰਮਗਤੀ ਦੀ ਕਥਾ ਵਾਰਤਾ ਜੋ ਮੂਲ ਰੂਪ ਵਿਚ ਛੰਦਾ-ਬੰਦੀ ਵਿਚ ਹੋਵੇ।[2]

ਰੁਮਾਂਸ ਛੁਹ, ਮਿਹਨਤ, ਖੁਸ਼ੀ, ਪਾਲੇ, ਗੁੱਸੇ, ਬੀਮਾਰੀ ਜਾਂ ਡਰ ਆਦਿ ਨਾਲ ਸਰੀਰ ਦੇ ਰੌਂਗਟੇ ਜਾਂ ਲੂੰ ਕੰਡੇ ਖੜੇ ਹੋ ਜਾਣ ਨੂੰ 'ਰੁਮਾਂਚ ਸਾਤ੍ਵਿਕ' ਆਖਦੇ ਹਨ।[3] ਰੁਮਾਂਸ ਦੀ ਪਰਿਭਾਸ਼ਾ 'ਸਾਹਿਤ ਦਰਪਣ' ਵਿਚ ਵਿਸ਼ਵਾਨਾਥ ਨੇ ਵੀ ਕੀਤੀ ਹੈ।[4]

ਡਾ. ਗੋਪਾਲ ਸਿੰਘ ਦੇ ਕਥਨ ਅਨੁਸਾਰ ਰੁਮਾਂਚਵਾਦ 1654 ਈ. ਵਿਚ ਪਹਿਲੇ ਪਹਿਲ ਅੰਗਰੇਜ਼ੀ ਵਿਚ ਰੋਮਾਂਚ ਵਰਗਾਂ ਦੇ ਅਰਥਾਂ ਵਿਚ ਪ੍ਰਵਾਨ ਹੋਇਆ ਭਾਵ ਕਾਲਪਨਿਕ, ਮਨਘੜਤ, ਵਹਿਮੀ, ਹਵਾਈ। ਅਠਾਰਵੀਂ ਸਦੀ ਵਿਚ ਇਨ੍ਹਾਂ ਨੂੰ ਚੰਗੀ ਭਾਵਨਾ ਵਿਚ ਬੰਨ੍ਹਿਆ ਗਿਆ। ਇਸੇ ਸਦੀ ਦੇ ਅੱਧ ਵਿਚ 'ਕੁਦਰਤ ਚਿਤ੍ਰਣ' ਵੀ ਇਸੇ ਵਿਚ ਸ਼ਾਮਲ ਕਰ ਲਿਆ ਗਿਆ। ਉੱਨੀਵੀਂ ਸਦੀ ਦੇ ਆਰੰਭ ਵਿਚ ਇਸ ਨੂੰ ਕਲਾਸਿਕ (ਪ੍ਰਮਾਣਿਕ) ਸਾਹਿਤ ਤੋਂ ਵਖਰਿਆਇਆ ਗਿਆ। ਫਿਰ ਇਸ ਦੇ ਅਰਥ ਹੋਰ ਵਿਸਤਰਿਤ ਹੋ ਗਏ।[5]

ਸਾਹਿਤ ਦੇ ਪ੍ਰਸੰਗ ਵਿਚ ਰੁਮਾਂਸ ਜਾਂ ਰੁਮਾਂਟਿਕਤਾ ਤੋਂ ਮੁਰਾਦ ਕਵਿਤਾ ਦੀ ਅਜਿਹੀ ਧਾਰਾ ਹੈ ਜਿਹੜੀ ਪੁਰਾਤਨ ਲੀਹਾਂ ਤੋਂ ਬਗਾਵਤ ਕਰਦੀ ਹੈ ਅਤੇ ਜਿਸ ਦੇ ਵਸਤੂ, ਰੂਪ, ਕਲਾ ਪ੍ਰਭਾਵ ਅਤੇ ਸ਼ੈਲੀ ਵਿਚ ਲੋਕ ਅੰਸ਼ਾਂ ਦੀ ਬਹੁਲਤਾ ਹੈ।[6]

ਰੁਮਾਂਸਵਾਦੀ ਕਵੀ ਦੇ ਕਾਵਿਕ ਮਨ ਵਿਚ ਕਲਪਨਾ ਦੀ ਬਹੁਲਤਾ ਹੋਣ ਸਦਕਾ ਉਹ ਅਦਭੁਤ ਅਨੁਭਵ ਵਿਚ ਉਡਾਰੀਆਂ ਲਾਉਂਦਾ ਹੈ ਜਿਸ ਕਾਰਨ ਰੁਮਾਂਟਿਕ ਕਵਿਤਾ ਵਿੱਚ ਰਹੱਸ ਦਾ ਅੰਸ਼ ਆ ਸਮਾਉਂਦਾ ਹੈ ਤੇ ਰੁਮਾਂਸਵਾਦੀ ਲਾਜ਼ਮੀ ਤੌਰ ਤੇ ਆਦਰਸ਼ਵਾਦੀ ਵੀ ਹੁੰਦਾ ਹੈ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀ ਕਾਵਿ-ਸਿਰਜਣਾ ਦੇ ਕਈ ਧਰਾਤਲ ਹਨ। 'ਰੁਮਾਂਟਿਕ ਆਦਰਸ਼ਵਾਦ ਉਸ ਨੂੰ ਗੁੜ੍ਹਤੀ ਵਿਚੋਂ ਹੀ ਪ੍ਰਾਪਤ ਹੋਇਆ।' ਮੋਹਨ ਸਿੰਘ ਦੀ ਸ਼ਾਇਰੀ ਦਾ ਮੁੱਖ ਸੁਰ ਰੁਮਾਂਸਵਾਦ ਹੈ। ਮੋਹਨ ਸਿੰਘ ਭਾਵੇਂ ਬਹੁ ਦਿਸ਼ਾਵੀ ਅਨੁਭਵ ਵਾਲਾ ਸ਼ਾਇਰ ਹੈ ਜਿਸਦੀ ਕਵਿਤਾ ਵਿਚ ਸੂਫ਼ੀਆਨਾ ਅੰਦਾਜ਼ ਹੈ, ਬਿਰਹਾ ਦਾ ਸੁਮੇਲ ਹੈ, ਵਿਵੇਕ, ਰਹੱਸ, ਅਹਿਸਾਸ ਤੇ ਕਲਪਣਾ ਦੀ ਪਾਣ ਹੈ ਪਰ ਸਭ ਤੋਂ ਵੱਧ ਰੁਮਾਂਟਿਕ ਰੁਚੀ ਪ੍ਰਮੁਖ ਰੂਪ ਵਿਚ ਪ੍ਰਧਾਨ ਹੈ।

ਕੋਈ ਵੀ ਲੇਖਕ ਵੇਲੇ ਦੇ ਸਾਮਿਅਕ ਜੀਵਨ ਤੋਂ ਪ੍ਰਭਾਵਤ ਹੋਣੋਂ ਨਹੀਂ ਰਹਿ ਸਕਦਾ। ਉਸ ਦੀ ਰਚਨਾ ਉਸ ਦੇ ਆਪਣੇ ਕਾਲ ਦੀ ਪੈਦਾਇਸ਼ ਹੁੰਦੀ ਹੈ। ਮੋਹਨ ਸਿੰਘ ਨੇ ਵੀ ਪਰਾਸਰੀਰਕ ਅਤੇ ਅਧਿਆਤਮਕ 'ਸੱਚ' ਜਿਸ ਵਿਚ ਆਤਮਾ ਤੇ ਪਰਮਾਤਮਾ ਦੇ ਸੁਮੇਲ ਦਾ ਪ੍ਰਗਟਾਅ ਹੁੰਦਾ ਹੈ, ਨੂੰ ਬਿਆਨ ਕਰਨ ਦੀ ਥਾਂ ਉਸ ਨੇ ਇਸਤਰੀ ਪੁਰਖ ਦੇ ਪਿਆਰ ਨੂੰ ਜਾਂ ਮਨੁੱਖ ਦੇ ਸੰਸਾਰਕ ਜੀਵਨ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਪਰਮਾਤਮਾ ਤੋਂ ਮਨੁੱਖ ਵੱਲ ਆਉਣ ਦਾ ਇਹ ਕ੍ਰਮ ਕਵਿਤਾ ਵਿਰ ਮੋਹਨ ਸਿੰਘ ਦੀ ਪ੍ਰਥਮ ਕਦਮੀ ਹੈ ਜਿਸ ਦੁਆਰਾ ਮਨੁੱਖ ਦੇ ਅੰਦਰਲੇ ਜਗਤ ਨੂੰ ਉਘਾੜਕੇ ਅੰਤਰੀਵ ਮਨੁੱਖੀ ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਪਰਿਚਯ ਕਰਵਾਇਆ ਹੈ। 'ਮੋਹਨ ਸਿੰਘ ਨੇ ਇਸਤਰੀ ਮਰਦ ਦੇ ਪਿਆਰ ਨੂੰ ਮਜ਼ਬੀ, ਮਿਥਿਹਾਸਕ ਤੇ ਸਮਾਜ-ਪ੍ਰਵਾਨ ਰੂਪ ਵਿਚ ਹੀ ਜ਼ਾਹਿਰ ਹੋਣ ਦੀ ਮਜ਼ਬੂਰੀ ਤੋਂ ਬਾਹਰ ਕੱਢ ਕੇ ਇਕ ਇਨਸਾਨੀ ਨੌਰਮ ਦੀ ਹੈਸੀਅਤ ਵਿਚ ਪੇਸ਼ ਕੀਤਾ ਅਤੇ ਇਸ ਦੇ ਰਾਹੀਂ ਇਸ ਦੀ ਪੂਰਤੀ ਦੇ ਦੁਸ਼ਮਣਾਂ, ਸਮਾਜ ਦੇ ਗੈਰ ਇਨਸਾਨੀ ਅੰਗਾਂ ਦਾ ਉਘੇੜ ਸ਼ੁਰੂ ਹੋਇਆ ਪਰ ਇਨ੍ਹਾਂ ਦੇ ਪਿਆਰ ਦੇ ਪ੍ਰਗਟਾਅ ਵਿਚ ਸਮਾਜਕ ਚੇਤਨਾ ਦਾ ਅੰਗ ਘੱਟ ਤੇ ਰੁਮਾਂਟਿਕ ਚੇਤਨਾ ਦਾ ਅੰਗ ਜ਼ਿਆਦਾ ਹੋਣ ਕਰਕੇ ਕਮਜ਼ੋਰੀ ਰੈਲ ਸੀ।'[8] ਸਿੰਧਣ ਕਵਿਤਾ ਵਿਚ ਪਿਆਰ ਦਾ ਪ੍ਰਗਟਾਅ ਹੈ ਪਰ ਇਸ ਵਿਚ ਮੋਹਨ ਸਿੰਘ ਜਗੀਰਦਾਰੀ ਪ੍ਰਬੰਧ ਵਿਚ ਇਸਤਰੀ ਦੀ ਸਥਿਤੀ ਨੂੰ ਜਿਉਂ ਦਾ ਤਿਉਂ ਸਵੀਕਾਰ ਕਰ ਬੈਠਾ ਹੈ। ਮੋਹਨ ਸਿੰਘ ਉਸ ਭਾਵੁਕ ਅਤਿਆਚਾਰ ਦੀ ਤਾਂ ਨਿੰਦਿਆ ਕਰਦਾ ਹੈ ਜਿਵੇਂ 'ਅਨਾਰਕਲੀ' ਜਾਂ 'ਨੂਰ ਜਹਾਨ' ਜਿਨ੍ਹਾਂ ਵਿਚ ਉਸ ਨੂੰ ਇਹ ਨਹੀਂ ਸੁਝੀ ਕਿ ਅਨਾਰਕਲੀ ਤੇ ਨੂਰਜਹਾਨ ਨਿੱਜੀ ਰੂਪ ਵਿਚ ਇਸ ਭੂਪਵਾਦੀ ਰਾਜ ਪ੍ਰਬੰਧ ਵਿਚਲੇ ਤੰਦੂਏ ਹੀ ਸਨ। ਉਹ ਇਸ ਦੇ ਆਰਥਿਕ ਢਾਂਚੇ ਬਾਰੇ ਸੁਚੇਤ ਨਹੀਂ।

ਇਸ ਅਧੂਰੇ ਆਲੋਚਨਾ ਕ੍ਰਮ ਤੋਂ ਅੱਗੇ ਚਲਕੇ ਮੋਹਨ ਸਿੰਘ ਉਨ੍ਹਾਂ ਲੋਕਾਂ ਨੂੰ ਲੈਂਦਾ ਹੈ ਜਿਨ੍ਹਾਂ ਦਾ ਭੂਪਵਾਦੀ ਅਤਿਆਚਾਰ ਵਿਚ ਉਤਲੇ ਵਰਗ ਵਾਲਾ ਭਾਗ ਨਹੀਂ ਹੁੰਦਾ ਪਰ ਜਿਹੜੇ ਇਸ ਅਤਿਆਚਾਰ ਦਾ ਹੇਠਲਾ ਪੁੜ ਹੁੰਦੇ ਹਨ, ਸਗੋਂ ਇਸ ਤੋਂ ਵੀ ਅੱਗੇ ਇਨ੍ਹਾਂ ਦੋਹਾਂ ਪੁੜਾਂ ਵਿੱਚ ਪਿਸ ਰਹੇ ਹੁੰਦੇ ਹਨ ਪਰ ਜਿਨ੍ਹਾਂ ਦਾ ਪਿਸਣਾ ਮੋਹਨ ਸਿੰਘ ਦੇ ਗਿਆਨ ਵਿਚ ਨਹੀਂ ਆਇਆ।[9]

ਮੋਹਨ ਸਿੰਘ ਦੀ ਕਵਿਤਾ ਖਾਸ ਤੌਰ ਤੇ 'ਮੈਂ ਨਹੀਂ ਰਹਿਣਾ ਤੇਰੇ ਗਰਾਂ' ਯਥਾਰਥ ਤੇ ਰੁਮਾਂਸ ਦੇ ਸੁਮੇਲ ਨਾਲ ਓਤਪੋਤ ਕਵਿਤਾ ਹੈ ਜਿਸ ਵਿਚਲਾ ਯਥਾਰਥ ਸਭਿਅਤਾ ਦੇ ਆਦਿ ਤੋਂ ਵਰਤਮਾਨ ਤੱਕ ਦੇ ਇਤਿਹਾਸ ਵਿਚ ਲੋਟੂ ਤੇ ਜ਼ਾਲਮ ਤਾਕਤਾਂ ਦਾ ਨਿਰਬਲ ਤੇ ਆਮ ਆਦਮੀ ਤੇ ਹੁੰਦਾ ਤਸ਼ੱਦਦ ਹੈ।

ਮੋਹਨ ਸਿੰਘ ਲਿਖਦਾ ਹੈ :

> ਡੰਗਰਾਂ ਵਾਂਗੂੰ ਬੰਦੇ ਰੱਬ ਦੇ
> ਬੱਘੀਆਂ ਅੱਗੇ ਦੇਖੇ ਵਗਦੇ।
>
> ———
>
> 'ਈਸਾ' ਵਰਗੇ ਸੂਲੀ ਚੜ੍ਹਦੇ
> 'ਹੁਸਨ ਹੁਸੈਨ' ਪਿਆਸੇ ਮਰਦੇ
> 'ਨਾਨਕ' ਵਰਗੇ ਚੱਕੀਆਂ ਪੀਂਹਦੇ।
> 'ਰਾਮ' ਜਿਹੇ ਬਨਬਾਸੀ ਥੀਂਦੇ। (ਪੰਨਾ 30)

ਮੋਹਨ ਸਿੰਘ ਦੀ ਭਾਵਨਾ ਇਸ ਨਿਰਦੈਤਾ ਦੇ ਪ੍ਰਤੀਕੂਲ ਹੈ। ਜਦੋਂ ਉਹ ਇਸ ਨਿਰਦੈਤਾ ਦਾ ਸਮਾਧਾਨ ਕਰਨ ਦੇ ਆਹਰ ਵਿਚ ਹੁੰਦਾ ਹੈ ਤਾਂ ਉਹ ਰੁਮਾਂਟਿਕ ਹੋ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤੇ ਪਲਾਇਨਵਾਦ ਦਾ ਸ਼ਿਕਾਰ ਹੋ ਜਾਂਦਾ ਹੈ ਜਿਸ ਸਦਕਾ ਉਸ ਦੀ ਖ਼ਾਹਿਸ਼ ਇਸ ਸੰਸਾਰ ਵਿਚ ਰਹਿਣ ਦੀ ਨਹੀਂ ਸਗੋਂ ਅਜਿਹੇ ਸੰਸਾਰ ਵਿਚ ਰਹਿਣ ਦੀ ਹੋ ਜਾਂਦੀ ਹੈ ਜਿਸ ਦੀ ਕਲਪਨਾ ਨਿਰੀ ਰੁਮਾਂਸ ਦੀ ਮੁਥਾਜ ਹੁੰਦੀ ਹੈ। ਕਵੀ ਦੀ ਇਹ ਪਹੁੰਚ ਰੁਮਾਂਚਿਕ ਪਹੁੰਚ ਹੀ ਹੈ ਜਦੋਂ ਉਹ ਆਖਦਾ ਹੈ :

ਚਾਹਣ ਜਿਧਰ ਮੁਸਕਾਵਣ ਕਲੀਆਂ,
ਚਾਹਣ ਜਿਧਰ ਮੁੜ ਜਾਵਣ ਨਦੀਆਂ,
ਚਾਹਣ ਜਿਧਰ ਉਗ ਆਵਣ ਚੀਲਾਂ,
ਚਾਹਣ ਜਿਧਰ ਚੜ੍ਹ ਜਾਵਣ ਵੇਲਾਂ,
ਇਸ ਆਜ਼ਾਦ ਫ਼ਿਜ਼ਾ ਦੇ ਅੰਦਰ
ਮੈਂ ਇਕ ਦੁਨੀਆਂ ਨਵੀਂ ਵਸਾਂ—। (ਪੰਨਾ 32)

ਨਾ ਕੋਈ ਮੈਨੂੰ ਲੰਬੂ ਲਾਵੇ,
ਨਾ ਕੋਈ ਮੇਰੀ ਕਬਰ ਬਣਾਵੇ,
ਨਾ ਕੋਈ ਉੱਤੇ ਫੁਲ ਚੜ੍ਹਾਵੇ,
ਨਾ ਕੋਈ ਉੱਤੇ ਦੀਆ ਜਗਾਵੇ—। (ਪੰਨਾ 34)

ਇਹ ਕਲਪਿਤ ਸੰਸਾਰ ਯਥਾਰਥਵਾਦੀ ਸੰਸਾਰ ਨਹੀਂ, ਸਗੋਂ ਉਪ-ਭਾਵੁਕ ਸੱਚ ਦਾ ਧਾਰਨੀ ਇਕ ਰੁਮਾਂਟਿਕ ਸੰਸਾਰ ਹੈ। ਰੁਮਾਂਸ ਦਾ ਰੁਖ ਵਿਕਾਸ ਉਨਮੁਖ ਹੋਵੇ ਜਾਂ ਹ੍ਰਾਸ-ਉਨਮੁਖ ਪਰ ਉਹ ਰੁਖ ਆਦਰਸ਼ਵਾਦੀ ਹੁੰਦਾ ਹੈ। ਰੁਮਾਂਟਿਕ ਕਵੀ ਦੀ ਕਵਿਤਾ ਤੇ ਅਸਚਰਜਤਾ, ਸੌਂਦਰਤਾ ਅਤੇ ਨਿਰਪੇਖ ਸੁਤੰਤਰਤਾ ਦੀ ਪਾਣ ਚੜ੍ਹੀ ਹੋਈ ਹੋਣ ਕਰਕੇ ਉਸ ਦਾ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਵੀ ਇਕ ਖਾਸ ਕਿਸਮ ਦਾ ਹੁੰਦਾ ਹੈ ਜੋ ਅਸਲੀਅਤ ਤੋਂ ਮੁਖ ਮੋੜ ਕੇ ਅਦ੍ਰਿਸ਼ਟ ਤੇ ਆਦਰਸ਼ਕ ਸੰਸਾਰ ਦੀਆਂ ਭੁੱਲ ਭੁਲਈਆਂ ਵਿਚ ਗੁਆਚ ਜਾਂਦਾ ਹੈ। 'ਖੂਹ ਦੀ ਗਾਧੀ ਉਤੇ', 'ਤੋਤੇ ਦੀ ਬੇਰੀ' ਅਤੇ 'ਅੰਬੀ ਦੇ ਬੂਟੇ ਥੱਲੇ' ਮੋਹਨ ਸਿੰਘ ਦੀਆਂ ਲਾ-ਜਵਾਬ ਰੁਮਾਂਟਿਕ ਕਵਿਤਾਵਾਂ ਹਨ ਜਿਨ੍ਹਾਂ ਵਿਚੋਂ ਉਪਰੋਕਤ ਕਥਨਾਂ ਦਾ ਝਾਉਲਾ ਪੈਂਦਾ ਨਜ਼ਰ ਆਉਂਦਾ ਹੈ। ਔਰਤ ਅਤੇ ਮਰਦ ਦਿਆਂ ਰਿਸ਼ਤਿਆਂ ਨੂੰ ਬਿਆਨ ਕਰਦੇ ਸਮੇਂ ਜਦੋਂ ਸਮਾਜਿਕ ਵਿਵਸਥਾ ਪਿਆਰ ਦੀ ਸੁਤੰਤਰਤਾ ਵਿਚ ਵਾਧਕ ਬਣਦੀ ਹੈ ਤੇ ਪਿਆਰ ਦੀ ਪੂਰਤੀ ਵਾਸਤਵਿਕ ਸੰਸਾਰ ਵਿਚ ਹੁੰਦੀ ਨਜ਼ਰ ਨਹੀਂ ਆਉਂਦੀ ਤਾਂ ਕਵੀ ਕਿਸੇ ਅਜਿਹੇ ਸੁਪਨ ਸੰਸਾਰ ਦੀ ਸਿਰਜਣਾ ਕਰਦਾ ਹੈ ਜਿਸ ਵਿਚ ਇਹ ਪੂਰਤੀ ਸੰਭਵ ਹੋਵੇ।

ਕਾਗਾਂ ਹੱਥ ਨਾ ਏਦਾਂ ਜੇਕਰ ਹੋਇਆ ਕੋਈ ਨਬੇੜਾ,
ਫਿਰ ਘਲਸਾਂ ਮੈਂ ਨਲ ਆਪਣੇ ਨੂੰ ਹੰਸਾਂ ਹੱਥ ਸੁਨੇਹੜਾ।
ਹੰਸ ਮੇਰੇ ਵੀ ਕਾਗਾਂ ਵਾਂਗਰ, ਜੇ ਬਦ-ਕਿਸਮਤ ਜਾਪੇ।
ਚੜ੍ਹ ਤਖ਼ਤੇ ਦੇ ਉਣਟ-ਖਟੋਲੇ ਫਿਰ ਮੈਂ ਮਿਲਸਾਂ ਆਪੇ। (ਪੰਨਾ 41)

ਰੁਮਾਂਸਵਾਦੀ ਕਵੀ ਦੀ ਸੋਚ ਕਲਪਨਾ ਦੇ ਖੰਭਾਂ ਨਾਲ ਵਧੇਰੇ ਉਡਣ ਦੇ ਯਤਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਤਤਪਰ ਰਹਿੰਦੀ ਹੈ ਜਿਸ ਕਾਰਨ ਉਹ ਅਗੰਮ ਤੇ ਅਦਭੁੱਤ ਅਨੁਭਵ ਮੰਡਲਾਂ ਵਿਚ ਜਾ ਪੁੱਜਦਾ ਹੈ ਇਹੀ ਕਾਰਣ ਹੈ ਕਿ ਰੁਮਾਂਟਿਕ ਸ਼ਾਇਰ ਦੀ ਕਵਿਤਾ ਵਿਚ ਅਜਿਹੇ ਰਹੱਸ ਦਾ ਅੰਸ਼ ਸੁਭਾਵਕ ਹੀ ਆ ਜਾਂਦਾ ਹੈ :

ਜੇ ਤੂੰ ਗਲ ਵਿਚ ਫੁੱਲਾਂ ਦਾ ਹਾਰ ਪਾਇਆ,
ਤੇਰੇ ਲੱਕ ਨੂੰ ਪਏ ਕੜਵੱਲ ਮੋਈਏ ।
ਜੇ ਤੂੰ ਹੱਥਾਂ ਤੇ ਪੈਰਾਂ ਨੂੰ ਲਾਈ ਮਹਿੰਦੀ,
ਭਾਰ ਨਾਲ ਤੂੰ ਸਕੀ ਨਾ ਹੱਲ ਮੋਈਏ । (ਪੰਨਾ 57)

ਮੋਹਨ ਸਿੰਘ ਪਿਆਰ ਦੇ ਮਾਮਲੇ ਵਿਚ ਵਧੇਰੇ ਰੁਮਾਂਟਿਕ ਹੈ । ਜਦੋਂ ਉਹ ਪਿਆਰ ਵਿਚ ਨਾਕਾਮਯਾਬੀ ਦਾ ਮੂੰਹ ਤਕਦਾ ਹੈ ਤਾਂ ਉਹ ਪਰਿਸਥਿਤੀਆਂ ਨਾਲ ਸਮਝੌਤਾ ਕਰ ਕੇ ਆਦਰਸ਼ਵਾਦ ਦੀ ਓਟ ਲੈ ਲੈਂਦਾ ਹੈ :

ਵਿਚੋਂ ਕਬਰ ਨੇ ਮੈਨੂੰ ਆਵਾਜ਼ ਆਈ,
ਮੰਨ ਸ਼ਾਇਰਾ ਰਬੇ ਰਹੀਮ ਤਾਈਂ ।
ਮੇਰੀਆਂ ਅੱਖੀਆਂ ਸਾਹਮਣੇ ਖੜਾ ਹੋ ਕੇ,
ਮੰਦਾ ਬੋਲ ਨਾ ਮੇਰੇ ਸਲੀਮ ਤਾਈਂ । (ਪੰਨਾ 57)

ਰੁਮਾਂਸਵਾਦੀ ਕਵੀ ਦਾ ਆਦਰਸ਼ਵਾਦੀ ਹੋ ਜਾਣਾ ਤਾਂ ਲਾਜ਼ਮੀ ਹੈ ਜੋ ਮਨੁੱਖ ਦੀਆਂ ਅਤ੍ਰਿਪਤ ਖਾਹਿਸ਼ਾਂ ਨੂੰ ਅਦ੍ਰਿਸ਼ਟ ਸੰਸਾਰ ਵਿਚ ਤ੍ਰਿਪਤ ਹੋ ਜਾਣ ਦਾ ਵਿਸ਼ਵਾਸ ਦਵਾਉਂਦਾ ਹੈ ਤੇ ਇਸ ਕ੍ਰਮ ਸਦਕਾ ਅਤ੍ਰਿਪਤ ਮਨ ਪੂਰਨਤਾ ਅਨੁਭਵ ਕਰਨ ਲੱਗ ਜਾਂਦਾ ਹੈ । ਮੋਹਨ ਸਿੰਘ ਅਨੁਸਾਰ ਇਹ ਅਪੂਰਨਤਾ ਤੇ ਅਸਫ਼ਲਤਾ ਹੀ ਅਸਲ ਪਿਆਰ ਦੀ ਲਖਾਇਕ ਹੈ ਜੋ ਮਨੁੱਖ ਨੂੰ ਆਨੰਦ ਵਿਭੋਰ ਕਰਦੀ ਹੈ । ਤਾਂਹੀਓਂ ਮੋਹਨ ਸਿੰਘ ਇਸ ਅਪੂਰਨਤਾ ਨੂੰ ਹੀ ਵਰਦਾਨ ਦੱਸਦਾ ਹੈ :

ਪੂਰੀ ਸ਼ੈ ਨੂੰ ਡਰ ਘਾਟੇ ਦਾ
ਡਰ ਨਾ ਅੱਧੀ ਤਾਈਂ ।
ਰੱਬਾ ਮੇਰੇ ਪਿਆਰ ਦੀ ਮੰਜ਼ਿਲ
ਪੂਰੀ ਕਦੀ ਨਾ ਹੋਵੇ । (ਪੰਨਾ 53)

ਇਹ ਅਧੂਰਾਪਣ ਅਤੇ ਪ੍ਰੀਤ-ਅਸਫ਼ਲਤਾ ਹੀ ਮੋਹਨ ਸਿੰਘ ਦੇ ਰੁਮਾਂਟਿਕ ਦਰਸ਼ਨ ਦਾ ਆਧਾਰ ਹੈ । ਸਾਵੇ ਪੱਤਰ ਦੀ ਕਵਿਤਾ ਚੇਤਨ ਵਿਅਕਤੀ ਦੀ ਕਵਿਤਾ ਨਹੀਂ ਸਗੋਂ ਨਿਯੰਤਰਣ ਹੀਣ ਹੋਕੇ ਉਪ-ਭਾਵਕ ਪੱਧਰ ਤੇ ਸਿਰਜੀ ਰੁਮਾਂਟਕ ਕਵਿਤਾ ਹੈ । ਮੋਹਨ ਸਿੰਘ ਦੀ ਸ਼ਖ਼ਸੀਅਤ ਤੇ ਕਾਵਿ-ਕਲਾ ਨੇ ਜਿਸ ਪਾਸੇ ਵਲ ਵਿਕਸਤ ਹੋਣਾ ਸੀ 'ਸਾਵੇ ਪੱਤਰ' 'ਚੋਂ ਉਸਦੀ ਝਲਕ ਮੱਧਮ ਸੁਰ ਤੋਂ ਗੌਣ ਰੂਪ ਵਿਚ ਹੀ ਮਿਲਦੀ ਹੈ । ਮੁੱਖ ਸੁਰ ਤਾਂ ਚਕਾਚੌਂਧ ਕਰ ਸਕਣ ਵਾਲਾ ਰੁਮਾਂਸਮਈ ਪ੍ਰਗਟਾ ਹੀ ਹੈ ਜੋ ਹਥਲੀਆਂ ਬਹੁਤੀਆਂ ਕਵਿਤਾਂਵਾਂ ਵਿਚੋਂ ਸਪਸ਼ਟ ਝਲਕਦਾ ਨਜ਼ਰ ਆਉਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. Jasbir Singh Ahluwalia, *Modern Punjabi Poetry*, p. 47.
2. ਜੀਤ ਸਿੰਘ ਸੀਤਲ, 'ਮੋਹਨ ਸਿੰਘ ਦੀ ਕਵਿਤਾ ਵਿਚ ਰੁਮਾਂਸਵਾਦ' (ਪੇਪਰ) ਪੰਨਾ 5.
3. ਭਰਤਮੁਨੀ, **ਨਾਟ ਸ਼ਾਸਤਰ**, 6118.
4. ਹਰਸਾਦ੍ ਭੂਤਭਯਾਦਿਰਯੋ੍ ਰੋਮਾਂਚੋ ਰੋਮ ਵਿਕ੍ਰਿਆ ।
   ਵਿਸ਼ਵਨਾਥ, **ਸਾਹਿਤ ਦਰਪਣ**...
5. ਗੋਪਾਲ ਸਿੰਘ, **ਰੋਮਾਂਚਿਕ ਪੰਜਾਬੀ ਕਵਿਤਾ**, ਪੰਨਾ 54.
6. ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ-ਲੋਕ**, ਪੰਨਾ 62.
7. ਕ੍ਰਿਪਾਲ ਸਿੰਘ ਕਸੇਲ, "ਮੋਹਨ ਸਿੰਘ ਦੀ ਕਾਵਿ-ਪ੍ਰਾਪਤੀ", **ਮੋਹਨ ਸਿੰਘ ਸਿਮਰਤੀ ਅੰਕ**, ਪੰਨਾ 61.
8. ਕਿਸ਼ਨ ਸਿੰਘ, **ਸਾਹਿਤ ਦੇ ਸੋਮੇ**, ਪੰਨਾ 123.
9. ਸੰਤ ਸਿੰਘ ਸੇਖੋਂ, "ਪ੍ਰੋ. ਮੋਹਨ ਸਿੰਘ ਪ੍ਰਗਤੀਸ਼ੀਲ ਲਹਿਰ" (ਪੇਪਰ), ਪੰਨਾ 3.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4.

ਸੁਹਜ-ਚੇਤਨਾ

ਕਿਸੇ ਸ਼ਾਇਰ ਦੀ ਸੁਹਜ-ਚੇਤਨਾ ਨੂੰ ਸਮਝਣ ਲਈ ਉਸ ਦੀ ਕਵਿਤਾ ਦੀ ਹੋਂਦ ਵਿਧੀ ਨੂੰ ਵਾਚਦਿਆਂ ਉਸ ਕਵਿਤਾ ਦੇ ਵਸਤੂ ਅਤੇ ਰੂਪ ਨੂੰ ਇਕ ਦੂਜੇ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਵਸਤੂ ਅਤੇ ਰੂਪ ਦਾ ਆਪਸੀ ਰਿਸ਼ਤਾ ਦੁਅੰਦਾਤਮਕ ਰਿਸ਼ਤਾ ਹੈ। ਨਾ ਤਾਂ ਵਸਤੂ ਦੀ ਹੋਂਦ ਰੂਪ ਤੋਂ ਬਿਨਾਂ ਕਿਆਸੀ ਜਾ ਸਕਦੀ ਹੈ ਅਤੇ ਨਾ ਹੀ ਰੂਪ ਦਾ ਅਕਸ ਵਸਤੂ ਬਿਨਾਂ ਬਿਆਨਿਆ ਜਾ ਸਕਦਾ ਹੈ। ਵਸਤੂ ਤੇ ਰੂਪ ਇਕ ਦੂਜੇ ਦੇ ਪੂਰਕ ਹੋ ਕੇ ਵੀ ਇਕ ਦੂਜੇ ਦੀ ਹੋਂਦ ਨੂੰ ਸਿਰਜਦੇ ਹਨ ਜਿਸ ਨੂੰ ਅਸੀਂ ਕਾਵਿਕ ਰੂਪ ਦੀ ਸੰਗਿਆ ਦਿੰਦੇ ਹਾਂ। ਜਿਥੇ ਰੂਪ ਵਸਤੂ ਨੂੰ ਸਾਕਾਰ ਕਰਦਾ ਹੈ, ਉਸ ਦੇ ਚਿਹਨ ਸਿਰਜਦਾ ਹੈ, ਉਸ ਦੇ ਮੁਹਾਂਦਰੇ ਨੂੰ ਉਘਾੜਦਾ ਹੈ ਉਥੇ ਵਸਤੂ ਰੂਪ ਨੂੰ ਰੂਪਾਂਤਮਕ ਲਿਬਾਸ ਪ੍ਰਦਾਨ ਕਰਨ ਵਿਚ ਆਪਣਾ ਯੋਗਦਾਨ ਪਾਉਂਦਾ ਹੈ। ਵਸਤੂ (Matter), ਵਿਧੀ (Mode) ਅਤੇ ਅੰਦਾਜ਼ (Manner) ਨੂੰ ਸਾਹਿਤ ਦਾ ਆਧਾਰ ਮਿਥ ਕੇ ਵਸਤੂ ਅਤੇ ਰੂਪ ਵਿਚਕਾਰ ਇਕ ਵਿਸ਼ੇਸ਼ ਕਿਸਮ ਦਾ ਬੁਨਿਆਦੀ ਵੱਖਰਾਪਣ ਸਥਾਪਿਤ ਕਰਨ ਦਾ ਯਤਨ ਸਾਹਿਤ ਆਚਾਰੀਆਂ ਵਲੋਂ ਕੀਤਾ ਜਾਂਦਾ ਰਿਹਾ ਹੈ। ਵਸਤੂ ਅਤੇ ਰੂਪ ਦੋਵੇਂ ਅੰਤਰ ਸੰਬੰਧਿਤ ਹਨ। ਰੂਪ ਵਸਤੂ ਦਾ ਜਿਸਮ ਹੈ ਤੇ ਰਚਨਾ ਵਿਚ ਵਸਤੂ ਬੁਨਿਆਦੀ ਤੱਤ ਹੈ। ਪਹਿਲ ਇਸੇ ਬੁਨਿਆਦੀ ਤੱਤ ਦੀ ਹੈ ਪਰ ਰੂਪ ਤੇ ਵਸਤੂ ਦਾ ਰਿਸ਼ਤਾ ਇਕਪਾਸੜ ਨਾ ਹੋ ਕੇ ਪਰਸਪਰ ਸੰਬੰਧਿਤ ਹੈ। ਫਿਰ ਵੀ ਵਿਸ਼ਲੇਸ਼ਣ ਕਰਨ ਲਈ ਇਨ੍ਹਾਂ ਨੂੰ ਅਲੱਗ ਅਲੱਗ ਕਰਕੇ ਵੇਖਣ ਤੇ ਪਰਖਣ ਨਾਲ ਸਮੱਸਿਆਵਾਂ ਦੇ ਸਮਝਣ ਵਿਚ ਆਸਾਨੀ ਮਹਿਸੂਸ ਹੁੰਦੀ ਹੈ।

ਕਲਾ ਕਿਰਤ ਵਿਚ ਵਸਤੂ ਦੀ ਵਾਸਤਵਿਕਤਾ ਉਸ ਦੀ ਰੂਪਾਤਮਕਤਾ ਨਾਲ ਏਦਾਂ ਸੰਯੁਕਤ ਹੈ ਕਿ ਇਕ ਦੀ ਕਲਪਨਾ ਦੂਜੀ ਬਾਝੋਂ ਸੰਭਵ ਹੀ ਨਹੀਂ। ਰੂਪ ਦਾ ਜ਼ਿਕਰ ਅਰਸਤੂ ਵੇਲੇ ਤੋਂ ਹੀ ਪ੍ਰਚਲਿਤ ਹੈ। 'ਉਸ ਨੇ ਕਰਣ/ਅਨੁਕਰਣ, ਸੰਭਾਵਨਾ/ਸੰਭਾਵਤਾ, ਇਤਿਹਾਸ/

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਆਦਿ ਜੁੱਟਾਂ ਰਾਹੀਂ ਵਸਤੂ ਅਤੇ ਰੂਪ ਵਿਚਕਾਰ ਬੁਨਿਆਦੀ ਕਿਸਮ ਦਾ ਨਿਖੇੜਾ ਸਥਾਪਿਤ ਕੀਤਾ ਸੀ।[1] ਰੂਪ ਵਿਸ਼ਿਸ਼ਟਤਾ ਦਾ ਨਾਂ ਹੀ ਕਲਾ ਹੈ। ਸਤ ਸਾਹਿਤ ਦਾ ਲਕਸ਼ ਹੈ ਤੇ ਸੌਂਦਰਯ ਉਸ ਦਾ ਮਾਧਿਅਮ। ਕਿਸੇ ਵੀ ਕਾਵਿ-ਕਿਰਤ ਦੇ ਅਦੁੱਤੀ ਰੂਪ ਦੀ ਪਹਿਚਾਣ ਕਿਸ ਵਿਧੀ ਰਾਹੀਂ ਕੀਤੀ ਜਾਵੇ, ਇਸ ਦਾ ਸਾਡੇ ਪਾਸ ਕੋਈ ਨਿਸ਼ਚਿਤ ਤੇ ਸਥਾਈ ਮਾਪਦੰਡ ਨਹੀਂ ਜੋ ਹਰ ਤਰ੍ਹਾਂ ਦੀ ਕਵਿਤਾ ਦਾ ਚਿਹਨ ਪਛਾਣਨ ਵਿਚ ਇਕ ਅਚੁੱਕ ਕਸਵੱਟੀ ਵਜੋਂ ਸਹਾਈ ਹੋ ਸਕੇ। ਕਿਸੇ ਵੀ ਕਵਿਤਾ ਦੀ ਰੂਪ ਗਤ ਪਹਿਚਾਣ ਸਮੇਂ ਕੁਝ ਕੁ ਉਨ੍ਹਾਂ ਤੱਤਾਂ ਨੂੰ ਭੂਮੀ ਵਜੋਂ ਪ੍ਰਯੋਗ ਕਰਦੇ ਹਾਂ ਜੋ ਸਭ ਕਵਿਤਾਵਾਂ ਵਿਚ ਸਾਂਝੇ ਹੁੰਦੇ ਹਨ। ਇਸ ਸਾਂਝੀਦਾਰੀ ਦੀ ਪੇਸ਼ਕਾਰੀ ਭਿੰਨ ਭਿੰਨ ਥਾਵਾਂ ਤੇ ਭਿੰਨ ਭਿੰਨ ਹੈ ਜੋ ਇਕ ਤਣਾਓ ਵਿਚ ਪਸਰੀ ਹੁੰਦੀ ਹੈ। ਕਾਵਿ ਦੇ ਰੂਪ ਨੂੰ ਜਾਣਨ ਲਈ ਇਸ ਤਣਾਓ ਨੂੰ ਹੀ ਆਦਿ-ਬਿੰਦੂ ਮਿਥਿਆ ਜਾਂਦਾ ਹੈ।

ਰੂਪ ਦੇ ਅਧਿਐਨ ਲਈ ਕਈਆਂ ਮਾਧਿਅਮਾਂ ਤੇ ਸਾਧਨਾਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ ਜਿਸ ਸਦਕਾ ਵਸਤੂ ਨੂੰ ਸਾਕਾਰ ਕਰਨ ਦੇ ਯਤਨ ਹੋਏ। ਇਨ੍ਹਾਂ ਸਾਧਨਾਂ ਅਤੇ ਮਾਧਿਅਮਾਂ ਦਾ ਸੰਤੁਲਨ ਅਤੇ ਦੁਅੰਦਾਤਮਕ ਰਿਸ਼ਤਾ ਹੋ ਸਕਿਆ ਹੈ ਜਾਂ ਨਹੀਂ ਇਹ ਕਾਵਿ ਦੀ ਹੋਂਦ ਦੇ ਪਰੰਪਰਾਗਤ ਤੱਤਾਂ ਦੇ ਅਧਿਐਨ ਤੋਂ ਬਾਅਦ ਹੀ ਇਸ ਦੇ ਕਿਸੇ ਠੋਸ ਨਿਰਣੇ ਤੇ ਪੁੱਜਿਆ ਜਾ ਸਕਦਾ ਹੈ।

ਕਵਿਤਾ ਕਦੇ ਵੀ ਆਲੋਚਨਾ ਦੇ ਪਦਚਾਪ ਤੇ ਨਹੀਂ ਤੁਰਦੀ. ਸਗੋਂ ਆਲੋਚਨਾ ਕਵਿਤਾ ਦੀ ਅਨੁਸਾਰੀ ਹੁੰਦੀ ਹੈ। ਕਿਸੇ ਕਵੀ ਤੋਂ ਇਹ ਆਸ ਵੀ ਨਹੀਂ ਰੱਖੀ ਜਾ ਸਕਦੀ ਕਿ ਉਹ ਕਾਵਿ-ਸਿਰਜਣ ਪ੍ਰਕ੍ਰਿਆ ਸਮੇਂ ਆਪਣੀ ਕਵਿਤਾ ਨੂੰ ਸਨਾਤਨੀ ਆਲੋਚਨਾ ਦੇ ਕਿਸੇ ਇਕ ਜਾਂ ਦੂਜੇ ਰੂਪ ਨੂੰ ਸਿਧਾਂਤਕ ਰੂਪ ਵਿਚ ਅਪਣਾ ਕੇ ਕਾਵਿ ਸਿਰਜਣਾ ਕਰੇ। ਪਰ ਕਾਵਿ-ਸਿਰਜਣਾ ਤੋਂ ਬਾਅਦ ਆਲੋਚਕ ਹੀ ਇਹ ਤਹਿ ਕਰਦੇ ਹਨ ਕਿ ਆਲੋਚਨਾ ਦੇ ਕਿੰਨ੍ਹਾਂ ਔਜ਼ਾਰਾਂ ਨਾਲ ਇਸ ਦੀ ਚੀਰ ਫਾੜ ਕਰਨੀ ਹੈ। ਸਾਹਿਤ ਸਿਰਜਣਾ ਲਈ ਪਹਿਲਾਂ ਕਿਸੇ ਅਗਾਊਂ ਸਿਧਾਂਤ ਨੂੰ ਵਾਚਣ ਦੀ ਜ਼ਰੂਰਤ ਨਹੀਂ ਸਗੋਂ ਸਾਹਿਤ ਤਾਂ ਲੇਖਕ ਦੇ ਉਚੇਚੇ ਅਨੁਭਵ ਨੂੰ ਕਿਸੇ ਸੁਚੱਜੇ ਰੂਪ ਵਿਚ ਸੰਪ੍ਰੇਸ਼ਿਤ ਕਰਨ ਦਾ ਨਾਂ ਹੈ ਪਰ ਫਿਰ ਵੀ ਸਾਹਿਤ ਸਿਧਾਂਤਾਂ ਦੀ ਪ੍ਰੇਖਣਾ ਸਾਹਿਤ ਸਿਰਜਣਾ ਲਈ ਹੀ ਨਹੀਂ, ਸਾਹਿਤ ਨੂੰ ਸਮਝਣ ਵਿਚ ਵੀ ਯੋਗ ਸਮਰੱਥਾ ਪਾ ਸਕਦੀ ਹੈ।

ਪ੍ਰੋ. ਮੋਹਨ ਸਿੰਘ ਪੰਜਾਬੀ ਦਾ ਇਕ ਅਜਿਹਾ ਸ਼ਾਇਰ ਹੈ ਜਿਸ ਦੀ ਕਾਵਿ-ਯਾਤਰਾ ਪੰਜਾਬੀ ਸਭਿਆਚਾਰ ਦੇ ਵਾਹਵਾ ਅਨੁਕੂਲ ਵਹਿੰਦੀ ਹੋਈ ਆਪਣੀਆਂ ਸ਼ਿਖਰਾਂ ਵੱਲ ਨੂੰ ਵਿਕਸਿਤ ਹੁੰਦੀ ਰਹੀ ਹੈ। ਉਸ ਦੀ ਲੋਕ ਪ੍ਰਿਯਤਾ ਅਤੇ ਯੁਗ ਕਵੀ ਸਥਾਪਤ ਹੋਣ ਦਾ ਭੇਤ ਉਸ ਦੀ ਕਾਵਿ-ਕਲਾ ਦੀ ਵਿਲੱਖਣ ਯੁਕਤ ਵਿਚ ਹੀ ਲੁਪਤ ਹੈ ਜੋ ਪਰੰਪਰਾ ਤੋਂ ਆਧੁਨਿਕਤਾ ਤੱਕ ਦਾ ਸਫ਼ਰ ਹੈ।

'ਸਾਵੇ-ਪੱਤਰ' ਮੋਹਨ ਸਿੰਘ ਦੇ ਪ੍ਰਥਮ ਕਾਵਿ-ਅਨੁਭਵ ਦਾ ਪ੍ਰਤੀਨਿਧ ਸੰਕਲਨ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਸ ਦੇ ਵਾਚਣ ਤੋਂ ਇਹ ਪ੍ਰਤੱਖ ਜ਼ਾਹਰ ਹੁੰਦਾ ਹੈ ਕਿ ਕਵੀ ਆਪਣੀਆਂ ਪਰੰਪਰਾਗਤ ਕਾਵਿ-ਰੂੜ੍ਹੀਆਂ ਅਤੇ ਬਿਆਨ ਬਾਜ਼ੀਆਂ ਦੀ ਪਰਿਧੀ ਵਿਚ ਹੀ ਘਿਰਿਆ ਹੋਇਆ ਹੈ। ਪਰ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ 'ਸਾਵੇ-ਪੱਤਰ' ਵਿਚ ਕਵੀ ਨੇ ਮੌਲਿਕ ਵਿਸ਼ੇ ਛੋਹੇ ਹਨ, ਕਲਾ ਵਿਚ ਸੱਜਰੀਆਂ ਰੇਖਾਵਾਂ ਵਾਹੀਆਂ ਹਨ, ਸੁਰ ਵੀ ਨਵੇਂ ਛੇੜੇ ਹਨ ਪਰ ਸਮੁੱਚਾ ਪ੍ਰਭਾਵ ਰਹੁ ਰੀਤ ਦੀ ਪਾਲਣਾ ਹੀ ਹੈ।[2] ਇਸ ਖੰਡ ਵਿਚ ਅਸੀਂ ਮੋਹਨ ਸਿੰਘ ਦੀ ਸੁਹਜ ਚੇਤਨਾ ਦਾ ਵਿਸ਼ਲੇਸ਼ਣ ਉਪਰੋਕਤ ਵਰਣਿਤ ਕੀਤੇ ਆਧਾਰ ਤੇ ਹੀ ਕਰਨ ਦਾ ਯਤਨ ਕਰਾਂਗੇ।

ਛੰਦ-ਪ੍ਰਬੰਧ

ਮੋਹਨ ਸਿੰਘ ਦੀ ਤਬੀਅਤ ਇਕ ਪੂਰਣ ਕਵੀ ਦੀ ਤਬੀਅਤ ਹੈ। ਇਹੀ ਕਾਰਣ ਹੈ ਕਿ ਉਸ ਦੇ ਧੁਰ ਅੰਤਹਕਰਣ 'ਚੋਂ ਫੁਟਦਾ ਵਿਚਾਰ ਕੇਵਲ ਵਸਤੂ ਪਖੋਂ ਹੀ ਨਹੀਂ ਸਗੋਂ ਰੂਪ ਪਖੋਂ ਵੀ ਸੁਹਜਤਾ ਦਾ ਨਮੂਨਾ ਬਣ ਕੇ ਪੇਸ਼ ਹੁੰਦਾ ਹੈ ਜੋ ਕਿਸੇ ਪਰੰਪਰਾਗਤ ਛੰਦ ਵਿਚ ਢਲਿਆ ਹੁੰਦਾ ਹੈ। ਹਡਸਨ ਅਨੁਸਾਰ 'ਵਿਚਾਰ ਸਾਨੂੰ ਉਨਾ ਜ਼ਿਆਦਾ ਅਤੇ ਤੁਰੰਤ ਨਹੀਂ ਟੁੰਬਦੇ ਜਿੰਨਾ ਉਸ ਵਿਚਾਰ ਨੂੰ ਪ੍ਰਗਟਾਉਣ ਦਾ ਢੰਗ।'[3] ਸੋ ਛੰਦ ਵੀ ਕਵਿਤਾ ਦੇ ਯਾਨਰਿਕ ਸੁਭਾਅ ਦੇ ਵਿਲੱਖਣਤਾ ਦਾ ਪਛਾਣ ਚਿੰਨ੍ਹ ਹੈ ਜੋ ਕਵਿਤਾ ਨੂੰ ਉਤਕ੍ਰਿਸ਼ਟਤਾ ਪ੍ਰਦਾਨ ਕਰਦਾ ਹੈ। ਛੰਦ ਕਵਿਤਾ ਦਾ ਨਾਂ ਨਹੀਂ ਸਗੋਂ ਕਵਿਤਾ ਦੀ ਪੂਰਣਤਾ ਦਾ ਮਾਧਿਅਮ ਹੈ ਜੋ ਸ਼ਬਦ ਸੰਗੀਤ, ਭਾਵ ਸੰਗੀਤ ਤੇ ਸੁਰ ਸੰਗੀਤ ਦੇ ਤ੍ਰੈਮੁਖੀ ਸੰਯੋਗ ਨੂੰ ਸੰਪਨ ਕਰਨ ਦੀ ਸ਼ਕਤੀ ਨੂੰ ਸੰਯੋਜਿਤ ਕਰਦਾ ਹੈ।

ਦੁਨੀਆਂ ਦੇ ਲਿਖਤੀ ਸਾਹਿਤ ਦਾ ਸਭ ਤੋਂ ਪ੍ਰਾਚੀਨ ਨਮੂਨਾ ਵੇਦਾਂ ਦੇ ਰੂਪ ਵਿਚ ਮਿਲਦਾ ਹੈ ਅਤੇ ਵੇਦਾਂ ਦਾ ਅਧਿਕ ਭਾਗ ਛੰਦ-ਬੱਧ ਹੈ। ਛੰਦ 'ਛੰਤ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਪ੍ਰਸੰਨ ਕਰਨਾ।[4] ਕਵਿਤਾ ਵਿਚ ਛੰਦ ਦਾ ਪ੍ਰਯੋਗ ਜ਼ਰੂਰੀ ਨਹੀਂ। ਅਰਸਤੂ ਵਜ਼ਨ ਨੂੰ ਨਹੀਂ ਮੰਨਦਾ। ਉਹ ਆਪਣੀ ਪ੍ਰਸਿਧ ਰਚਨਾ 'Poetics' ਵਿਚ ਛੰਦ ਨੂੰ ਗੌਣ ਸਮਝਦਾ ਹੈ। ਪਰੰਤੂ ਛੰਦ ਨਾਲ ਸ਼ੇਅਰ ਵਿਚ ਸੰਗੀਤ ਪੈਦਾ ਹੁੰਦਾ ਹੈ ਅਤੇ ਸੁਹਜ ਤੇ ਦੂਹਰਾ ਅਸਰ ਪੈਂਦਾ ਹੈ। ਜਿਸ ਕਾਵਿ ਵਿਚ ਲਗਾਂ, ਮਾਤਰਾਂ, ਗਣ, ਵਿਸ਼ਰਾਮ ਆਦਿ ਦੀ ਵਰਤੋਂ ਹੋਵੇ ਉਹ ਛੰਦ-ਬੱਧ ਕਾਵਿ ਹੁੰਦਾ ਹੈ। ਪ੍ਰਾਚੀਨ ਕਾਲ ਵਿਚ ਛੰਦ ਗਿਆਨ ਤੋਂ ਬਿਨਾਂ ਵਿਦਿਆ ਅਧੂਰੀ ਸਮਝੀ ਜਾਂਦੀ ਸੀ। ਇਸ ਕਾਲ ਵਿਚ ਛੰਦ ਨੂੰ ਸਾਹਿਤਕ ਮਹੱਤਾ ਹੀ ਨਹੀਂ ਸੀ ਸਗੋਂ ਧਾਰਮਕ ਪਖੋਂ ਵੀ ਛੰਦ ਨੂੰ ਮਹੱਤਵਪੂਰਣ ਗਿਣਿਆ ਜਾਂਦਾ ਸੀ। ਡਾ. ਹਰੀਦੱਤ ਸ਼ਾਸਤਰੀ ਨੇ ਆਪਣੀ ਇਕ ਪੁਸਤਕ 'ਛੰਦੋ ਬ੍ਰਾਹਮਣ' ਵਿਚ ਲਿਖਿਆ ਹੈ ਕਿ ਛੰਦਾਂ ਦੇ ਗਿਆਨ ਬਿਨਾਂ ਮੰਤਰਾਂ ਦਾ ਪੜ੍ਹਨਾ ਪੜ੍ਹਾਣਾ ਤੇ ਮੰਤਰਾਂ ਦਾ ਉਚਾਰਣ ਪਾਪ ਹੈ।[5]

ਦੇਵਾਣੋਮ੍ਰਿਤਯੋ ਬਿਰਛਯਤਸ੍ਰਯੀਂ ਵਿਦਿਯਾਂਪ੍ਰਾਭਿਸ਼ੰਸ਼ਤੇ
ਛੰਦੋ ਭਿਰੰਛਾਦਯੰਦੋ ਮਿਰੰਛਾਦਯੰਸ਼ਤੰਛਸਾਂ ਛੰਦਸ਼ਤਵਮ। (ਛੰਦੋਗਯ, 21412)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

('ਮੌਤ ਤੋਂ ਡਰ ਮੰਨਦੇ ਹੋਏ ਦੇਵਤਿਆਂ ਨੇ ਤਰੀ ਵਿਦਿਆ 'ਚ ਪ੍ਰਵੇਸ਼ ਕੀਤਾ ਤੇ ਆਪਣੇ ਆਪ ਨੂੰ ਛੰਦਾਂ ਵਿਚ ਲੀਨ ਕਰ ਦਿੱਤਾ । ਇਹੀ ਕਾਰਣ ਹੈ ਕਿ ਮੰਤਰਾਂ ਦਾ ਨਾਂ ਛੰਦ ਹੈ ।')

ਛੰਦ ਦਾ ਅਰਥ ਬੰਧਨ ਜਾਂ ਨੇਮ-ਬੱਧਤਾ ਮੰਨਿਆ ਜਾਂਦਾ ਹੈ । ਉਪਨਿਸ਼ਦ ਵਿਚ ਛੰਦ ਦਾ ਅਰਥ ਤੇ ਪ੍ਰਯੋਜਨ ਇਕ ਦੂਜੇ ਹੀ ਰੂਪ ਵਿਚ ਮੰਨਿਆ ਗਿਆ ਹੈ । ਕੁਝ ਸਮਝਦੇ ਹਨ ਕਿ ਛੰਦ ਕਵਿਤਾ ਦਾ ਬਾਹਰਲਾ ਰੂਪ ਹੈ, ਕਵਿਤਾ ਦਾ ਜ਼ਰੂਰੀ ਤੱਤ ਨਹੀਂ, ਉਹ ਛੰਦ ਨੂੰ ਇਕ ਬਾਹਰੀ ਸੰਸਕਾਰ ਮੰਨਦੇ ਹਨ ਜੋ ਉਪਰੋਂ ਕਵਿਤਾ ਤੇ ਠੋਸਿਆ ਜਾਂਦਾ ਹੈ । ਛੰਦ ਉਂਜ ਕੋਈ ਸਰੂਪ ਨਹੀਂ ਇਹ ਕਿਸੇ ਅਭਿਵਿਅਕਤੀ ਦੇ ਨਾਲ ਹੀ ਪ੍ਰਗਟ ਹੁੰਦਾ ਹੈ ਨਾ ਹੀ ਪਹਿਲਾਂ ਅਤੇ ਨਾ ਹੀ ਪਿੱਛੋਂ ।

ਕਈ ਆਚਾਰੀਆ ਛੰਦ ਨੂੰ ਇਕ ਸੰਚਾ ਮੰਨਦੇ ਹਨ । ਉਹ ਸਮਝਦੇ ਹਨ ਕਿ ਇਸ ਸੰਚੇ ਵਿਚ ਹੀ ਅਭਿਵਿਅਕਤੀ ਫਿਟ ਹੁੰਦੀ ਹੈ । ਜਦੋਂ ਅਸੀਂ ਕਵਿਤਾ ਨੂੰ ਕਵੀ ਦੀ ਸਹਿਜ ਸੁਭਾਅ ਅਭਿਵਿਅਕਤੀ ਮੰਨਦੇ ਹਾਂ ਤਾਂ ਕਿਸੇ ਨਿਸ਼ਚਿਤ ਸੰਚੇ ਨਾਲ ਕੰਮ ਨਹੀਂ ਚਲ ਸਕਦਾ । ਇਕ ਕਵੀ ਦੇ ਅੰਦਰਲੇ ਕਾਵਿ ਜਗਤ ਦੀ ਅਨੁਭੂਤੀ ਠੀਕ ਦੂਜੇ ਕਵੀ ਵਾਂਗ ਨਹੀਂ ਹੁੰਦੀ । ਅਜਿਹੀ ਸਥਿਤੀ 'ਚ ਇਕ ਕਵੀ ਦਾ ਸੰਚਾ ਦੂਜੇ ਦੀ ਵਰਤੋਂ 'ਚ ਨਹੀਂ ਆ ਸਕਦਾ ।[6] ਪਰ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ । ਅਸੀਂ ਵੇਖਦੇ ਹਾਂ ਕਿ ਇਕ ਹੀ ਸੰਚੇ (ਛੰਦ) ਵਿਚ ਭਿੰਨ ਭਿੰਨ ਕਵੀਆਂ ਦੀਆਂ ਭਿੰਨ ਭਿੰਨ ਰਚਨਾਵਾਂ ਹਨ । ਵਿਭਿੰਨ ਸੁਭਾਵਕ ਵਿਚਾਰਾਂ ਦੇ ਪ੍ਰਵਾਹ ਲਈ ਕੋਈ ਆਦਰਸ਼ਕ ਸੰਚਾ ਤਿਆਰ ਨਹੀਂ ਕੀਤਾ ਜਾ ਸਕਦਾ । ਜਿੰਨੀਆਂ ਕਿਸਮਾਂ ਦੇ ਲੈਅ-ਬੱਧ ਛੰਦਾਂ ਦੀ ਸਿਰਜਣਾ ਹੋ ਸਕਦੀ ਸੀ ਉਨ੍ਹਾਂ ਦਾ ਵਿਧਾਨ ਛੰਦ ਸ਼ਾਸ਼ਤਰ 'ਚ ਉਲੇਖ ਕਰ ਦਿੱਤਾ ਹੈ ।

ਛੰਦਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ । ਇਨ੍ਹਾਂ ਨੂੰ ਆਧੁਨਿਕ ਵਿਧੀ ਛੰਦ ਪ੍ਰਯੋਜਨ ਰਾਹੀਂ ਨਵੇਂ ਰੂਪ ਵਿਚ ਢਾਲਿਆ ਜਾ ਸਕਦਾ ਹੈ ਪਰ ਇਸ ਧਾਰਣਾ ਨਾਲ ਸਹਿਮਤੀ ਨਹੀਂ ਪ੍ਰਗਟਾਈ ਜਾ ਸਕਦੀ ਕਿ ਆਧੁਨਿਕ ਜੀਵਨ ਦੀ ਪੇਸ਼ਕਾਰੀ ਪੁਰਾਣੇ ਛੰਦਾਂ ਦੇ ਪ੍ਰਯੋਗ ਨਾਲ ਨਹੀਂ । ਸੱਚੀ ਗੱਲ ਇਹ ਹੈ ਕਿ ਹਰੇਕ ਛੰਦ ਜਿਸ ਦੀ ਕੋਈ ਮਰਿਯਾਦਾ ਨਿਸ਼ਚਿਤ ਕੀਤੀ ਗਈ ਹੋਵੇ, ਵਿਸ਼ੇ ਅਤੇ ਕਵੀ ਦੇ ਵਿਅਕਤੀਤਵ ਨਾਲ ਉਨ੍ਹਾਂ ਦਾ ਸਰੂਪ ਵੀ ਪਰਿਵਰਤਿਤ ਹੋ ਜਾਂਦਾ ਹੈ । ਅਜੋਕੇ ਕਾਲ ਵਿਚ ਛੰਦ ਦਾ ਨਿਰਣਾ ਕਰਨ ਸਮੇਂ ਸਾਡਾ ਦ੍ਰਿਸ਼ਟੀਕੋਣ ਬਦਲ ਗਿਆ ਹੈ । ਪੂਰਬ ਕਾਲ ਵਿਚ ਛੰਦ ਦਾ ਨਿਰਣਾ ਮਾਤ੍ਰਾਵਾਂ ਦੇ ਹਿਸਾਬ ਅਤੇ ਫਿਰ ਵਰਣਾਂ ਦੀ ਥਾਂ ਮਾਤ੍ਰਾਂਵਾਂ ਨਾਲ ਹੋਣ ਲੱਗਿਆ ਪਰੰਤੂ ਹੁਣ ਵਰਣਾਂ ਤੇ ਮਾਤ੍ਰਾਵਾਂ ਦੋਹਾਂ ਨੂੰ ਛੱਡ ਕੇ ਕਾਲ ਮਾਤ੍ਰਾ ਦਾ ਹਿਸਾਬ ਰੱਖਿਆ ਜਾਣ ਲੱਗ ਪਿਆ ਹੈ । ਕਾਲ ਮਾਤ੍ਰਾ ਤੋਂ ਭਾਵ ਕਿਸੇ ਮਾਤ੍ਰਾ ਜਾਂ ਅੱਖਰ ਦੇ ਉਚਾਰਨ ਵਿਚ ਜੋ ਸਮਾਂ ਜਾਂ ਕਾਲ ਲੱਗਦਾ ਹੈ ਉਸ ਨੂੰ ਛੰਦ ਦੇ ਨਿਰਣੈ ਲਈ ਧਿਆਨ ਵਿਚ ਰਖਕੇ ਮਾਤ੍ਰਾਵਾਂ ਦੀ ਗਿਣਤੀ ਕਰਨੀ ਚਾਹੀਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤ ਸਿੰਘ ਸੇਖੋਂ 'ਸਾਹਿਤਿਆਰਥ' ਵਿਚ ਲਿਖਦੇ ਹਨ ਕਿ ਅਸਾਡੇ ਦੇਸ਼ ਵਿਚ ਅਸੀਂ ਆਮ ਕਰਕੇ ਤਿੰਨ ਰੂਪਾਂ ਨਾਲ ਜਾਣ ਪਛਾਣ ਰਖਦੇ ਹਾਂ। ਪਹਿਲਾਂ ਅਸਾਡੀਆਂ ਆਪਣੀਆਂ ਭਾਰਤੀ ਭਾਸ਼ਾਵਾਂ ਦਾ ਛੰਦ ਰੂਪ ਜੋ ਮੂਲ ਰੂਪ ਵਿਚ ਸੰਸਕ੍ਰਿਤ ਕਵਿਤਾ ਦਾ ਛੰਦ ਰੂਪ ਹੈ। ਦੂਜਾ ਅਰਬੀ ਛੰਦ ਰੂਪ ਜਿਸ ਨਾਲ ਅਸਾਡਾ ਹਜ਼ਾਰ ਕੁ ਵਰ੍ਹੇ ਤੋਂ ਬੜਾ ਨੇੜੇ ਦਾ ਸੰਬੰਧ ਰਿਹਾ ਹੈ ਅਤੇ ਤੀਜਾ ਅੰਗਰੇਜ਼ੀ ਛੰਦ ਰੂਪ ਹੈ ਇਸ ਦਾ ਆਧਾਰ ਬਹੁਤਾ ਮਾਤ੍ਰਾਵਾਂ ਦੀ ਗਿਣਤੀ ਦੀ ਥਾਂਓਂ ਉਸ ਦੇ ਜ਼ੋਰ ਜਾਂ ਦਬਾਓ ਉੱਤੇ ਹੁੰਦਾ ਹੈ।[7]

'ਸਾਵੇ-ਪੱਤਰ' ਲਿਖਣ ਸਮੇਂ ਮੋਹਨ ਸਿੰਘ ਇਕ ਸਟੇਜੀ ਤੇ ਰਵਾਇਤੀ ਕਵੀ ਸੀ। ਉਸ ਨੇ ਛੰਦ ਵੀ ਰਵਾਇਤੀ ਹੀ ਅਪਣਾਏ। ਸਾਹਿਤ ਕਿਉਂਕਿ ਲੋਕਾਂ ਦੀ ਸੋਚ ਵਿਚੋਂ ਪੈਦਾ ਹੁੰਦਾ ਹੈ ਇਸ ਲਈ ਬਦਲਦੇ ਦ੍ਰਿਸ਼ਟੀਕੋਣ ਕਾਰਣ ਸਾਹਿਤ ਦੀ ਵਸਤੂ ਵੀ ਬਦਲ ਜਾਂਦੀ ਹੈ ਤੇ ਵਸਤੂ ਦੇ ਬਦਲਣ ਨਾਲ ਰੂਪ ਵੀ। ਇਸ ਲਈ ਇਹ ਸੰਭਵ ਨਹੀਂ ਕਿ ਕਵੀ ਦੀ ਵਸਤੂ ਤਾਂ ਰਵਾਇਤੀ ਕਿਸਮ ਦੀ ਹੋਵੇ ਅਤੇ ਰੂਪ ਵਿਚ ਆਧੁਨਿਕਤਾ ਜਾਂ ਮੌਲਿਕਤਾ ਦੀ ਝਲਕ ਪਵੇ। ਮੋਹਨ ਸਿੰਘ ਨੇ ਸਾਵੇ ਪੱਤਰ ਵਿਚ ਰਵਾਇਤੀ ਰੁਮਾਂਟਿਕ ਪਿਆਰ ਦੇ ਪ੍ਰਗਟਾਅ ਲਈ ਵਰਣਾਤਮਕ ਕਾਵਿ-ਛੰਦ 'ਬੈਂਤ' ਵਰਤਿਆ ਹੈ। ਇਸ ਸੰਗ੍ਰਹਿ ਵਿਚਲੀਆਂ ਸਭ ਬਿਆਨੀਆਂ ਕਵਿਤਾਵਾਂ ਇਸੇ ਛੰਦ ਵਿਚ ਲਿਖੀਆਂ ਗਈਆਂ ਹਨ।

ਬੈਂਤ-ਛੰਦ

ਬੈਂਤ ਮੂਲ ਰੂਪ ਵਿਚ ਪੰਜਾਬੀ ਦਾ ਛੰਦ ਨਹੀਂ। ਇਹ ਅਰਬੀ ਅਤੇ ਫ਼ਾਰਸੀ ਦੇ ਛੰਦ ਦੇ ਨਮੂਨੇ ਅਨੁਸਾਰ ਘੜਕੇ ਪੰਜਾਬੀ ਵਿਚ ਪ੍ਰਚਲਿਤ ਕੀਤਾ ਛੰਦ ਹੈ। ਅਰਬੀ-ਫ਼ਾਰਸੀ ਵਿਚ ਅਜਿਹੀਆਂ ਦੋ ਤੁਕਾਂ ਵਾਲੇ ਛੰਦ ਨੂੰ ਬੈਂਤ ਆਖਦੇ ਹਨ ਜਿਨ੍ਹਾਂ ਦਾ ਤੁਕਾਂਤ ਮਿਲਦਾ ਹੋਵੇ। ਪੰਜਾਬੀ ਵਿਚ ਬੈਂਤ ਦੇ ਕਈ ਭੇਤ ਪ੍ਰਚਲਿਤ ਹਨ। ਇਹ ਇਕ ਮਾਤ੍ਰਿਕ ਛੰਦ ਹੈ। ਇਸ ਵਿਚ 28 ਮਾਤ੍ਰਾਂ ਤੋਂ ਲੈ ਕੇ 42 ਤੱਕ ਮਾਤ੍ਰਾਂ ਵਰਤੀਆਂ ਮਿਲਦੀਆਂ ਹਨ। ਉਂਜ 40 ਮਾਤ੍ਰਾਂ ਵਾਲੇ ਬੈਂਤ ਵਧੇਰੇ ਸਿਰਜੇ ਗਏ ਹਨ। ਇਨ੍ਹਾਂ ਵਿਚ ਇਕ ਦੋ ਮਾਤ੍ਰਾਂ ਦੇ ਵਾਧੇ ਘਾਟੇ ਨੂੰ ਕਾਵਿਕ ਦੋਸ਼ ਨਹੀਂ ਮਿਥਿਆ ਗਿਆ। ਪ੍ਰੋ. ਮੋਹਨ ਸਿੰਘ ਤੋਂ ਪਹਿਲਾਂ ਵਾਰਿਸ ਸ਼ਾਹ, ਅਤੇ ਮੁਕਬਲ ਵਰਗੇ ਕਵੀਆਂ ਨੇ ਵੀ ਇਸੇ ਛੰਦ ਦੀ ਵਧੇਰੇ ਵਰਤੋਂ ਕੀਤੀ। ਪੰਜਾਬੀ ਕਵਿਤਾ ਵਿਚ ਇਹ ਸਭ ਤੋਂ ਵੱਧ ਮਕਬੂਲ ਛੰਦ ਹੈ।

ਵਾਰਿਸ ਸ਼ਾਹ ਦੇ ਬੈਂਤ ਵਾਂਗ ਮੋਹਨ ਸਿੰਘ ਨੇ 40 ਮਾਤ੍ਰਾਂ ਵਾਲੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ ਪਰੰਤੂ ਪਿੰਗਲ ਦੇ ਨੇਮਾਂ ਦੀ ਕੱਟੜਤਾ ਨਾਲ ਪਾਲਣਾ ਨਹੀਂ ਕੀਤੀ, ਸਗੋਂ ਆਪਣੇ ਸੁਭਾਅ ਅਨੁਸਾਰ ਛੰਦ ਸਿਰਜਣਾ ਸਮੇਂ ਵੀ ਖੁਲ੍ਹ ਦਾ ਪ੍ਰਯੋਗ ਕੀਤਾ ਹੈ। ਕਿਤੇ ਤਾਂ ਪਹਿਲੇ ਬੰਦ ਵਿਚ 41-40 ਮਾਤ੍ਰਾਂ ਹਨ ਪਰੰਤੂ ਦੂਜੇ ਵਿਚ 43-45 ਤਕ ਮਾਤ੍ਰਾਂ ਦੀ ਸੰਖਿਆ ਹੈ। ਸਾਵੇ-ਪੱਤਰ ਵਿਚ ਪੰਜ ਕਵਿਤਾਵਾਂ ਅਨਾਰਕਲੀ, ਬਸੰਤ, ਸਿਪਾਹੀ ਦਾ ਦਿਲ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂਰ ਜਹਾਨ ਅਤੇ ਰੱਬ ਉਸ ਨੇ ਬੈਂਤ ਛੰਦ, ਜੋ ਉਸ ਵੇਲੇ ਪੰਜਾਬੀ ਦਾ ਹਰਮਨ ਪਿਆਰਾ ਛੰਦ ਸੀ, ਵਿਚ ਲਿਖੀਆਂ। ਇਨ੍ਹਾਂ ਉਪਰੋਕਤ ਪੰਜੇ ਕਵਿਤਾਵਾਂ ਦੇ ਆਰੰਭ ਵਿਚ ਇਕ ਇਕ ਰੁਬਾਈ ਵੀ ਦਿਤੀ ਹੈ ਜੋ ਉਸ ਵੇਲੇ ਦੇ ਸਟੇਜੀ ਕਵੀਆਂ ਦੀ ਆਮ ਰਵਾਇਤ ਸੀ। ਮੋਹਨ ਸਿੰਘ ਨੇ ਪੰਜਾਬੀ ਕਾਵਿ-ਛੰਦ ਪ੍ਰਬੰਧ ਦੀਆਂ ਵਰਣਕ ਜਾਂ ਮਾਤ੍ਰਿਕ ਸਨਾਤਨੀ ਬੰਦਸ਼ਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਤੇ ਲੋੜ ਪੈਣ ਤੇ ਇਨ੍ਹਾਂ ਵਿਚ ਆਪਣੇ ਅਨੁਸਾਰ ਤਬਦੀਲੀ ਕਰਦਾ ਰਿਹਾ ਹੈ ਅਤੇ ਪਰੰਪਰਾਗਤ ਛੰਦ ਨੂੰ ਕਈ ਵਾਰ ਖੰਡਿਤ ਕਰਕੇ ਨਵਾਂ ਰੂਪ ਦੇਣ ਦਾ ਯਤਨ ਵੀ ਕੀਤਾ ਹੈ।

ਤੇਰੇ ਹਿਜ਼ਰ ਵਿਚ ਕਿਸੇ ਨੇ ਕੰਨ ਪਾੜੇ,
ਅਤੇ ਕਿਸੇ ਨੇ ਜਟਾਂ ਵਧਾਈਆਂ ਨੇ।
ਬੂਹੇ ਮਾਰਕੇ ਕਿਸੇ ਨੇ ਚਿਲੇ ਕਟੇ,
ਕਿਸੇ ਰੜੇ ਤੇ ਰਾਤਾਂ ਲੰਘਾਈਆਂ ਨੇ।
21 + 20, 18 + 22 (ਪੰਨਾ 17)

ਤੇਰੇ ਪਰਖ ਲਏ ਕੌਲ ਇਕਰਾਰ ਮਾਹੀਆ,
ਨਾਲੇ ਤੱਕਿਆ ਤੇਰਾ ਪਿਆਰ ਚੰਨਾ!
ਬੁਲਬੁਲ ਵਾਂਗ ਉਡਾਰੀਆਂ ਮਾਰੀਆਂ ਨੀ,
ਮੇਰਾ ਉਜੜਿਆ ਵੇਖ ਗੁਲਜ਼ਾਰ ਚੰਨਾ!
23 + 20, 22 + 23 (ਪੰਨਾ 37)

ਮੋਹਨ ਸਿੰਘ ਨੇ ਵਾਰਿਸ ਸ਼ਾਹ ਵਾਂਗ ਇਕੋ ਤੁਕਾਂਤ ਵਿਚ ਬਹੁਤ ਸਾਰੀਆਂ ਕਵਿਤਾਵਾਂ ਨਹੀਂ ਰਚੀਆਂ, ਸਗੋਂ ਇਕ ਬੰਦ ਦੀਆਂ ਚਾਰ ਸਤਰਾਂ ਦਾ ਮੇਲਵੇਂ ਤੁਕਾਂਤ ਤੋਂ ਬਾਅਦ ਦੋ ਸਤਰੀਆਂ ਅੱਡਰੀਆ ਤੁਕਾਂ ਮੇਲ ਕੇ ਸਟੇਜੀ ਕਵੀਆਂ ਵਾਲੀ ਸਰੰਚਨਾ ਨੂੰ ਟੁਟਣ ਨਹੀਂ ਦਤਾ।

ਰੁਬਾਈ

ਰੁਬਾਈ ਅਰਬੀ ਸ਼ਬਦ ਹੈ ਜੋ 'ਰੁਬਾਅ' ਤੋਂ ਬਣਿਆ ਹੈ ਜਿਸ ਦੇ ਅਰਥ ਹਨ ਚਾਰ। ਇਸ ਤਰ੍ਹਾਂ ਚਾਰ ਸਤਰਾਂ ਦੀ ਹਮ-ਵਜ਼ਨੀਆਂ ਤੁਕਾਂ ਰੁਬਾਈ ਅਖਵਾਉਣ ਲੱਗੀਆਂ। ਇਰਾਨ ਦੇ ਪ੍ਰਾਚੀਨ ਕਾਵਿ ਵਿਚ ਇਸ ਨੂੰ ਦੋ ਬੈਂਤੀ ਕਿਹਾ ਜਾਂਦਾ ਸੀ, ਬਾਅਦ ਵਿਚ ਇਸ ਦੀ ਸਰੰਚਨਾ ਵਿਚ ਪਰਿਵਰਤਨ ਆਉਂਦਾ ਗਿਆ ਤੇ ਇਸ ਦਾ ਇਕ ਖਾਸ ਪੈਟਰਿਨ ਬਣ ਗਿਆ ਜਿਸ ਵਿਚ ਪਹਿਲੀ, ਦੂਜੀ ਅਤੇ ਚੌਥੀ ਤੁਕ ਦਾ ਹੀ ਤੁਕਾਂਤ ਮੇਲਣਾ ਜ਼ਰੂਰੀ ਸਮਝਿਆ ਜਾਣ ਲੱਗਿਆ। ਰੁਬਾਈ ਵਿਚ ਕੋਈ ਖਾਸ ਵਜ਼ਨ ਤੋਲ ਨਿਯਤ ਨਹੀਂ। ਅਨੇਕ ਵਜ਼ਨਾਂ ਵਿਚ ਰੁਬਾਈ ਲਿਖੀ ਮਿਲਦੀ ਹੈ। ਮੋਹਨ ਸਿੰਘ ਨੇ ਕੁਝ ਇਕ ਹੋਰ ਸੁਤੰਤਰ ਰੁਬਾਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਰਚਨਾ ਵੀ ਕੀਤੀ ਹੈ । 'ਹੀਰ', 'ਉਦਾਰਤਾ', 'ਦਿਲ', ਤਿਆਗੀ ਨੂੰ, 'ਹੱਸਣਾ', 'ਪਿਆਰ ਪੰਥ', 'ਸਾਵੇ-ਪੱਤਰ', 'ਜੰਗਲ ਦਾ ਫੁੱਲ', ਆਦਿ ਕਵਿਤਾਵਾਂ ਰੁਬਾਈਆਂ ਹੀ ਹਨ ।

ਮਾਂ ਸਮਝਾਵੇ ਮੁੜ ਜਾ ਹੀਰੇ,
ਕਲਾ ਜਗਾ ਨਾ ਸੁੱਤੀਆਂ ।
ਨਹੀਂ ਤਾਂ ਪੁੱਠੀ ਖੱਲ ਲੁਹਾ ਕੇ,
ਤੇਰਾ ਮਾਸ ਖਲਾਵਾਂ ਕੁੱਤੀਆਂ ।
ਨਾਲ ਖੁਸ਼ੀ ਦੇ ਹੱਸ ਕੇ ਅੱਗੋਂ
ਹੀਰ ਕਿਹਾ ਸੁਣ ਮਾਏ,
ਖੱਲੜੀ ਲਾਹਸੇਂ ਤਾਂ ਕੀ ਹੋਸੀ
ਮੇਰਾ ਚਾਕ ਸਵਾ ਸੀ ਜੁੱਤੀਆਂ । (ਪੰਨਾ 28)

ਚੌਪਈ ਛੰਦ

ਮੋਹਨ ਸਿੰਘ ਨੇ 'ਸਾਵੇ ਪੱਤਰ' ਵਿਚ ਕਈ ਕਵਿਤਾਵਾਂ ਚੌਪਈ ਛੰਦ ਵਿਚ ਵੀ ਰਚੀਆਂ ਹਨ । ਚੌਪਈ ਇਕ ਮਾਤ੍ਰਿਕ ਛੰਦ ਹੁੰਦਾ ਹੈ ਜਿਸ ਦੀਆਂ 15 ਮਾਤ੍ਰਾਂ ਹੁੰਦੀਆਂ ਹਨ । ਇਸ ਵਿਚ ਵਿਸ਼ਰਾਮ 7 ਜਾਂ 8 ਉੱਤੇ ਹੁੰਦਾ ਹੈ । 16 ਮਾਤ੍ਰਾਂ ਦੇ ਚਰਣ ਵਿਚ 8-8 ਤੇ ਵਿਸ਼ਰਾਮ ਹੁੰਦਾ ਹੈ । ਬਿਆਨੀਆਂ ਕਾਵਿ ਵਰਗੀਆਂ ਕਵਿਤਾਵਾਂ 'ਛੱਤੋ ਦੀ ਬੇਰੀ', 'ਇਕ ਥੋਹ' 'ਗੁਲੇਲੀ' ਆਦਿ ਉਪਰੋਕਤ ਬਿਆਨੇ ਗਏ ਛੰਦ ਚੌਪਈ ਵਿਚ ਹੀ ਰਚੀਆਂ ਗਈਆਂ ਹਨ :

ਨੈਣ ਗੋਰੀ ਦੇ ਬਾਤਾਂ ਪਾਵਣ,
ਮਸਤੀ ਦੇ ਸਾਗਰ ਛਲਕਾਵਣ,
ਸਾ ਇਹ ਬੰਦ ਓਸ ਨੇ ਕੀਤੇ
ਕੁੱਜਿਆਂ ਵਿਚ ਦਰਿਆ ਹੁਸਨ ਦੇ ।
17, 16, 14, 17 (ਪੰਨਾ 21)

ਉਹ ਕਿੱਧਰ ਗਏ ਦਿਹਾੜੇ,
ਜਦ ਛਤੋ ਦੇ ਪਿਛਵਾੜੇ,
ਸਾਂ ਬੇਰ ਛੱਤੋ ਦੇ ਢਾਂਹ ਦੇ,
ਹੱਸ ਹੱਸ ਕੇ ਗਾਲ੍ਹਾਂ ਖਾਂਦੇ ।
14, 13, 15, 16 (ਪੰਨਾ 26)

ਦਵਈਆ ਛੰਦ

ਮੋਹਨ ਸਿੰਘ ਨੇ 'ਸਾਵੇ ਪੱਤਰ' ਵਿਚ ਦਵਈਆ ਛੰਦ ਵੀ ਵਰਤੋਂ ਵਿਚ ਲਿਆਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਸਿੰਧਣ', 'ਸੱਦਾ ਤੇ ਸਬਜ਼ਾ', 'ਹਵਾ ਦਾ ਜੀਵਨ', 'ਜਵਾਨੀ' ਆਦਿ ਸਿਰਲੇਖ ਤਹਿਤ ਰਚੀਆਂ ਰਚਨਾਵਾਂ ਦਵਈਆ ਛੰਦ ਦਾ ਉੱਤਮ ਨਮੂਨਾ ਹਨ। ਇਹ ਵੀ ਚਾਰ ਤੁਕਾਂ ਦਾ ਮਾਤ੍ਰਿਕ ਛੰਦ ਹੁੰਦਾ ਹੈ। ਹਰ ਤੁਕ ਵਿਚ 16, 12 ਮਾਤ੍ਰਾਂ ਹੁੰਦੀਆਂ ਹਨ। ਅੰਤ ਵਿਚ ਆਮ ਤੌਰ ਤੇ ਦੋ ਗੁਰੂ ss ਹੁੰਦੇ ਹਨ। ਦੋ ਦੋ ਤੁਕਾਂ ਦਾ ਤੁਕਾਂਤ ਮੇਲ ਜ਼ਰੂਰੀ ਹੁੰਦਾ ਹੈ। ਜਿਵੇਂ :

ਤੱਕ ਤੱਕ ਮੈਨੂੰ ਭੈਣ ਮੇਰੀਏ, ਨੈਣ ਹੈਰਾਨੇ ਮੇਰੇ।
ਤੂੰ ਤਾਂ ਪਰੀ ਹੁਸਨ ਦੀ ਜਾਪੇਂ, ਕਿਥੇ ਸ਼ਾਹਪਰ ਤੇਰੇ ?
ਕਿਉਂ ਤੂੰ ਲਾਹ ਸੰਗਚੂਰਾਂ ਤਾਈਂ, ਚੰਦਨ ਕੀਤਾ ਖਾਲੀ
ਇਕੋ ਵਾਰੀ ਸਾਰੀ ਸੁੰਬਲ, ਪੁਟ ਨਾ ਸੁਟਦੇ ਮਾਲੀ।

17 + 12, 16 + 12, (ਪੰਨਾ 40)

ਮੋਹਨ ਸਿੰਘ ਨੇ 'ਸਾਵੇ ਪੱਤਰ' ਵਿਚ ਉਨ੍ਹਾਂ ਪਰੰਪਰਾਗਤ ਛੰਦਾਂ ਨੂੰ ਪ੍ਰਯੋਗ ਕੀਤਾ ਹੈ ਜਿਨ੍ਹਾਂ ਦਾ ਜ਼ਿਕਰ ਛੰਦ-ਸ਼ਾਸ਼ਤਰ ਵਿਚ ਹੈ। ਪਰ ਕਈ ਉਸ ਨੇ ਅਜਿਹੀਆਂ ਕਵਿਤਾਵਾਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ਛੰਦ ਨਹੀਂ ਪਰ ਉਨ੍ਹਾਂ ਵਿਜ ਤਾਲ ਹੈ, ਰਿਦਮ ਹੈ ਅਤੇ ਸਕਤਾ ਵੀ ਨਹੀਂ। ਛੰਦ ਸਿਰਫ਼ ਤੋਲ-ਤੁਕਾਂਤ ਦੀ ਨਵਾਬੀ ਕੈਦ ਤਕ ਹੀ ਸੀਮਤ ਨਹੀਂ; ਗਣਾਂ ਜਾਂ ਸੁਰ ਦਬਾਓ ਦੀ ਵਿਧੀ ਅਪਣਾ ਕੇ ਕਵੀ ਇਕ ਹੀ ਛੰਦ ਵਿਚ ਵਿਭਿੰਨ ਸੰਗੀਤਕ ਰਸ ਪੈਦਾ ਕਰ ਸਕਦਾ ਹੈ। 'ਅੰਬੀ ਦੇ ਬੂਟੇ ਥੱਲੇ' ਇਕ ਅਜੇਹੀ ਹੀ ਸਰੋਦੀ ਕਵਿਤਾ ਹੈ ਜੋ ਗੀਤ ਵਰਗੀ ਹੈ ਤੇ ਇਸਦੀ ਛੰਦ ਚਾਲ ਵੀ ਨਿਰਾਲੀ ਹੀ ਹੈ। ਕਈ ਥਾਈਂ ਦੋ ਤੁਕਾਂ ਮਿਲ ਕੇ ਇਕ ਹੀ ਸ਼ੇਅਰ ਬਣਦਾ ਹੈ ਅਤੇ ਕਿਤੇ ਇਕ ਤੁਕ ਹੀ ਸ਼ੇਅਰ ਹੈ। ਕਿਤੇ ਦੋ ਸ਼ੇਅਰਾਂ ਦਾ ਅਤੇ ਕਿਸੇ ਥਾਂ ਚਾਰ ਸ਼ੇਅਰਾਂ ਦਾ ਤੁਕਾਂਤ ਮਿਲਦਾ ਹੈ। ਇਸ ਕਵਿਤਾ ਵਿਚਲੇ ਛੰਦ ਵਿਚ ਤਬਦੀਲੀ ਛੰਦ ਮੌਕੇ ਅਤੇ ਪਤੀ-ਪਤਨੀ ਦੇ ਮਨੋਭਾਵਾਂ ਦੇ ਵੇਗ ਅਨੁਸਾਰ ਹੀ ਉਤਰਾ ਚੜ੍ਹਾ ਵਿਚ ਆਉਂਦੀ ਹੈ। ਜਿਥੇ ਪਤੀ ਪਤਨੀ ਦੀ ਲੀਲਾ ਵਿਚ ਉਤਸੁਕਤਾ ਅਤੇ ਖਿਚਾਓ ਪੈਦਾ ਹੁੰਦਾ ਹੈ ਉਥੇ ਛੰਦ ਚਾਲ ਕਾਹਲੀ ਅਤੇ ਜਿਥੇ ਕਾਰਜ ਸੁਸਤ ਹੈ ਉਥੇ ਛੰਦ ਚਾਲ ਵਿਚ ਵੀ ਧੀਮੀ ਗਤੀ ਹੁੰਦੀ ਹੈ। ਬੰਦ ਦੀ ਸਮਾਪਤੀ ਉੱਤੇ ਛੰਦ ਚਾਲ ਵੀ ਇਕ ਤਣੁਕੇ ਜਿਹੇ ਨਾਲ ਟੁਟ ਜਾਂਦੀ ਹੈ :

ਚਰਖੀ ਦੀ ਘੂਕਰ ਨੇ,
ਟੱਪਿਆਂ ਦੀ ਲੋਰੀ ਨੇ,
ਕੋਇਲ ਦੀ ਕੂਕਰ ਨੇ,
ਮੰਜੇ ਤੇ ਪਾ ਦਿਤਾ,
ਤੇ ਘੂਕ ਸੁਲਾ ਦਿੱਤਾ। (ਪੰਨਾ 80)

ਕਵੀ ਦੀ ਕਲਾ ਕੌਸ਼ਲਤਾ ਦੀ ਖੂਬੀ ਇਸ ਗੱਲੋਂ ਵੀ ਹੈ ਕਿ ਉਸ ਨੇ ਸ਼ਬਦਾਂ ਦੇ ਦੁਹਰਾਓ ਦਾ ਪ੍ਰਯੋਗ ਕਰਕੇ ਛੰਦ ਵਿਚ ਸ਼ਬਦ ਤਾਲ ਉਤਪੰਨ ਕਰ ਦਿੱਤਾ ਹੈ ਜਿਵੇਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਬਿਟ ਬਿਟ ਤੱਕੇ ਨੀ,
ਮੈਂ ਖਿੜ ਖਿੜ ਹੱਸਾਂ ਨੀ,
ਉਹ ਮੁੜ ਮੁੜ ਪੁਛੇ ਨੀ,
ਮੈਂ ਗੱਲ ਨਾ ਦੱਸਾਂ ਨੀ ।

(ਪੰਨਾ 80-81)

'ਅੰਬੀ ਦੇ ਬੂਟੇ ਥੱਲੇ' ਕਵਿਤਾ ਗੀਤ-ਨਾਟ ਵਾਂਗ ਹੈ । ਇਸ ਸੰਗ੍ਰਹਿ ਵਿਚਲੀ ਇਕ ਹੋਰ ਨਜ਼ਮ 'ਸਿੱਖੀ' ਦੀ ਛੰਦ ਚਾਲ ਵੀ 'ਅੰਬੀ ਦੇ ਬੂਟੇ ਥੱਲੇ' ਕਵਿਤਾ ਵਾਂਗ ਹੀ ਹੈ । ਇਸ ਪੁਸਤਕ ਦੇ ਮੁਖਬੰਦ ਵਿਚ ਤੇਜਾ ਸਿੰਘ ਲਿਖਦਾ ਹੈ. 'ਕਵੀ (ਮੋਹਨ ਸਿੰਘ) ਨੇ ਇਕ ਨਵੀਂ ਚਾਲ ਵਾਲਾ ਛੰਦ ਕੱਢਿਆ ਹੈ ਜੋ ਨਾ ਸਿਰਖਿੰਡੀ ਛੰਦ ਵਾਂਗ ਇਕ-ਸਾਹਾ ਵਹਿੰਦਾ ਹੈ ਅਤੇ ਨਾ ਵਾਰਤਕ ਕਵਿਤਾ ਵਾਂਗ ਬੇਮੁਹਾਰਾ ਚਲਦਾ ਹੈ, ਸਗੋਂ ਇਹ ਆਪਣੇ ਭਾਵ ਦੇ ਜ਼ੋਰ ਨਾਲ ਵਹਿੰਦਾ ਅਤੇ ਆਪਣੇ ਉਛਾਲ ਨਾਲ ਤੁਕਾਂਤ ਨੂੰ ਵੀ ਉਠਾਲੀ ਬਹਾਲੀ ਜਾਂਦਾ ਹੈ । ਮੈਂ ਕਹਿ ਸਕਦਾ ਹਾਂ ਕਿ 'ਅੰਬੀ ਦੇ ਬੂਟੇ ਥੱਲੇ' ਅਤੇ 'ਸਿੱਖੀ' ਵਾਲੀ ਕਵਿਤਾ ਵਿਚ ਕੇਵਲ ਰਚਨਾ ਦੇ ਲਿਹਾਜ਼ ਨਾਲ ਉਹ ਸਫ਼ਲਤਾ ਦਿਖਾਈ ਹੈ ਅਤੇ ਛੰਦ ਦੀ ਚਾਲ ਅਤੇ ਨਿਰੇ ਕਾਫ਼ੀਏ ਦੀ ਖੁਲ੍ਹ ਤੋਂ ਉਹ ਕੰਮ ਲਿਆ ਹੈ ਜੋ ਅੰਗਰੇਜ਼ੀ ਕਵਿਤਾ ਵਿਚ ਵੀ ਸਿਵਾਏ ਟੈਨੀਸਨ ਦੀ ਵਲਿੰਗਟਨ ਵਾਲੀ ਓਡ ਦੇ ਕਿਧਰੇ ਨਹੀਂ ਮਿਲਦਾ ।'

(ਮੁਖ ਬੰਦ, ਪੰਨਾ 13)

ਬੈਲੱਡ

ਇਤਿਹਾਸਕ ਸੰਦਰਭ ਵਿਚ ਰਖ ਕੇ ਵਾਚਿਆਂ ਪਤਾ ਲੱਗਦਾ ਹੈ ਕਿ ਜਿਉਂ ਜਿਉਂ ਮੋਹਨ ਸਿੰਘ ਦੀ ਸ਼ਖਸੀਅਤ ਵਿਕਸਤ ਹੁੰਦੀ ਗਈ, ਉਸ ਦੀ ਕਵਿਤਾ ਦੇ ਵਿਸ਼ਿਆਂ ਵਿਚ ਤਬਦੀਲੀ ਆਉਂਦੀ ਗਈ, ਤਿਉਂ ਤਿਉਂ ਉਸ ਦੇ ਛੰਦ ਵਿਧਾਨ ਵਿਚ ਵੀ ਪਰਿਵਰਤਨ ਆਇਆ । ਕਥਾ-ਕਾਵਿ ਲਈ ਵਰਤੋਂ ਵਿਚ ਲਿਆਂਦੇ ਛੰਦਾਂ ਸੰਬੰਧੀ ਉਸ ਨੇ ਆਪਣੇ ਇਕ ਨਿਬੰਧ 'ਮੇਰੀ ਕਲਮ ਦਾ ਸਫ਼ਰ' ਵਿਚ ਖ਼ੁਦ ਹੀ ਲਿਖਿਆ ਹੈ :

> ਅੰਗਰੇਜ਼ੀ ਸਾਹਿਤ ਵਿਚ ਕਵਿਤਾ ਦੇ ਅਨੇਕ ਰੂਪ ਪ੍ਰਚਲਤ ਹਨ । ਇਨ੍ਹਾਂ ਵਿਚੋਂ ਇਕ ਰੂਪ ਬੈਲੱਡ ਹੈ । ਇਸ ਵਿਚ ਬਹਾਦਰੀ ਤੇ ਪਿਆਰ ਦੇ ਰਲੇ ਮਿਲੇ ਜਜ਼ਬਿਆਂ ਨੂੰ ਬੜੇ ਤਿੱਖੇ ਵੇਗ ਤੇ ਨਾਟਕੀ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ ।...ਮੈਂ ਪੰਜਾਬੀ ਵਿਚ ਬੈਲੱਡਾਂ ਜਿਵੇਂ 'ਸੈਦਾ ਤੇ ਸ਼ਬਜ਼ਾਂ', 'ਦੇਸ਼-ਪਿਆਰ', 'ਮੰਗਲੀ' ਆਦਿ ਲਿਖੀਆਂ ।[8]

'ਸਾਵੇ-ਪੱਤਰ' ਵਿਚ ਮੋਹਨ ਸਿੰਘ ਨੇ ਬੈਲੱਡ ਦਾ ਬਾਕਾਇਦਾ ਰੂਪ ਕਵਿਤਾ ਵਿਚ ਸਥਾਪਤ ਕਰ ਦਿੱਤਾ ਸੀ । ਜੇਮਜ਼ ਰੀਵਜ਼ ਨੇ ਬੈਲੱਡ ਦੀ ਪਰਿਭਾਸ਼ਾ ਕਰਦਿਆਂ ਲਿਖਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> The connection between the poetry and dance is personal in the word 'ballad' which comes from the Latin 'Ballare' to dance.[9]

ਬੈਲੱਡ ਵਿਚ ਨਿੱਕੀ ਕਹਾਣੀ ਦੀ ਘਟਨਾ ਵਰਗੇ ਤੱਤ ਵਿਦਮਾਨ ਹੁੰਦੇ ਹਨ। ਪਾਤਰਾਂ ਦੇ ਸੰਵਾਦ ਦੀ ਪ੍ਰਮੁਖਤਾ ਹੁੰਦੀ ਹੈ। ਕਵੀ ਜੋ ਵੀ ਭਾਗ ਉਦਗਾਰ ਕਰਨੇ ਚਾਹੇ, ਜੋ ਵੀ ਦਰਸ਼ਨ ਸੰਪ੍ਰੇਸ਼ਿਤ ਕਰਨਾ ਚਾਹੇ ਉਹ ਸਿੱਧਾ ਬਿਆਨ ਨਹੀਂ ਸਗੋਂ ਗੌਣ ਰੂਪ ਵਿਚ ਪਾਤਰਾਂ ਦੀ ਰੂਹ ਦੇ ਉਹਲੇ ਬੈਠਕੇ ਘਟਨਾਵਾਂ ਤੇ ਪਾਤਰਾਂ ਵਿਚੋਂ ਪ੍ਰਗਟਾਵੇ ਤਾਂ ਹੀ ਸਫ਼ਲ ਬੈਲੱਡ ਦਾ ਚਿਤੇਰਾ ਹੋਇਆ ਜਾ ਸਕਦਾ ਹੈ।

'ਦੇਸ਼-ਪਿਆਰ' ਬੈਲੱਡ ਵਿਚ ਕਵੀ ਨੇ ਬਹਾਦਰੀ ਦੇ ਜਜ਼ਬੇ ਨੂੰ ਤਿਖੇ ਨਾਟਕੀ ਢੰਗ ਤੇ ਸੰਵਾਦ ਦੀ ਸ਼ੈਲੀ ਵਿਚ ਪ੍ਰਗਟਾਇਆ ਹੈ। ਰੂਪ ਪੱਖ ਤੋਂ ਕਵਿਤਾ ਬੜੀ ਸੁੰਦਰ ਹੈ। ਸੰਜਮ ਭਰਪੂਰ ਢੰਗ, ਨਾਟਕੀ ਸਥਿਤੀਆਂ, ਬਿਆਨ ਚੁਸਤ ਤੇ ਜੋਸ਼ੀਲੀ ਛੰਦ ਬਣਤਰ ਅੰਗਰੇਜ਼ੀ ਤੁਕਾਂਤ ਤਰਤੀਬ ਵਾਲੀ ਹੈ। ab, ab ਤੇ ਆਧਾਰਿਤ ਹਰ ਬੰਦ ਦੀ ਪਹਿਲੀ ਤੁਕ ਦਾ ਤੁਕਾਂਤ ਤੀਜੀ ਨਾਲ ਤੇ ਦੂਜੀ ਤੁਕ ਦਾ ਤੁਕਾਂਤ ਚੌਥੀ ਨਾਲ ਮਿਲਦਾ ਹੈ:

ਨਹੀਂ ਸੀ ਤੈਨੂੰ ਦੱਸਿਆ ਪਹਿਲਾਂ ਸਰਦਾਰਾ
ਆਪਣੇ ਨਿਕੇ ਪੁਤ ਦਾ ਡਰ ਮੈਨੂੰ ਖਾਵੇ।
ਮਤਾਂ ਅਲੂਆਂ ਛੋਕਰਾ ਤੱਕ ਲਸ਼ਕਰ ਭਾਰਾ,
ਆਪਣੀ ਅਣਖੀ ਕੌਮ ਨੂੰ ਨਾ ਵੱਟਾ ਲਾਵੇ। (ਪੰਨਾ 48)

'ਸੈਦਾ ਤੇ ਸਬਜ਼ਾ' ਇਕ ਛੋਟੇ ਆਕਾਰ ਦੀ ਪ੍ਰੀਤ-ਕਹਾਣੀ ਪ੍ਰਗਟਾਉਂਦਾ ਬੈਲੱਡ ਹੈ ਜਿਸ ਵਿਚ ਮਨੋਵਿਗਿਆਨਕ ਢੰਗ ਰਾਹੀਂ ਸਿਦਕੀ ਪਾਤਰਾਂ ਦੇ ਤਿਖੇ ਤੇ ਇਕਹਿਰੇ ਜਜ਼ਬਿਆਂ ਨੂੰ ਬੜੀ ਸਾਦਗੀ ਨਾਲ ਪੇਸ਼ ਕੀਤਾ ਹੈ। ਮੋਹਨ ਸਿੰਘ ਨੂੰ ਛੋਟੀ ਲਿਰੀਕਲ ਕਵਿਤਾ ਲਿਖਣ ਦੀ ਯੋਗਿਤਾ ਦੇ ਨਾਲ ਨਾਲ ਬਿਆਨੀਆ ਕਵਿਤਾ ਲਿਖਣ ਵਿਚ ਵੀ ਮੁਹਾਰਤ ਪ੍ਰਾਪਤ ਹੈ।

ਮੋਹਨ ਸਿੰਘ ਦੀ ਕਵਿਤਾ ਦਾ ਪ੍ਰਥਮ ਪੜਾਅ ਦਰਬਾਰੀ ਕਵਿਤਾ ਦਾ ਪੜਾਅ ਸੀ ਜਿਸ ਕਾਰਣ ਮੁਢਲੀਆਂ ਕਵਿਤਾਵਾਂ ਉੱਤੇ ਦਰਬਾਰੀ ਕਵਿਤਾਵਾਂ ਦੀ ਪਾਣ ਹੈ। ਦਰਬਾਰੀ ਕਵੀਆਂ ਵਾਂਗ ਉਹ ਆਪਣਾ ਤਖ਼ੱਲਸ ਜਾਂ ਨਾਂ ਲਿਖਣ ਦੀ ਪਰੰਪਰਾ ਤੋਂ ਅਵੇਸਲਾ ਨਹੀਂ ਹੋਇਆ:

ਇਵੇਂ ਮੋਹਨਾ ਤੈਨੂੰ ਵੀ ਯਾਦ ਕਰ ਕਰ
ਲੋਕੀ ਕੇਰਨਗੇ ਬੇਸ਼ੁਮਾਰ ਹੰਝੂ। (ਪੰਨਾ 99)
ਮੋਹਨ ਕਿੰਜ ਬਣਦਾ ਤੂੰ ਸ਼ਾਇਰ,
ਜੇ ਕਰ ਮੈਂ ਨਾ ਮਰਦੀ। (ਪੰਨਾ 35)
ਮੋਹਨ ਖਿਝ ਨਾ ਇਹਨਾ ਉਤੇ,
ਸਦਾ ਰਾਤ ਨੂੰ ਭੌਂਕਣ ਕੁਤੇ। (ਪੰਨਾ 27)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੀਤ

ਮੋਹਨ ਸਿੰਘ ਸਰਵਪੱਖੀ ਕਾਵਿ-ਚਿਤੇਰਾ ਹੈ ਜਿਸ ਨੇ ਆਪਣੀ ਕਾਵਿ-ਯਾਤਰਾ ਸਮੇਂ ਭਿੰਨ ਭਿੰਨ ਛੰਦਾਂ ਤੇ ਕਾਵਿ-ਰੂਪਾਂ ਨੂੰ ਅਪਣਾ ਕੇ ਪੰਜਾਬੀ ਕਾਵਿ ਨੂੰ ਮਾਲਾ ਮਾਲ ਕੀਤਾ ਹੈ। ਮੋਹਨ ਸਿੰਘ ਦਾ ਗੀਤਾਂ ਨਾਲ ਵੀ ਕਾਫ਼ੀ ਮੋਹ ਰਿਹਾ ਹੈ। 'ਸਾਵੇ-ਪੱਤਰ' ਤੋਂ ਲੈ ਕੇ ਅਗਲੀਆਂ ਰਚਨਾਵਾਂ ਵਿਚੋਂ ਵੀ ਗੀਤ-ਮਈ ਕਾਵਿ-ਰਚਨਾ ਦੀ ਨਿਰੰਤਰ ਧਾਰਾ ਵਹਿੰਦੀ ਰਹੀ ਹੈ। ਗੀਤ ਗਾਉਣ ਯੋਗ ਛੰਦ ਹੀ ਗਿਣਿਆ ਗਿਆ ਹੈ। ਆਧੁਨਿਕ ਪੰਜਾਬੀ ਗੀਤ ਅੰਗਰੇਜ਼ੀ ਦੇ Lyric (ਸਰੋਦੀ ਗੀਤ) ਨਾਲ ਮਿਲਦਾ ਜੁਲਦਾ ਹੈ।

ਗੀਤ ਸ਼ਬਦ ਸੰਸਕ੍ਰਿਤ ਦੇ 'ਗ' ਧਾਤੂ ਦਾ ਭੂਤ ਕ੍ਰਿਦੰਤੀ ਰੂਪ ਹੈ ਜਿਸ ਦਾ ਅਰਥ ਹੈ ਗਾਇਆ ਹੋਇਆ। ਇਸ ਧਾਤੂ ਤੋਂ ਬਣੇ ਹੋਏ ਵੈਦਿਕ ਸੰਸਕ੍ਰਿਤ ਦੇ ਹੋਰ ਕਈ ਸ਼ਬਦ ਉਦਗੀਤ, ਉਦਗੀਥ, ਉਦਗਤ ਆਦਿ ਪ੍ਰਚਲਤ ਰਹੇ ਹਨ। ਇਸ ਤੋਂ ਬਿਨਾਂ ਸੰਗੀਤ ਪ੍ਰਿਯਾ ਰੁਚੀ ਵੀ ਮਨੁੱਖੀ ਮਨੋਭਾਵਾਂ ਦੇ ਇਤਿਹਾਸ ਵਿਚ ਇਕ ਪੁਰਾਤਨ ਤੇ ਪ੍ਰਭਾਵਸ਼ਾਲੀ ਘਟਨਾ ਹੈ।[10] ਐਰਨੈਸਟ ਰਾਈਟਸ ਦੇ ਮੱਤ ਅਨੁਸਾਰ 'ਸੱਚਾ ਗੀਤ ਓਹੀ ਹੈ ਜੋ ਭਾਵ ਜਾਂ ਭਾਵ ਪ੍ਰਧਾਨ ਵਿਚਾਰਾਂ ਦਾ ਭਾਸ਼ਾ ਰਾਹੀਂ ਸੁਭਾਵਕ ਪ੍ਰਕਾਸ਼ ਹੋਵੇ। ਜੋ ਆਵਾਜ਼ ਦੀ ਲੈਅ ਦੇ ਮੇਲ ਰਾਹੀਂ ਪ੍ਰਗਟਾਏ ਜਾਣ ਵਾਲੇ ਭਾਵ ਨੂੰ ਪੂਰੀ ਤਰ੍ਹਾਂ ਦਰਸਾ ਸਕੇ ਤੇ ਛੰਦ ਦੀ ਮਟਕ ਚਾਲ ਤੇ ਸ਼ਬਦਾਂ ਦੀ ਮਿਠਤ ਲੱਦੀ ਉਸ ਸੰਗੀਤਮਈ ਧੁਨੀ ਥੀਂ ਨਿਖਰਦਾ ਹੋਵੇ ਜਿਸ ਨੂੰ ਅੰਦਰਲੇ ਦਾ ਸਹਿਜ ਪ੍ਰਕਾਸ਼ ਕਿਹਾ ਜਾ ਸਕੇ। ਉਸ ਦੀ ਬੋਲੀ ਸੁਖੈਨ, ਸ਼ਬਦ ਸਰਲ, ਕੋਮਲ ਅਤੇ ਭੰਡਾਰ ਭਰੇ ਹੋਣ। ਉਸ ਦੀ ਤੋਰ ਵਿਚ ਦ੍ਰਿੜ੍ਹਤਾ ਤੇ ਵਹਾਓ ਹੋਵੇ।[11]

ਜਜ਼ਬੇ ਦੀ ਮਧੁਰਤਮ ਅਭਿਵਿਅਕਤੀ ਹੀ ਗੀਤ ਹੈ। ਜੇ ਕਵਿਤਾ ਸਾਹਿਤ ਦੀ ਆਤਮਾ ਹੈ ਤਾਂ ਗੀਤ ਕਵਿਤਾ ਦੀ ਆਤਮਾ ਹੈ। ਸਹਿਜ ਸ਼ੁਧ ਭਾਵ, ਮਧੁਰ ਕਲਪਨਾ ਤਰਕ ਅਤੇ ਫਿਲਾਸਫ਼ੀ ਤੋਂ ਵਿਮੁਕਤ ਵਿਚਾਰ ਗੀਤ ਕਾਵਿ ਦੀਆਂ ਵਿਸ਼ੇਸ਼ਤਾਈਆਂ ਹਨ। ਗੀਤ ਵਿਚ ਜਜ਼ਬੇ ਅਤੇ ਵਲਵਲੇ ਦੀ ਪ੍ਰਧਾਨਤਾ ਹੁੰਦੀ ਹੈ। ਗੀਤ ਕਿਉਂਕਿ ਗਾਇਆ ਜਾਂਦਾ ਹੈ ਇਸ ਲਈ ਇਸ ਵਿਚ ਸੰਗੀਤ ਦੀ ਆਵਸ਼ਕਤਾ ਵੀ ਜ਼ਰੂਰੀ ਹੋ ਜਾਂਦੀ ਹੈ। ਰਚਨਾ ਪੱਖੋਂ ਗੀਤਾਂ ਦੀ ਵੰਡ ਲੋਕ-ਗੀਤ, ਸੰਗੀਤਕ ਗੀਤ ਅਤੇ ਸਾਹਿਤਕ ਗੀਤਾਂ ਦੇ ਨਾਂਅ ਹੇਠ ਕੀਤੀ ਗਈ ਹੈ।

ਗੀਤਾਂ ਵਿਚ ਛੰਦ ਦੀ ਚਾਲ ਪਿੰਗਲ ਅਨੁਸਾਰ ਨਹੀਂ ਹੁੰਦੀ, ਸਗੋਂ ਮਨ ਦੇ ਹਾਵਾਂ ਤੇ ਭਾਵਾਂ ਦੀ ਧਾਰਨੀ ਹੁੰਦੀ ਹੈ। ਮੋਹਨ ਸਿੰਘ ਦੇ ਗੀਤ ਵੀ ਅਜੋਕੇ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਹਨ। 'ਮੋਹਨ ਸਿੰਘ ਦੇ ਗੀਤਾਂ ਦੀ ਧੁਨੀ ਵਿਚ ਵਾਰਿਸ ਸ਼ਾਹ ਦੀ ਭਖਦੀ ਜਵਾਨੀ ਦੀ ਵੇਦਨਾ, ਬੁਲ੍ਹੇਸ਼ਾਹ ਦੀ ਸੂਫ਼ੀਆਨਾ ਹੇਕ, ਪੂਰਨ ਸਿੰਘ ਦਾ ਤੀਖਣ ਵਲਵਲਾ, ਚਾਤ੍ਰਿਕ ਦਾ ਸਥਾਨੀ ਤੇ ਪੇਂਡੂ ਪੰਜਾਬ ਦੇ ਗੀਤਾਂ ਦਾ ਨੱਚਦਾ ਤਾਲ ਇਕ ਸੁਰ ਹੋਇਆ ਹੈ।'[12]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੀਤ ਮਨੁੱਖੀ ਦਿਲ ਦੀ ਕੋਮਲ, ਸੂਖਮ ਅਵਸਥਾ ਦਾ ਸ਼ੀਸ਼ਾ ਹੁੰਦੇ ਹਨ । ਕਿਸੇ ਆਨੰਦਮਈ, ਮਸਤ, ਖੀਵੇ, ਬਿਰਹੜੇ, ਅਰਧ ਚੇਤਨ ਮਨ ਦੇ ਲਖਾਇਕ ਹੁੰਦੇ ਹਨ ।

ਗੀਤ ਦਾ ਪ੍ਰਸਫੁਟਨ ਉਦੋਂ ਹੁੰਦਾ ਹੈ ਜਦੋਂ ਕਵੀ ਮਨ ਦ੍ਰਵਿਤ ਹੋ ਕੇ ਹੰਝੂਆਂ ਜਾਂ ਹਾਸੇ ਰਾਹੀਂ ਜਾਂ ਛੋਹਾਂ ਜਾਂ ਬੋਲਾਂ ਰਾਹੀਂ ਬਾਹਰ ਉਮਲਦਾ ਹੈ । ਗੀਤ ਵਿਚ ਵਲਵਲੇ ਦੀ ਵਿਵਿਧਤਾ ਜ਼ਰੂਰੀ ਨਹੀਂ ਪਰੰਤੂ ਭਾਵ ਏਕਤਾ ਗੀਤ ਦਾ ਜ਼ਰੂਰੀ ਲੱਛਣ ਹੁੰਦੀ ਹੈ । 'ਸਾਵੇ-ਪੱਤਰ' ਵਿਚ ਮੋਹਨ ਸਿੰਘ ਨੇ ਗੀਤਾਂ ਤੇ ਵੀ ਹੱਥ ਅਜ਼ਮਾਈ ਕੀਤੀ ਹੈ ਪਰੰਤੂ ਇਸ ਪੜਾਅ ਤੇ ਮੋਹਨ ਸਿੰਘ ਦੇ ਭਾਵ ਅਜੇ ਬਹੁਤੇ ਪ੍ਰੌਢ ਨਹੀਂ ਸਨ ਹੋਏ ਤੇ ਉਹ ਜਜ਼ਬਾਤੀ ਪੱਧਰ ਦਾ ਗੀਤਕਾਰ ਸੀ । ਇਸ ਪੁਸਤਕ ਵਿਚ ਮੋਹਨ ਸਿੰਘ ਦੇ ਕੁਝ ਗੀਤ ਅਤੇ ਕੁਝ ਗੀਤਾਂ ਵਰਗੀਆਂ ਰਚਨਾਵਾਂ ਮਿਲਦੀਆਂ ਹਨ । 'ਨੈਣਾਂ ਦੇ ਵਣਜਾਰੇ', 'ਥਾਲ', 'ਆਪਾ', 'ਹਾਲੀ ਦਾ ਗੀਤ', 'ਨਾ ਵੰਝ ਢੋਲਾ', ਆਦਿ ਕੁਝ ਗੀਤ-ਨੁਮਾ ਰਚਨਾਵਾਂ ਹਨ :

ਨਾ ਵੰਝ ਢੋਲਾ ਚੰਨਣਾ
ਨਿਤ ਨਿਤ ਅਸਾਂ ਨਾ ਹਾੜੇ ਕੱਢਣੇ
ਨਿਤ ਨਿਤ ਤੂੰ ਨਹੀਂ ਮੰਨਣਾ । (ਪੰਨਾ 95)

ਮੋਹਨ ਸਿੰਘ ਨੇ ਆਪਣੇ ਗੀਤਾਂ ਵਿਚ ਆਪਣੀ ਨਿੱਜੀ ਪ੍ਰੀਤ ਨੂੰ ਨਿਸੰਗ ਹੋ ਕੇ ਗੰਵਿਆ ਹੈ । ਉਸ ਦੇ ਗੀਤਾਂ ਵਿਚ ਸੰਜੋਗ ਅਤੇ ਵਿਯੋਗ ਦੋਹਾਂ ਤਰ੍ਹਾਂ ਦੇ ਪਿਆਰ ਗੀਤ ਮਿਲਦੇ ਹਨ । ਆਪ ਵੀ ਬ੍ਰਿਹਾ ਨੂੰ ਜਦੋਂ ਉਹ ਨਾਇਕਾ ਦੇ ਮੂੰਹੋਂ ਕਢਾਉਂਦਾ ਹੈ ਤਾਂ ਦਿਲ ਜ਼ਰੂਰ ਹੀ ਪਸੀਜਿਆ ਜਾਂਦਾ ਹੈ । ਰੋਜ਼ ਰੋਜ਼ ਪ੍ਰੇਮੀ ਨੇ ਆਉਣਾ ਨਹੀਂ, ਰੋਜ਼ ਰੋਜ਼ ਪ੍ਰੇਮਕਾ ਨੇ ਉਸ ਨੂੰ ਮਿਲਣਾ ਨਹੀਂ । ਇਸ ਲਈ ਉਸ ਦੀ ਤਰਲੇ ਮਈ ਅਵਸਥਾ ਭਾਵ ਪੂਰਨ ਲੱਗਦੀ ਹੈ :

ਖ਼ਬਰ ਹੁੰਦੀ ਜੇ ਪਊ ਵਿਛੋੜਾ
ਮੋਹਨ ਚਾ ਕਰਦੀ ਮੈਂ ਥੋੜਾ
ਪਿਆਰ ਨਾ ਪਾਂਦੀ ਸੰਘਣਾ । (ਪੰਨਾ 95)

ਮੋਹਨ ਸਿੰਘ ਦੇ ਗੀਤਾਂ ਵਿਚ ਸਾਦਗੀ ਤੇ ਸਪਸ਼ਟਤਾ ਹੈ ਜੋ ਗੀਤ ਦਾ ਮੁਖ ਗੁਣ ਹੋਇਆ ਕਰਦੀ ਹੈ ਕਿਤੇ ਵੀ ਭੁਲੇਖਾ ਪਾਊ ਜਾਂ ਗੁੰਝਲਦਾਰ ਵਿਚਾਰ ਨਹੀਂ । ਨਿਕੇ ਨਿਕੇ ਗੀਤਮਈ ਬੋਲ ਧੁਰ ਅੰਤਹਿਕਰਣ ਤੱਕ ਪੁਜਣ ਦੇ ਸਮਰੱਥ ਹੁੰਦੇ ਹਨ । ਯਾਦਾਂ ਦੇ ਖੰਭਾਂ ਉੱਤੇ ਉੱਡਣਾ ਤੇ ਯਾਦਾਂ ਦੇ ਵਹਿਣਾਂ ਵਿਚ ਗੋਤੇ ਖਾਣੇ ਮੋਹਨ ਸਿੰਘ ਦਾ ਸੁਭਾਅ ਹੈ ਜੋ ਇਨ੍ਹਾਂ ਯਾਦਾਂ ਨੂੰ ਮੂਰਤੀਮਾਨ ਕਰ ਜਾਂਦਾ ਹੈ :

ਦੁਖ ਤੇ ਦਰਦ ਵੰਡਾਉਣਾ ਤੇਰਾ,
ਮੇਰੇ ਅੰਬ ਛੁਪਾਉਣਾ ਤੇਰਾ,
ਖਾ ਕੇ ਝਿੜਕ ਮਨਾਉਣਾ ਤੇਰਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਕਰ ਚੇਤੇ ਜਿੰਦੜੀ
ਖਾਵੇ ਘੇਰੀਆਂ । (ਪੰਨਾ 43)

'ਅੰਬੀ ਦੇ ਬੂਟੇ ਥੱਲੇ' ਵੀ ਇਕ ਗੀਤ ਨੁਮਾ ਕਵਿਤਾ ਹੈ ਜੋ ਰਾਗਾਤਮਕਤਾ ਅਤੇ ਰਵਾਨੀ ਦੀ ਅਨੂਪਮ ਮਿਸਾਲ ਹੈ। ਗੀਤ ਕਾਵਿ ਦਾ ਨਿਜਤਵ, ਗੀਤ ਕਾਵਿ ਦੀ ਤੀਬਰਤਾ, ਸਰਲਤਾ ਅਤੇ ਵਾਤਾਵਰਣ ਸਮੁੱਚੇ ਦਾ ਸਮੁੱਚਾ ਹੀ ਗਾਉਂਦਾ ਤੇ ਲੈਆਤਮਿਕ ਹੁੰਦਾ ਜਾਪਦਾ ਹੈ :

ਮੈਂ ਅੱਗੇ ਅੱਗੇ ਨੀ,
ਉਹ ਪਿੱਛੇ ਪਿੱਛੇ ਨੀ,
ਮੰਜੀ ਦੇ ਗਿਰਦੇ ਨੀ,
ਅੰਬੀ ਦੇ ਗਿਰਦੇ ਨੀ,
ਨਸਦੇ ਵੀ ਜਾਈਏ ਨੀ,
ਹਸਦੇ ਵੀ ਜਾਈਏ ਨੀ। (ਪੰਨਾ 81)

'ਢਾਲ' ਗੀਤ ਵਿਚ ਵੀ ਕਾਉਣੀ ਬੋਲਦੀ ਹੈ। ਢੋਲ ਦੀ ਯਾਦ ਭਿੰਨ ਭਿੰਨ ਸੰਕੇਤਕ ਵਿਧੀਆਂ ਤੇ ਖਿਆਲਾਂ ਰਾਹੀਂ ਪ੍ਰਗਟਾਈ ਹੈ :

ਮਾਰ ਮਾਰ ਧੱਫੇ ਤੈਨੂੰ
ਕਰ ਦਿਆਂਗੀ ਗੋਲ ਵੇ,
ਠਿੱਪ ਠਿੱਪ ਠਿੱਪ ਠਿੱਪ
ਮੈਂ ਤੇ ਢੋਲ ਇਕ ਮਿਕ। (ਪੰਨਾ 76)

ਮੋਹਨ ਸਿੰਘ ਦੀ ਕਵਿਤਾ ਦੇ ਛੰਦ ਵਿਧਾਨ ਨੂੰ ਵਾਚਿਆਂ ਇਸ ਨਤੀਜੇ ਤੇ ਪੁੱਜੀਦਾ ਹੈ ਕਿ ਉਸ ਨੇ ਕਾਵਿ ਵਿਚ ਰਵਾਇਤੀ ਬਿਆਨੀਆ ਰੰਗ, ਭਾਵਾਤਮਕ ਵਰਣਨ, ਕਥਾ-ਕਾਵਿ ਬੈਲੱਡ ਦਾ ਰੰਗ, ਨਵੀਂ ਬਿਆਨੀਆ ਛੰਦ ਚਾਲ ਅਤੇ ਕਈ ਅਸਲੋਂ ਹੀ ਨਵੇਂ ਛੰਦਾਂ ਦੀ ਸਿਰਜਣਾ ਕੀਤੀ। ਮੋਹਨ ਸਿੰਘ ਵਿਚ ਅਥਾਹ ਵੇਗ ਵਾਲੀ ਕਾਵਿ-ਸਿਰਜਣਾ ਤੇ ਡੂੰਘੇ ਅਨੁਭਵ ਵਾਲੀ ਵਿਲੱਖਣ ਸ਼ਕਤੀ ਸੀ ਜਿਹੜੀ ਕਿਸੇ ਕਲਾਤਮਕ ਉਸਾਰੂ ਤੇ ਪਾਰਖੂ ਦ੍ਰਿਸ਼ਟੀ ਨੂੰ ਉਡੀਕ ਰਹੀ ਸੀ ਜੋ ਪਿਛਲੇ ਪੜਾਅ ਤੇ ਪੁੱਜ ਕੇ ਚੱਕ ਤੇ ਚੜੀ ਮਿੱਟੀ ਨੂੰ ਘੁਮਿਆਰ ਦੇ ਕਲਾਕਾਰੀ ਹੱਥਾਂ ਨੇ ਅਤਿ ਸੁਹਜਤਾ ਦਾ ਰੂਪ ਪ੍ਰਦਾਨ ਕੀਤਾ। ਮੋਹਨ ਸਿੰਘ ਦੀ ਕਾਵਿ-ਸੁਹਜਤਾ ਦਾ ਵਿਲੱਖਣ ਗੁਣ ਹਲਕੇ ਫੁਲਕੇ ਗੀਤਾ ਰਾਹੀਂ ਮਨੁੱਖੀ ਮਨ ਦੀਆਂ ਅੰਦੋਲਿਤ ਵਿਰਤੀਆਂ ਦਾ ਭਾਵਨਾਤਮਕ ਵਿਅਕਤੀਕਰਣ ਕਰਨਾ ਵੀ ਹੈ। ਉਹ ਦਾ ਗੀਤ ਕਾਵਿ ਪਿਆਰ ਨਾਲ ਹੀ ਸੰਯੁਕਤ ਹੈ। ਉਹ ਅਸਲੋਂ ਹੀ ਪਿਆਰ ਗੀਤ-ਕਾਵਿ ਦਾ ਨਿਰਮਾਤਾ ਤੇ ਰਚਿਤਾ ਹੈ। ਰੂਪ ਵਿਧਾਨ ਤੇ ਸ਼ੈਲੀ ਦੇ ਪੱਖੋਂ ਮੋਹਨ ਸਿੰਘ ਨੇ ਆਪਣੇ ਗੀਤ-ਕਾਵਿ ਨਾਲ ਪੂਰੀ ਤਰ੍ਹਾਂ ਇਨਸਾਫ਼ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. ਹਰਿਭਜਨ ਸਿੰਘ, **ਸਾਹਿਤ ਅਧਿਐਨ ਪ੍ਰਣਾਲੀਆਂ** (ਸੰਪ. ਕਰਨੈਲ ਸਿੰਘ ਥਿੰਦ) ਪੰਨਾ 2.
2. ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ ਲੋਕ**, ਪੰਨਾ 37.
3. H. Hudson, *An Introduction to the Study of Literature*, p 27.
4. **ਪੰਜਾਬੀ ਸਾਹਿਤ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ।
5. ਹਰੀਦਤ ਸ਼ਾਸ਼ਤਰੀ, **ਰਿਕਸੂਤਕ ਸੰਗ੍ਰਿਹ**, ਪੰਨਾ 36.
6. ਲਕਸ਼ਮੀ ਨਰਾਇਣ ਸੁਧਾਸੂ, **ਜੀਵਨ ਕੇ ਤਤਵ ਔਰ ਕਾਵਿਯ ਕੇ ਸਿਧਾਂਤ**, ਪੰਨਾ 101.
7. ਸੰਤ ਸਿੰਘ ਸੇਖੋਂ, **ਸਾਹਿਤਿਆਰਥ**, ਪੰਨਾ 92.
8. ਮੋਹਨ ਸਿੰਘ, "ਮੁਖ-ਬੰਧ", **ਪੰਜ ਪਾਣੀ**, ਪੰਨਾ 8.
9. James Reeves, *Understanding Poetry*, p. 114.
10. ਪ੍ਰੇਮ ਪ੍ਰਕਾਸ਼ ਸਿੰਘ, **ਪੰਜਾਬੀ ਦੁਨੀਆ** (ਗੀਤ ਅੰਕ), ਸਤੰਬਰ 1965, ਪੰਨਾ 26.
11. ਦੇਵਿੰਦਰ ਸਿੰਘ, ਉਹੀ, ਪੰਨਾ 4.
12. ਜਸਬੀਰ ਸਿੰਘ ਸਿਧੂ, **ਸ਼ਿਵ ਬਟਾਲਵੀ** (ਖੋਜ ਨਿਬੰਧ), ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 33.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8592

5.

ਰਸ ਨਿਰੂਪਣ

ਭਾਰਤੀ ਕਾਵਿ-ਸ਼ਾਸਤਰ ਵਿਚ ਰਸ ਸਿੱਧਾਂਤ ਸਭ ਤੋਂ ਪ੍ਰਾਚੀਨ ਤੇ ਪ੍ਰਧਾਨ ਕਾਵਿ-ਸਿੱਧਾਂਤ ਹੈ। ਭਾਰਤ ਆਚਾਰੀਆਂ ਨੇ ਕਾਵਿ ਦੇ ਤੱਤਾਂ ਦਾ ਵਿਵੇਚਨ ਕਰਦਿਆਂ ਰਸ ਨੂੰ ਕਾਵਿ ਦੀ ਆਤਮਾ (Soul of Poetry) ਮੰਨਿਆ ਹੈ ਤੇ ਰਸ ਸਿੱਧਾਂਤ ਦੇ ਅੰਤਰਗਤ ਵਿਵਿਧ ਭਾਵਾਂ ਦਾ ਸੂਖ਼ਮ ਵਿਵੇਚਨ ਪ੍ਰਸਤੁਤ ਕੀਤਾ ਹੈ। ਕਾਵਿ ਵਿਚ ਰਸ ਸਰਵ ਪ੍ਰਥਮ ਹੈ। ਜਿੰਨੇ ਵੀ ਕੰਮ ਕਾਰ ਹਨ, ਉਨ੍ਹਾਂ ਦੀ ਪ੍ਰੇਰਨਾ ਅਤੇ ਮਨੋਰਥ, ਉਨ੍ਹਾਂ ਦਾ ਆਰੰਭ ਅਤੇ ਅੰਤ 'ਰਸ' ਵਿਚ ਹੀ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਉਸ ਦੇ ਅੱਧ ਵਿਚਾਲੇ ਹੀ ਭਟਕ ਜਾਈਏ।[1] ਭਰਤ ਮੁਨੀ ਰਸ ਬਿਨਾਂ ਅਰਥ ਦੇ ਸੰਚਾਰ ਨੂੰ ਹੀ ਨਹੀਂ ਮੰਨਦਾ। ਰਸ ਇਕ ਪਾਸੇ ਭੌਤਿਕ ਚੇਤਨਾ ਨਾਲ ਅਤੇ ਦੂਜੇ ਪਾਸੇ ਮਨੋ ਚੇਤਨਾ ਨਾਲ ਸੰਬੰਧਿਤ ਹੈ। ਇਸ ਲਈ ਇਸ ਵਿਚ ਮਨੁੱਖੀ ਮਨੋਭਾਵਾਂ ਅਤੇ ਜਜ਼ਬਿਆਂ ਦੀ ਵਿਸ਼ੇਸ਼ ਥਾਂ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਜਜ਼ਬਿਆਂ ਦਾ ਵਿਸ਼ਲੇਸ਼ਣ ਕਰਨ ਵਾਲਾ ਰਸ-ਸਿੱਧਾਂਤ ਹੀ ਇੰਨੀ ਲੋਕ-ਪ੍ਰਿਯਤਾ ਪ੍ਰਾਪਤ ਕਰ ਸਕਿਆ ਹੈ।[2]

'ਰਸ' ਸ਼ਬਦ ਦਾ ਅਸਲ ਅਰਥ ਪ੍ਰਚਲਿਤ ਅਰਥਾਂ ਤੋਂ ਬਿਲਕੁਲ ਵੱਖਰਾ ਹੈ। ਇਸ ਦੀ ਤਾਸੀਰ ਮਨੋ-ਵਿਗਿਆਨਕ ਅਤੇ ਭਾਵਾਤਮਕ ਹੈ ਜਿਸ ਕਾਰਨ ਰਸ ਦਾ ਸਰੂਪ ਅਤੇ ਅਭਿਵਿਅਕਤੀ ਇਕ ਵਿਸ਼ੇਸ਼ ਅਰਥਾਂ ਵਿੱਚ ਨਿਰੂਪਿਤ ਕੀਤੀ ਗਈ ਹੈ। ਰਸ-ਸਿੱਧਾਂਤ ਦੇ ਮੋਢੀ ਆਚਾਰੀਆ ਭਰਤ ਮੁਨੀ ਰਸ ਦੀ ਪਰਿਭਾਸ਼ਾ ਤੇ ਰਸ ਦੇ ਵਿਭਿੰਨ ਅੰਗਾਂ ਸੰਬੰਧੀ ਚਰਚਾ ਦਾ ਆਧਾਰ ਨਿਮਨ ਲਿਖ਼ਤ ਸੂਤਰ ਅਨੁਸਾਰ ਸਥਾਪਿਤ ਕਰਦੇ ਹਨ :

ਵਿਭਾਨੁਭਾਵਵਯਭਿਚਾਰਿਸੰਯੋਗਾਦਿਰਸ ਨਿਸ਼ਪੱਤਿ ॥[3]

ਸਥਾਈ ਭਾਵਾਂ ਨਾਲ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵਾ ਦੇ ਸੰਯੋਗ ਨਾਲ ਰਸ ਦੀ ਨਿਸ਼ਪੱਤਿ ਹੁੰਦੀ ਹੈ। ਭਾਰਤੀ ਕਾਵਿ-ਸ਼ਾਸ਼ਤਰ ਅਨੁਸਾਰ ਬੀਰ ਰਸ, ਭਿਆਨਕ ਰਸ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰੁਣਾ ਰਸ, ਹਾਸ ਰਸ, ਰੌਦਰ ਰਸ, ਵਿਭਤਸ ਰਸ, ਸ਼ਾਂਤ ਰਸ, ਸ਼ਿੰਗਾਰ ਰਸ, ਅਦਭੁਤ ਰਸ ਆਦਿ ਨੌਂ ਰਸਾਂ ਦੀ ਹੋਂਦ ਮੰਨੀ ਗਈ ਹੈ ਜਿਸ ਦੇ ਆਧਾਰ ਤੇ 'ਸਾਵੇ ਪੱਤਰ' ਦੇ ਰਸ-ਨਿਰੂਪਣ ਦਾ ਵਿਵੇਚਨ ਕਰਾਂਗੇ ।

ਸ਼ਿੰਗਾਰ ਰਸ

ਇਹ ਕਵਿਤਾ ਦਾ ਮੀਰੀ ਰਸ ਹੁੰਦਾ ਹੈ ਜੋ ਕਾਵਿ ਨੂੰ ਅਸਰ ਅੰਦਾਜ਼ ਕਰਨ ਲਈ ਸਭ ਤੋਂ ਵੱਧ ਸਮਰੱਥਾ ਰਖਦਾ ਹੈ, ਰਤਿ ਦੇ ਸਥਾਈ ਭਾਵ ਤੋਂ ਪ੍ਰਗਟ ਹੋਏ ਸੁਹਜ ਰਸ ਨੂੰ ਸ਼ਿੰਗਾਰ ਰਸ ਕਿਹਾ ਜਾਂਦਾ ਹੈ । ਸ਼ਿੰਗਾਰ ਰਸ ਦੇ ਦੋ ਭੇਤ ਹੁੰਦੇ ਹਨ : 'ਵਿਪ੍ਰਲੰਭ' ਤੇ 'ਸੰਯੋਗ' । 'ਅੰਬੀ ਦੇ ਬੂਟੇ ਥੱਲੇ' ਵਿਪ੍ਰਲੰਭ (ਬਿਰਹੋਂ ਸ਼ਿੰਗਾਰ) ਦੀ ਇਕ ਬੇਜੋੜ ਮਿਸਾਲ ਹੈ । 'ਹਿਜਰ ਦਾ ਅਹਿਸਾਸ, ਯਾਦਾਂ ਦੀ ਤੜਪ, ਪ੍ਰਕ੍ਰਿਤੀ ਦਾ ਉੱਦੀਪਨ ਤੇ ਉੱਤੇਜਿਤ ਪ੍ਰਭਾਵ, ਉਨਮਾਦਕ ਸਥਿਤੀ, ਉਡੀਕ, ਨਾਇਕ-ਨਾਇਕਾ ਦੇ ਕਲੋਲ ਅਤੇ ਸੰਗੀਤਕ ਤੇ ਅਨੁਪ੍ਰਾਸ ਮਈ ਬੋਲੀ ਆਦਿ ਸਾਰੀ ਸਮਗਰੀ ਬਿਰਹੋਂ ਨੂੰ ਇਕ ਪ੍ਰਚੰਡ ਰੂਪ ਵਿਚ ਅਭਿਵਿਅਕਤ ਕਰਨ ਵਿਚ ਸਮਰੱਥ ਹੋ ਰਹੀ ਹੈ ।'[4] ਪ੍ਰੇਮੀਆਂ ਦੇ ਵਿਛੋੜੇ ਦੇ ਦਰਦ ਦਾ ਅਹਿਸਾਸ, ਯਾਦਾਂ ਤੇ ਪ੍ਰਛਾਵੇਂ ਤੇ ਕਲੋਲ ਜ਼ਿੰਦਗੀ ਨੂੰ ਇਕ ਅਜਿਹਾ ਹੁਲਾਰਾ ਬਖ਼ਸ਼ਦੇ ਹਨ ਜੋ ਸ਼ਿੰਗਾਰ ਰਸ ਦੀ ਵਿਪ੍ਰਲੰਭ ਕਿਸਮ ਦੀ ਪੇਸ਼ਕਾਰੀ ਹੋ ਨਿਬੜਦੇ ਹਨ :

ਕੋਇਲ ਦੀਆਂ ਕੂਕਾਂ ਨੀ,
ਮਾਰਨ ਬੰਦੂਕਾਂ ਨੀ,
ਪੀਹੜੇ ਨੂੰ ਭੰਨਾਂ ਮੈਂ
ਚਰਖੀ ਨੂੰ ਫੂਕਾਂ ਨੀ ॥ (ਪੰਨਾ 77)

ਪੱਤਿਆਂ ਦੀ ਖੜ ਖੜ ਨੇ,
ਬਦਲਾਂ ਦੀ ਸ਼ੂਕਰ ਨੇ,
ਵੰਗਾਂ ਦੀ ਛਣ ਛਣ ਨੇ,
ਚਰਖੀ ਦੀ ਘੂਕਰ ਨੇ,
ਟੱਪਿਆਂ ਦੀ ਲੋਰੀ ਨੇ
ਕੋਇਲਿ ਦੀ ਕੂਕਰ ਨੇ । (ਪੰਨਾ-78)

ਮੋਹਨ ਸਿੰਘ ਦੀ ਕਵਿਤਾ ਵਿਚ ਸੰਯੋਗ ਸ਼ਿੰਗਾਰ ਵੀ ਮਿਲਦਾ ਹੈ । ਪ੍ਰਿਯਾ ਦੇ ਆਨੰਦ ਤੋਂ ਪੈਦਾ ਹੋਏ ਮਨੋਭਾਵਾਂ ਦੇ ਤਿਖੇ ਵੇਗ ਦਾ ਪ੍ਰਤੀਕਰਮ ਅਤੇ ਵਸਲ ਦਾ ਵਰਣਨ ਤੇ ਇਸ ਮਿਲਾਪ ਤੋਂ ਉਤਪੰਨ ਖ਼ੁਮਾਰੀ ਦਾ ਉਨਮਾਦ ਭਾਵੇਂ ਗੌਣ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਪਰੰਤੂ ਜ਼ਿੰਦਗੀ ਨੂੰ ਸਵਾਦ ਸਵਾਦ ਕਰ ਜਾਂਦਾ ਹੈ । ਮੋਹਨ ਸਿੰਘ ਦੇ ਇਸ ਸੰਯੋਗ ਕਾਵਿ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ 'ਰਹੱਸ ਦੀ ਧੂੜ, ਆਦਰਸ਼ ਦਾ ਮਾਇਆ ਜਾਲ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਦਭੁਤਤਾ ਦੀ ਧੁੰਧ ਅਤੇ ਧਰਤੀ ਤੋਂ ਅਣਛੂਹ ਅਲੌਕਿਕ ਵਾਯੂ-ਮੰਡਲ ਪਸਰਿਆ ਹੋਇਆ ਮਿਲਦਾ ਹੈ। ਜਿਥੇ ਬਿਰਹੋਂ ਦੁਨਿਆਵੀ ਤੇ ਸਥੂਲ ਹੈ, ਉਥੇ ਸੰਯੋਗ ਅਰਸ਼ੀ ਤੇ ਸੂਕਸ਼ਮ ਹੈ :

ਤਕ ਸਬਜ਼ਾਂ ਦੀ ਅਹਿਲ ਜਵਾਨੀ
ਚੰਨਣ-ਵੰਨਾ ਮੱਥਾ
ਦਿਲ ਸੌਦੇ ਦਾ ਗਿਆ ਮਰੁੰਡਿਆ,
ਝੱਬ ਘੋੜੀ ਤੋਂ ਲੱਥਾ ॥ (ਪੰਨਾ 63)

ਬੀਰ ਰਸ

ਮੋਹਨ ਸਿੰਘ ਦੀ ਕਵਿਤਾ ਦਾ ਪ੍ਰਧਾਨ ਰਸ ਸ਼ਿੰਗਾਰ ਰਸ ਹੈ ਪਰੰਤੂ ਬੀਰ ਰਸ ਦੇ ਉਦਾਹਰਣ ਵੀ ਕਈ ਥਾਈਂ ਮਿਲਦੇ ਹਨ। ਬੀਰਰਸ ਦਾ ਸਥਾਈ ਭਾਵ ਪਾਠਕਾਂ ਤੇ ਸਰੋਤਿਆਂ ਵਿਚ ਜੀਵਨ ਉਤਸ਼ਾਹ ਉਤਪੰਨ ਕਰਦਾ ਹੈ। ਇਸ ਦਾ ਸਭ ਤੋਂ ਵੱਡਾ ਗੁਣ ਮਨੁੱਖ ਅੰਦਰੋਂ ਮੌਤ ਦਾ ਭੈਅ ਹਟਾਉਣਾ ਹੈ। ਯੋਧਿਆਂ ਦੀ ਲੜਾਈ ਲਈ ਤਿਆਰੀ ਤੇ ਜੰਗੇ-ਮੈਦਾਨ ਅੰਦਰ ਸ਼ਾਨਦਾਰ ਮੱਲਾਂ ਦੀ ਪ੍ਰਾਪਤੀ ਤੇ ਕਰਾਰੇ ਹੱਥ ਵਿਖਾਕੇ ਸਰੋਤਿਆਂ ਅੰਦਰ ਬਹਾਦਰੀ ਦੀ ਭਾਵਨਾ ਨੂੰ ਉਜਾਗਰ ਕਰਨਾ ਬੀਰ ਰਸ ਅਧੀਨ ਹੀ ਆਉਂਦੇ ਹਨ। ਉਤਸਾਹ ਇਸ ਦਾ ਸਥਾਈ ਭਾਵ ਹੁੰਦਾ ਹੈ। ਜਿਸ ਤੇ ਵਿਜੇ ਪ੍ਰਾਪਤ ਕਰਨੀ ਹੋਵੇ ਇਸ ਦਾ ਉਹ ਆਲੰਬਨ ਭਾਵ ਹੁੰਦਾ ਹੈ। ਚੇਸ਼ਟਾਵਾਂ ਫ਼ੌਜਾਂ ਤੇ ਹਥਿਆਰ ਉਦੀਪਨ, ਤਰਕ ਤੇ ਗਰਵ ਆਦਿ ਸੰਚਾਰੀ ਭਾਵ ਹੁੰਦੇ ਹਨ। ਬੀਰ ਰਸ ਦੀ ਵਧੀਆ ਉਦਾਹਰਣ, 'ਸਿਪਾਹੀ ਦਾ ਦਿਲ' ਅਤੇ 'ਦੇਸ਼-ਪਿਆਰ' ਸ਼ੀਰਸ਼ਕ ਵਾਲੀਆਂ ਕਵਿਤਾਵਾਂ ਹਨ :

ਨਾ ਹੁਣ ਖੱਡਾਂ ਪੋਂਹਦੀਆਂ ਨਾ ਧਮਕੀ ਕਾਈ,
ਨਾ ਤਲਵਾਰਾਂ ਨੰਗੀਆਂ, ਨਾ ਚਿਹਰਾ ਸੂਹਾ।
ਹਿਕ ਬੁਢੇ ਦੀ ਚੀਰਕੇ ਤੇਰੀ ਸਰਵਾਹੀ,
ਲੱਭੇਗੀ ਹੁਣ ਸੋਹਣਿਆਂ ਕਿੱਲੀ ਦਾ ਬੂਹਾ ॥ (ਪੰਨਾ 48)

ਡੌਲੇ ਫ਼ਰਕਦੇ ਪਏ ਨੇ ਅੱਜ ਮੇਰੇ
ਜੋਸ਼ ਨਾਲ ਪਈ ਕੰਬਦੀ ਜਾਨ ਮੇਰੀ
ਜੀਭਾਂ ਕੱਢਦੇ ਪਏ ਨੇ ਤੀਰ ਗਿੱਠ ਗਿੱਠ
ਪਈ ਆਕੜਾਂ ਭੰਨਦੀ ਕਮਾਨ ਮੇਰੀ ॥ (ਪੰਨਾ 68)

ਰੌਦ੍ਰ ਰਸ

ਇਸ ਦਾ ਸਥਾਈ ਭਾਵ ਕ੍ਰੋਧ ਹੁੰਦਾ ਹੈ। ਵਿਰੋਧੀ ਦਲ ਆਲੰਬਨ ਵਿਭਾਵ ਹਨ। ਅਪਮਾਨ ਤੇ ਕਠੋਰ ਬਚਨ ਉਦੀਪਨ ਵਿਭਾਵ ਹਨ। ਇਸ ਦਾ ਰੰਗ ਲਾਲ ਤੇ ਦੇਵਤਾ ਰੁਦ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ[5]। ਭਾਰਤੀ ਆਲੋਚਕਾਂ ਨੇ ਬੀਰ ਰਸ ਅਤੇ ਰੌਦ੍ਰ ਰਸ ਵਿਚ ਬਰੀਕ ਜਿਹਾ ਅੰਤਰ ਹੀ ਬਿਆਨ ਕੀਤਾ ਹੈ। ਗੁੱਸੇ ਦਾ ਆਮ ਪ੍ਰਗਟਾਅ ਰੌਦ੍ਰ ਰਸ ਅਖਵਾਉਂਦਾ ਹੈ। 'ਸਾਵੇ ਪੱਤਰ' ਵਿਚਲੀ 'ਦੇਸ਼ ਪਿਆਰ' ਨਾਂ ਦੀ ਨਜ਼ਮ ਵਿਚ ਮੋਹਨ ਸਿੰਘ ਨੇ ਰੌਦ੍ਰ ਰਸ ਦਾ ਪ੍ਰਗਟਾਵਾ ਕੀਤਾ ਹੈ :

ਕਰਕੇ ਮੁੱਛਾਂ ਕੁੰਢੀਆਂ ਤੇ ਚਿਹਰਾ ਸੂਹਾ
ਵਲ ਉਨ੍ਹਾਂ ਦੇ ਕਦਮ ਦੋ ਨਲੂਏ ਨੇ ਪੁੱਟੇ।
ਛੇਤੀ ਛੇਤੀ ਦੱਸ ਦਿਓ ਕਿੱਲੀ ਦਾ ਬੂਹਾ,
ਨਹੀਂ ਤਾਂ ਅੰਦਰ ਖੱਡ ਦੇ ਜਾਓਗੇ ਸੁੱਟੇ। (ਪੰਨਾ 47)

ਹਾਸ ਰਸ

ਕਾਵਿ ਵਿਚ ਹਾਸ ਰਸ ਉਸ ਸਮੇਂ ਉਪਜਦਾ ਹੈ ਜਦੋਂ ਕਵੀ ਮਨੁੱਖੀ ਜੀਵਨ ਵਿਚੋਂ ਬੇਥਵੀਆਂ, ਅਣਮੇਲ, ਘਟਨਾਵਾਂ ਆਦਿ ਦੀ ਤਲਾਸ਼ ਕਰਕੇ ਹਾਸੇ ਦੀ ਸਮਗਰੀ ਇਕੱਤਰ ਕਰੇ। ਵਿਚਿਤ੍ਰ ਪਹਿਰਾਵਾ, ਵਿਅੰਗਮਈ ਸੰਵਾਦ, ਮੂਰਖਤਾ ਭਰੀਆਂ ਹਰਕਤਾਂ ਆਦਿ ਆਲੰਬਨ ਵਿਭਾਵ ਹੁੰਦੇ ਹਨ। ਹਾਸੇ ਨੂੰ ਉਪਜਾਉਣ ਵਾਲੀਆਂ ਚੇਸ਼ਟਾਵਾਂ ਉਦੀਤਨ, ਗੱਲ੍ਹਾਂ ਤੇ ਹੋਠਾਂ ਦਾ ਫ਼ਰਕਣਾ, ਅੱਖਾਂ ਮੀਚਣਾ ਆਦਿ ਅਨੁਭਵ ਹਨ। ਕਾਂਬਾ, ਖ਼ੁਸ਼ੀ, ਹੰਝੂ ਆਦਿ ਇਸ ਦਾ ਸਥਾਈ ਭਾਵ ਹੈ।[6] ਕਵਿਤਾ ਪੜ੍ਹਨ ਜਾਂ ਸੁਣਨ ਨਾਲ ਜਦੋਂ ਖੁਲ੍ਹਾ ਡੁਲ੍ਹਾ ਹਾਸਾ ਉਪਜੇ, ਵਿਅੰਗ, ਚੋਟ ਜਾਂ ਜ਼ਰਾਫ਼ਤ ਨਾਲ ਹਾਸੀ ਉਪਜੇ ਉਸ ਨੂੰ ਆਪਾਂ ਹਾਸ ਰਸ ਆਖਦੇ ਹਾਂ। ਪੰਜਾਬੀ ਵਿਚ ਇਸ ਰਸ ਦੀ ਸ਼ਮੂਲੀਅਤ ਵੀ ਚੰਗੇ ਰਸਾਂ ਵਿਚ ਕੀਤੀ ਗਈ ਹੈ। 'ਸਾਵੇ-ਪੱਤਰ' ਵਿਚ 'ਛੱਤੋ ਦੀ ਬੇਰੀ' ਹਾਸ ਰਸ ਭਰਪੂਰ ਕਵਿਤਾ ਹੈ :

ਉਸ ਝੂਠੀ ਮੂਠੀ ਕੁਟਣਾ,
ਅਸੀਂ ਝੂਠੀ ਮੂਠੀ ਰੋਣਾ।
ਉਸ ਧੌਣ ਅਸਾਡੀ ਛੰਡਣਾ,
ਅਸਾਂ ਟੱਪ ਕੇ ਪਰਾਂ ਖਲੋਣਾ।
ਉਸ ਗਾਲ੍ਹਾਂ ਦੇਣੀਆਂ ਖੁਲ੍ਹ ਕੇ,
ਅਸਾਂ ਗਾਉਣਾ ਅਗੋਂ ਰਲ ਕੇ।
ਛੱਤੋ ਮਾਈ ਦੀਆਂ ਗਾਲ੍ਹਾਂ,
ਹਨ ਦੁਧ ਦੇ ਘਿਓ ਦੀਆਂ ਨਾਲਾਂ॥ (ਪੰਨਾ 27)

'ਸਾਵੇ-ਪੱਤਰ' ਵਿਚ ਭਾਵੇਂ ਵਿਵਿਧ ਰਸ ਵੰਨਗੀਆਂ ਉਪਲਬਧ ਹਨ ਪਰੰਤੂ ਪ੍ਰਮੁਖ ਤੌਰ ਤੇ ਇਸ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ ਜੋ ਪ੍ਰੀਤ ਦੇ ਕਵੀ ਦਾ ਮੁਖ ਗੁਣ ਹੋਇਆ ਕਰਦੀ ਹੈ। ਇਸ ਪੁਸਤਕ ਵਿਚ ਕਈ ਤਰ੍ਹਾਂ ਦੀਆਂ ਪਰਿਸਥਿਤੀਆਂ ਪ੍ਰਗਟਾਈਆਂ ਗਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ ਜਿਨ੍ਹਾਂ ਸਦਕਾ ਅਨੇਕ ਤਰ੍ਹਾਂ ਦੇ ਭਾਵਾਤਮਕ ਪ੍ਰਤਿਕਰਮ ਅੰਕਿਤ ਹੋਕੇ ਵਿਵਧ ਰਸ ਨਿਸ਼ਪੱਤੀ ਸੰਭਵ ਹੋ ਸਕੀ ਹੈ।

ਹਵਾਲੇ ਅਤੇ ਟਿੱਪਣੀਆਂ

1. ਭਗੀਰਥ ਮਿਸ਼੍ਰ, **ਕਾਵਯ ਸ਼ਾਸਤਰ**, ਪੰਨਾ 227.
2. P.V. Kana, *The Sahitya Darpan*, page XIVII (Introduction).
3. ਨਗੇਂਦਰ, **ਰਸ ਸਿਧਾਂਤ**, ਪੰਨਾ 79
4. ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ ਲੋਕ**, ਪੰਨਾ 219
5. ਪ੍ਰੇਮ ਪ੍ਰਕਾਸ਼ ਸਿੰਘ, **ਭਾਰਤੀ ਕਾਵਿ ਸ਼ਾਸਤਰ**, ਪੰਨਾ 185
6. ਉਹੀ, ਪੰਨਾ 174.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6.

ਅਲੰਕਾਰ-ਯੋਜਨਾ

ਭਾਰਤੀ ਆਲੋਚਨਾ ਪ੍ਰਣਾਲੀ ਵਿਚ ਅਲੰਕਾਰ ਸੰਬੰਧੀ ਸਮੀਖਿਆ ਦਾ ਸੰਕਲਪ ਪ੍ਰਾਚੀਨਤਮ ਮੰਨਿਆ ਗਿਆ ਹੈ ਅਤੇ ਸੰਸਕ੍ਰਿਤ ਆਲੋਚਨਾ ਦੀਆਂ ਸੰਪ੍ਰਦਾਵਾਂ ਵਿਚ ਅਲੰਕਾਰ ਸੰਪ੍ਰਦਾਇ ਇਕ ਪ੍ਰਸਿੱਧ ਸੰਪ੍ਰਦਾਇ ਹੈ। ਸੰਸਕ੍ਰਿਤ ਕਾਵਿ-ਸ਼ਾਸਤਰ ਵਿਚ ਭਰਤ ਤੋਂ ਲੈ ਕੇ ਅੱਜ ਤੱਕ ਲਗਾਤਾਰ ਅਲੰਕਾਰ ਦੀ ਚਰਚਾ ਹੁੰਦੀ ਆਈ ਹੈ। ਉਂਜ ਭਾਵੇਂ ਸਮੇਂ ਸਮੇਂ ਸਿਰ ਅਲੰਕਾਰ ਦੀ ਮਹੱਤਾ ਅਤੇ ਅਨੁਪਾਤ ਵਿਚ ਫ਼ਰਕ ਪੈਂਦਾ ਆਇਆ ਹੈ।

ਸ਼ੁਰੂ ਵਿਚ ਅਲੰਕਾਰ ਨੂੰ ਆਲੋਚਨਾ ਦੀ ਹੀ ਸੰਗਿਆ ਦਿਤੀ ਜਾਂਦੀ ਰਹੀ ਹੈ। ਇਹੀ ਕਾਰਣ ਹੈ ਕਿ ਕਈਆਂ ਗ੍ਰੰਥਾਂ ਦਾ ਨਾਂ ਹੀ ਅਲੰਕਾਰ ਸ਼ਾਸ਼ਤਰ ਹੈ। ਇਸ ਪੱਧਤੀ ਦਾ ਮੋਢੀ ਭਾਮਹ ਹੋਇਆ ਹੈ ਜਿਸ ਦੇ ਮੱਤ ਅਨੁਸਾਰ ਸਾਧਾਰਣ ਅਤੇ ਸਹਿਜ ਸੁਭਾਅ ਰੂਪ ਦੀ ਕਾਵਿ-ਭਾਸ਼ਾ ਚਮਤਕਾਰੀ ਨਹੀਂ ਹੁੰਦੀ। ਭਾਸ਼ਾ ਦੇ ਸੁਹਜ ਜਾਂ ਸ਼ਿੰਗਾਰ ਲਈ ਵਿੰਗੇ ਟੇਢ (ਵਕਰ) ਕਥਨ ਦੀ ਲੋੜ ਹੁੰਦੀ ਹੈ। ਇੰਜ ਇਹ ਵਕ੍ਰੋਕਤੀ ਨੂੰ ਵੀ ਮੁੱਖ ਅਲੰਕਾਰ ਮੰਨਦੇ ਹਨ।[1] ਦੰਡੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ: ਸ੍ਰੇਸ਼ਟ ਅਲੰਕਾਰਾਂ ਦੇ ਮੇਲ ਨਾਲ ਹੀ ਕਾਵਿ-ਸਦ-ਜੀਵੀ ਬਣ ਸਕਦਾ ਹੈ।[2] ਵਾਮਨ ਦਾ ਵਿਚਾਰ ਹੈ ਕਿ ਕਵਿਤਾ ਵਿਚ ਜੋ ਕੁਝ ਵੀ ਸੁੰਦਰ ਹੈ ਉਹ ਅਲੰਕਾਰ ਹੈ।[3] ਮੱਮਟ ਦੇ ਵਿਚਾਰ ਅਨੁਸਾਰ ਅਲੰਕਾਰ ਕਾਵਿ ਦੇ ਹਾਰ ਹਮੇਲਾਂ ਹਨ। ਵਿਸ਼ਵਨਾਥ ਨੇ ਕਾਵਿ ਦੇ ਸ਼ਿੰਗਾਰਾਂ ਨੂੰ ਬਾਜੂਬੰਦ ਤੇ ਕੁੰਡਲਾਂ ਨਾਲ ਉਪਮਾ ਦਿਤੀ ਹੈ। ਸਾਰੇ ਅਲੰਕਾਰ ਵਾਦੀਆਂ ਭਾਮਾ, ਦੰਡੀ, ਵਾਮਨ ਆਦਿ ਨੇ ਅਲੰਕਾਰਾਂ ਨੂੰ ਕਾਵਿ ਦੀ ਜਿੰਦ ਜਾਨ ਤੇ ਆਤਮਾ ਮੰਨਿਆ ਹੈ ਪਰ ਮੰਮਟ ਤੇ ਵਿਸ਼ਵ ਨਾਥ ਆਦਿ ਨੇ ਆਲੰਕਾਰਾਂ ਨੂੰ ਰਸ ਦਾ ਸਹਾਇਕ ਅੰਗ ਕਿਹਾ ਹੈ।[4]

ਅਲੰਕਾਰਾਂ ਸੰਬੰਧੀ ਭਾਰਤੀ ਸਾਹਿਤ ਸ਼ਾਸ਼ਤਰੀਆਂ ਦੀਆਂ ਵਿਭਿੰਨ ਰਾਵਾਂ ਹਨ ਜੋ ਅਲੰਕਾਰਾਂ ਨੂੰ ਕਹਿਣ ਦਾ ਨਿਰਾਲਾ ਢੰਗ, ਕਥਨ ਵਿਸ਼ੇਸ਼, ਵਿਕ੍ਰੋਕਤੀ ਆਦਿ ਦੀ ਸੰਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਰਹੇ ਹਨ। ਅਲੰਕਾਰ ਕਲਾ ਦੀ ਅਨੁਪਮ, ਅਨੋਖੀ ਤੇ ਸ਼ਾਇਰਾਨਾ ਵਿਧੀ ਹੈ ਜਿਸ ਨਾਲ ਕਾਵਿ ਨੂੰ ਹੋਰ ਸੁਹਜਮਈ ਬਣਾਇਆ ਜਾ ਸਕਦਾ ਹੈ। ਪੱਛਮ ਦੇ ਵੀ ਕਈ ਆਲੋਚਕਾਂ ਨੇ ਅਲੰਕਾਰਾਂ ਦੀ ਚਰਚਾ ਕੀਤੀ ਹੈ ਜਿਸ ਦਾ ਸੰਕੇਤ ਪਲੈਟੋ ਦੀ 'ਰੀਪਬਲਿਕ' ਵਿਚੋਂ ਮਿਲਦਾ ਹੈ। 'ਇਨਸਾਈਕਲੋਪੀਡੀਆ ਆਫ਼ ਪੋਇਟਰੀ ਐਂਡ ਪੋਇਟਿਕਸ' ਵਿਚ ਅਲੰਕਾਰ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ ਕਿ 'ਅਲੰਕਾਰ ਰਵਾਇਤੀ ਤੌਰ ਤੇ ਸ਼ਬਦ ਅਤੇ ਕਥਨ ਹੀ ਹੁੰਦੇ ਹਨ ਜਿਹੜੇ ਅਜਿਹ ਢੰਗਾਂ ਨਾਲ ਵਰਤੇ ਜਾਂਦੇ ਹਨ ਜੋ ਆਮ ਸਿੱਧ ਪੱਧਰੀ ਰੀਤ ਵਿਚ ਨਹੀਂ ਹੁੰਦੇ। ਸੁਹਜ ਸਜਾਵਟ ਜਿਨ੍ਹਾਂ ਦਾ ਬੁਨਿਆਦੀ ਮਨੋਰਥ ਹੈ ਅਤੇ ਜਿਨ੍ਹਾਂ ਦੀ ਖਿਚ ਅਦਭੁਤ ਅਜ਼ਨਬੀ ਨ੍ਰਿਤ ਰੂਪ ਕਰਕੇ ਹੁੰਦੀ ਹੈ।[5]

ਇਸ ਵਿਚ Ornament ਵਿਚਲੀ ਗੱਲ ਭਾਰਤੀ ਆਲੋਚਕਾਂ ਨੇ ਵੀ ਸਵੀਕਾਰ ਕੀਤੀ ਹੈ। ਅਲੰਕਾਰ ਸ਼ੈਲੀ ਦੀ ਕਲਪਨਾ ਵੀ ਇਸੇ ਸ਼ਬਦ ਵਿਚੋਂ ਉਪਜੀ ਹੈ। ਅਲੰਕਾਰ ਦਾ ਕੰਮ ਕਾਵਿ-ਸ਼ੈਲੀ ਨੂੰ ਸ਼ਿੰਗਾਰਨਾ ਤੇ ਸਜਾਉਣਾ ਹੈ ਜੋ ਅਲੰਕਾਰਾਂ ਦਾ ਕਾਰਜ Ornaments ਨਾਲ ਮੇਲਵਾਂ ਹੈ। ਐਫ. ਐਲ. ਲੁਕਾਸ ਮੰਨਦਾ ਹੈ ਕਿ ਉਪਮਾ ਅਤੇ ਰੂਪ ਤੋਂ ਸੱਖਣੀ ਸ਼ੈਲੀ ਮੈਨੂੰ ਇਉਂ ਜਾਪਦੀ ਹੈ ਜਿਵੇਂ ਸੂਰਜ ਦੀ ਰੌਸ਼ਨੀ ਤੋਂ ਸੱਖਣਾ ਦਿਨ ਅਤੇ ਪੰਛੀਆਂ ਤੋਂ ਸੱਖਣਾ ਜੰਗਲ।[6]

'ਅਲੰਕਾਰ' ਦਾ ਸ਼ਬਦਾਰਥ ਗਹਿਣਾ, ਟੂੰਮਾਂ ਅਥਵਾ ਭੂਸ਼ਣ ਹੈ। ਉਂਜ ਇਹ ਸ਼ਬਦ 'ਅਲੰ' ਧਾਤੂ ਤੋਂ ਬਣਿਆ ਹੈ ਜਿਸ ਦੇ ਕਈ ਅਰਥ ਹਨ, ਪਰ ਕਵਿਤਾ ਵਿਚ ਇਸ ਦਾ ਅਰਥ ਹੈ—ਸਜਾਵਟ ਜਾਂ ਗਹਿਣਾ। 'ਯੂਨਾਨੀ ਭਾਸ਼ਾ ਵਿਚ 'ਅਲੰ' ਦਾ ਸਮਅਰਥਕ-ਸ਼ਬਦ ਹੈ ਜਿਸ ਦਾ ਸ਼ਬਦਾਨੁਵਾਦ ਹੈ 'ਸੋਨਾ'। ਯੂਨਾਨੀ ਵਿਚ ਭੂਸ਼ਣ ਜਾਂ ਗਹਿਣਾ ਦੇ ਅਰਥਾਂ ਵਿੱਚ ਹੀ ਸ਼ਬਦ ਪ੍ਰਯੋਗ ਕੀਤਾ ਜਾਂਦਾ ਹੈ।[7] ਦੰਡੀ ਨੇ ਕਾਵਿ ਵਿਚ ਉਨ੍ਹਾਂ ਗੁਣਾਂ ਨੂੰ ਅਲੰਕਾਰ ਕਿਹਾ ਹੈ ਜਿਨ੍ਹਾਂ ਨਾਲ ਉਨ੍ਹਾਂ ਦੀ ਸ਼ੋਭਾ ਵਧਦੀ ਹੈ।[8] ਕਵੀ ਲੋਕ ਵਿਸ਼ੇ ਨੂੰ ਸਪਸ਼ਟ ਕਰਨ ਲਈ ਅਤੇ ਉਸ ਵਿਚ ਸੁਬੋਧਤਾ ਭਰਨ ਲਈ ਅਲੰਕਾਰਾਂ ਦੀ ਵਰਤੋਂ ਕਰਦੇ ਹਨ।[9] ਕਵੀ ਦੀ ਬੁਧੀ ਅਤੇ ਪ੍ਰਤਿਭਾ ਦੀ ਅਨੰਤ ਸ਼ਕਤੀ ਸਦਕਾ ਤੇ ਇਸ ਦੇ ਚਮਤਕਾਰੀ ਗੁਣਾਂ ਤੋਂ ਅਸੀਮ ਅਲੰਕਾਰਾਂ ਦੀ ਸਿਰਜਣਾ ਹੋ ਸਕਦੀ ਹੈ। ਇਹੀ ਕਾਰਣ ਹੈ ਕਿ ਦੰਡੀ ਨੇ ਇਹ ਗੱਲ ਸਵੀਕਾਰ ਕੀਤੀ ਕਿ ਅਲੰਕਾਰਾਂ ਦੀ ਆਏ ਦਿਨ ਸਿਰਜਣਾ ਹੁੰਦੀ ਰਹਿੰਦੀ ਹੈ। ਅਲੰਕਾਰਾਂ ਦੀ ਗਿਣਤੀ ਮਿਣਤੀ ਕਰਨੀ ਸੰਭਵ ਨਹੀਂ। ਕੁਝ ਭਾਰਤੀ ਆਚਾਰੀਆਂ ਨੇ ਅਲੰਕਾਰਾਂ ਦੀ ਗਿਣਤੀ ਮਿਣਤੀ ਕਰਨ ਦੇ ਯਤਨ ਵੀ ਕੀਤੇ। ਭਰਤ ਮੁਨੀ ਨੇ ਚਾਰ ਅਲੰਕਾਰ ਗਿਣੇ ਸਨ। ਭਾਮਹ ਨੇ ਅਠੱਤੀ, ਦੰਡੀ ਨੇ ਪੈਂਤੀ ਅਤੇ ਉਦਭਟ ਨੇ ਇਕਤਾਲੀ ਪਰੰਤੂ ਆਮ ਤੌਰ ਤੇ ਪੈਂਤੀ, ਛੱਤੀ ਅਲੰਕਾਰ ਮੰਨੇ ਜਾਂਦੇ ਹਨ।[10] ਮੰਮਟ ਅਤੇ ਵਿਸ਼ਵਨਾਥ ਨੇ ਗਿਣਤੀ ਕਰਨ ਦੀ ਥਾਂ ਇਸ ਨੂੰ ਤਿੰਨ ਵਰਗਾਂ ਵਿਚ ਵਿਭਾਜਿਤ ਕਰ ਦਿੱਤਾ ਹੈ :

1. ਸ਼ਬਦ ਅਲੰਕਾਰ (Figures ef sound)
2. ਅਰਥ ਅਲੰਕਾਰ (Figures of sense)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਸ਼ਬਦਾਰਥ ਅਲੰਕਾਰ (Figures of Both)

ਕਵਿਤਾ ਨੂੰ ਜਦੋਂ ਸ਼ਬਦਾਂ ਰਾਹੀਂ ਚਮਤਕਾਰੀ ਬਣਾਇਆ ਜਾਵੇ ਤਾਂ ਉਹ ਸ਼ਬਦ ਅਲੰਕਾਰ ਕਹਾਉਂਦੇ ਹਨ। ਅਰਥ ਅਲੰਕਾਰ ਕਾਵਿ ਦੇ ਅਰਥਾਂ ਉੱਤੇ ਨਿਰਭਰ ਕਰਦਾ ਹੈ। ਜੋ ਅਲੰਕਾਰ ਸ਼ਬਦ ਅਤੇ ਅਰਥ ਦੋਹਾਂ ਤੇ ਨਿਰਭਰ ਹੋ ਕੇ ਕਾਵਿਕ ਚਮਤਕਾਰ ਪੈਦਾ ਕਰੇ ਉਹ ਸ਼ਬਦਾਰਥ ਅਲੰਕਾਰ ਹੁੰਦੇ ਹਨ। ਇਹ ਵੰਡ ਸੌਖੀ ਵੀ ਹੈ ਅਤੇ ਸਰਵ-ਮਾਨਿਯ ਵੀ ਹੈ।

ਮੋਹਨ ਸਿੰਘ ਦੀ ਕਾਵਿ ਪੁਸਤਕ ਸਾਵੇ-ਪੱਤਰ ਦਾ ਜਾਇਜ਼ਾ ਵੀ ਇਸੇ ਸੰਦਰਭ ਵਿਚ ਲਿਆ ਜਾਵੇਗਾ। ਮੋਹਨ ਸਿੰਘ ਆਧੁਨਿਕ ਕਵੀਆਂ ਵਿਚ ਇਕ ਅਜਿਹਾ ਕਲਾਕਾਰ ਹੈ ਜਿਸ ਨੇ ਪੁਰਾਤਨ, ਪਰੰਪਰਾਗਤ, ਰੂੜ੍ਹੀਵਾਦੀ ਰਵਾਇਤਾਂ, ਮੌਲਿਕ ਪ੍ਰਣਾਲੀਆਂ ਅਤੇ ਆਧੁਨਿਕ ਨਵੀਨਤਾਵਾਂ ਦੇ ਪੱਖੋਂ ਸੱਜਰੀਆਂ ਅਤੇ ਤਾਜ਼ੀਆਂ ਅਲੰਕ੍ਰਿਤ ਕਲਪਨਾਵਾਂ ਕੀਤੀਆਂ ਹਨ। ਇਹੀ ਕਾਰਣ ਹੈ ਕਿ ਮੋਹਨ ਸਿੰਘ ਦੇ ਕਾਵਿ ਵਿਚ ਅਲੰਕਾਰਾਂ ਦੀ ਵੰਨ ਸੁਵੰਨਤਾ ਹੈ, ਪਰੰਪਰਾਗਤ ਸ਼ੈਲੀ ਦੀ ਪ੍ਰਿਸ਼ਠ-ਭੂਮੀ ਹੈ ਅਤੇ ਮੌਲਿਕ ਕਲਪਨਾ ਦੀ ਪੁੱਠ ਹੈ। ਮੋਹਨ ਸਿੰਘ ਦੀ ਕਵਿਤਾ ਦੇ ਸੋਮੇ ਫ਼ਾਰਸੀ, ਉਰਦੂ, ਪੰਜਾਬੀ ਦੇ ਸੂਫ਼ੀ ਤੇ ਕਿੱਸਾ ਕਾਵਿ ਅਤੇ ਕੁਝ ਕੁ ਪੱਛਮੀ ਕਵਿਤਾ ਦੇ ਪ੍ਰਭਾਵ ਯੁਕਤ ਹਨ, ਜਿਸ ਸਦਕਾ ਮੋਹਨ ਸਿੰਘ ਦੇ ਅਲੰਕਾਰਾਂ ਦੀ ਵੰਨ-ਸੁਵੰਨਤਾ ਨੇ ਕਵਿਤਾ ਰਸਦਾਇਕ ਬਣਾ ਦਿੱਤੀ ਹੈ।

ਸ਼ਬਦ ਅਲੰਕਾਰ

ਕਾਵਿ ਨੂੰ ਅਲੰਕ੍ਰਿਤ ਕਰਨ ਦੀ ਸਭ ਤੋਂ ਮੁਢਲੀ ਵਿਧੀ ਸ਼ਬਦ ਅਲੰਕਾਰ ਹੈ। ਅਸਲ ਵਿਚ ਕਾਵਿ ਦੇ ਸੁਹਜ ਨਾਲ ਸ਼ਬਦ ਦਾ ਕਾਫ਼ੀ ਸੰਬੰਧ ਹੈ। ਸ਼ਬਦ ਅਲੰਕਾਰਾਂ ਵਿਚ ਪ੍ਰਮੁੱਖ ਅਲੰਕਾਰ ਅਨੁਪ੍ਰਾਸ, ਯਮਕ, ਵੀਪਸੀ, ਸ਼ਲੇਸ਼ ਆਦਿ ਹਨ। ਅਨੁਪ੍ਰਾਸ ਨਾਲ ਭਾਸ਼ਾ ਦੀ ਝੰਕਾਰ, ਯਮਕ ਨਾਲ ਚਮਤਕਾਰ, ਵੀਪਸੀ ਨਾਲ ਗਤੀ ਅਤੇ ਸ਼ਲੇਸ਼ ਨਾਲ ਡੂੰਘਾਈ ਪੈਦਾ ਹੁੰਦੀ ਹੈ। 'ਸਾਵੇ-ਪੱਤਰ' ਵਿਚ ਬਹੁਤੀ ਗਿਣਤੀ ਅਰਥ ਅਲੰਕਾਰਾਂ ਦੀ ਹੈ ਪਰੰਤੂ ਇਸ ਨੇ ਤਿੰਨੇ ਵਰਗਾਂ ਦੇ ਸ਼ਬਦ, ਅਰਥ ਅਤੇ ਸ਼ਬਦਾਰਥ ਅਲੰਕਾਰਾਂ ਤੇ ਹੱਥ ਅਜ਼ਮਾਈ ਕੀਤੀ ਹੈ।

ਅਨੁਪ੍ਰਾਸ ਅਲੰਕਾਰ

ਮੋਹਨ ਸਿੰਘ ਨੇ ਕਈ ਥਾਈਂ ਅਨੁਪ੍ਰਾਸ ਅਲੰਕਾਰ ਦਾ ਪ੍ਰਯੋਗ ਕੀਤਾ ਹੈ। ਅਨੁਪ੍ਰਾਸ ਉਦੋਂ ਪੈਦਾ ਹੁੰਦਾ ਹੈ ਜਦੋਂ ਜਾਂ ਤਾਂ ਕਵਿਤਾ ਦੀ ਕਿਸੇ ਪੰਗਤੀ ਵਿਚ ਕਿਸੇ ਆਵਾਜ਼ ਦਾ ਵਾਰ ਵਾਰ ਦੁਹਰਾਓ ਹੋਵੇ ਜਾਂ ਇਕੋ ਸ਼ਬਦ ਨੂੰ ਹੀ ਮੁੜ ਮੁੜ ਪ੍ਰਯੋਗ ਕੀਤਾ ਹੋਵੇ। ਵਿਅੰਜਨਾਂ ਜਾਂ ਸੁਰਾਂ ਦੀ ਸਮਾਨਤਾ ਨਾਲ ਵੀ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਬਲਦੇਵ ਉਪਾਧਿਆਇ ਅਨੁਸਾਰ ਜਿਥੇ ਅੱਖਰਾਂ ਦੀ ਸਮਾਨਤਾ ਵਿਖਾਈ ਜਾਵੇ ਉਸ ਦੇ ਸੁਰ ਮਿਲਣ ਜਾਂ ਨਾ ਮਿਲਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ।[11] 'ਸਾਵੇ-ਪੱਤਰ' ਵਿਚ ਵੀ ਇਹ ਅਲੰਕਾਰ ਕਈ ਜਗ੍ਹਾ ਵਰਤਿਆ ਗਿਆ ਹੈ :

ਕਿਸੇ ਕੈਸ ਨੂੰ ਲੱਗਾ ਜੋ ਇਸ਼ਕ ਮੇਰਾ,
ਉਸ ਨੂੰ ਲੈਲੀ ਦਾ ਲੇਲਾ ਬਣਾਇਆ ਜੇ। (ਪੰਨਾ 18)

ਗੋਰਾ ਗਲ ਗੁਲੀਆਂ ਦੀ ਗਾਨੀ
ਇਕ ਥਾਂ ਵਸਦੇ ਅੱਗ ਤੇ ਪਾਣੀ। (ਪੰਨਾ 20)

ਹਿਰਸਾਂ, ਦੌਲਤਾਂ, ਹੁਸਨਾਂ, ਹਕੂਮਤਾਂ ਦਾ
ਉਹਦੇ ਰਾਹ ਵਿਚ ਚੋਗਾ ਖਿੰਡਾਇਆ ਤੂੰ। (ਪੰਨਾ 18)

ਉਪਰੋਕਤ ਕਾਵਿ ਪੰਗਤੀਆਂ ਵਿਚ ਲੈਲੀ ਦਾ ਲੇਲਾ, 'ਗ' ਵਰਣ ਦਾ ਮੁੜ ਮੁੜ ਪ੍ਰਯੋਗ ਅਤੇ ਤੀਸਰੇ ਬੰਦ ਵਿਚ 'ਹ' ਅੱਖਰ ਦਾ ਅੰਸ਼ਕ ਦੁਹਰਾਓ ਪੈਦਾ ਕਰਕੇ ਅਨੁਪ੍ਰਾਸ ਅਲੰਕਾਰ ਬਣਾ ਦਿੱਤਾ ਹੈ।

ਉਪਮਾ ਅਲੰਕਾਰ

ਇਹ ਅਰਥ ਅਲੰਕਾਰ ਹੁੰਦਾ ਹੈ। ਉਪਮਾ ਦੋ ਵਸਤੂਆਂ ਵਿਚਕਾਰ ਸਮਾਨਤਾ ਹੈ ਜੇ ਇਹ ਸਮਾਨਤਾ ਇਕੋ ਪੰਗਤੀ ਵਿਚ ਦੱਸੀ ਜਾਵੇ। ਮੰਮਟ ਅਨੁਸਾਰ 'ਉਪਮਾ' ਉਹ ਅਲੰਕਾਰ ਹੈ ਜਿਥੇ ਉਪਮਾਉਣ ਯੋਗ ਵਸਤੂ (The subject compared : ਉਪਮੇਯ) ਅਤੇ ਉਪਮਾਨ (The object with which comparison is made) ਵਿਚਕਾਰ, ਉਨ੍ਹਾਂ ਵਿਚ ਫ਼ਰਕ ਹੋਣ ਉਤੇ ਵੀ, ਕਿਸੇ ਸਮਾਨ ਧਰਮ (common attribute) ਦੇ ਕਾਰਨ ਸਮਾਨਤਾ ਦਰਸਾਈ ਜਾਵੇ।[12] ਪੂਰਣ ਉਪਮਾ ਆਲੰਕਾਰ ਉਦੋਂ ਹੀ ਬਣਦਾ ਹੈ ਜਦੋਂ ਇਸ ਵਿਚ ਉਪਮੇਯ ਉਪਮਾਨ, ਧਰਮ ਤੇ ਵਾਚਕ ਚਾਰੇ ਤੱਤ ਹੋਣ ਜੇ ਇਨ੍ਹਾਂ 'ਚੋਂ ਕੋਈ ਵੀ ਤੱਤ ਗਾਇਬ ਹੈ ਤਾਂ ਇਹ 'ਲੁਪਤ-ਉਪਮਾ' ਰਹਿ ਜਾਂਦਾ ਹੈ। 'ਸਾਵੇ-ਪੱਤਰ' ਵਿਚੋਂ ਉਪਮਾ ਅਲੰਕਾਰ ਦੇ ਅਨੇਕ ਨਮੂਨੇ ਮਿਲਦੇ ਹਨ :

ਸਰੂ ਵਰਗੀ ਜਵਾਨੀ ਮੈਂ ਫੂਕਣੀ ਏਂ
ਬਹਿ ਗਏ ਭੂੰਡ ਜੇ ਆ ਕੇ ਗੁਲਾਬ ਉਤੇ। (ਪੰਨਾ 67)

ਆਪਣੀ ਜ਼ੁਲਫ਼ ਜੇਡੀ ਲੰਬੀ ਹੇਕ ਅੰਦਰ
ਇਕ ਗੀਤ ਵਿਛੋੜੇ ਦਾ ਗਾ ਰਹੀ ਏ। (ਪੰਨਾ 36)

ਰੂਪਕ ਅਲੰਕਾਰ

ਜਦੋਂ ਇਕ ਵਸਤੂ ਨੂੰ ਦੂਜੀ ਵਸਤੂ ਦਾ ਰੂਪ ਹੀ ਦੇ ਦਿਤਾ ਜਾਵੇ ਤਾਂ ਉਹ ਰੂਪਕ ਅਲੰਕਾਰ ਬਣ ਜਾਂਦਾ ਹੈ। ਉਪਮੇਯ ਅਤੇ ਉਪਮਾਨ ਦੀ ਜੋ ਆਪੋ ਵਿਚ ਅਭੇਦਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਇਕਰੂਪਤਾ) ਹੈ ਉਸ ਨੂੰ ਰੂਪਕ ਅਲੰਕਾਰ ਆਖਦੇ ਹਨ। ਜਿਥੇ ਉਪਮੇਯ ਤੇ ਉਪਮਾਨ ਦਾ ਆਰੋਪ ਕਰਕੇ ਦੋਨਾਂ ਨੂੰ ਇਕ ਰੂਪ ਕਰ ਦਿੱਤਾ ਜਾਂਦਾ ਹੈ।[13] ਉਹ ਰੂਪਕ ਅਲੰਕਾਰ ਬਣ ਜਾਂਦਾ ਹੈ। ਮੋਹਨ ਸਿੰਘ ਨੇ ਆਪਣੇ ਮਜ਼ਬੂਨ ਨੂੰ ਪ੍ਰਭਾਵਸ਼ਾਲੀ ਤੇ ਸੁਹਜਮਈ ਬਣਾਉਣ ਲਈ ਰੂਪਕ ਅਲੰਕਾਰਾਂ ਦੀ ਥਾਂ ਥਾਂ ਵਰਤੋਂ ਕੀਤੀ ਹੈ :

ਏਸ ਅਕਲ ਦਾ ਕੱਚੜਾ ਘੜਾ ਲੈਕੇ,
ਔਖਾ ਲੱਗਣਾ ਅੱਜ ਕਿਨਾਰੇ ਉਤੇ। (ਪੰਨਾ 36)

ਇਨ੍ਹਾਂ ਨੈਣਾਂ ਦੇ ਖਾਰੇ ਸਮੁੰਦਰਾਂ ਵਿੱਚ
ਕਦੀ ਉੱਠੇ ਨੇ ਡੂੰਘੇ ਉਬਾਲ ਕਿ ਨਹੀਂ ? (ਪੰਨਾ 38)

ਵਾਹ ! ਤੂੰ ਬਾਗ ਹੁਸਨ ਦਾ ਲਾਇਆ
ਚੰਬਾ ਅਤੇ ਗੁਲਾਬ ਖਿੜਾਇਆ।

ਵਿਰੋਧਾਭਾਸ ਅਲੰਕਾਰ

ਇਹ ਉਹ ਅਲੰਕਾਰ ਹੁੰਦਾ ਹੈ ਜਿਥੇ ਅਸਲ ਵਿਚ ਵਿਰੋਧ ਤਾਂ ਨਾ ਹੋਵੇ ਪਰੰਤੂ ਵਰਣਨ ਵਿਚ ਵਿਰੋਧ ਦਾ ਝਾਉਲਾ ਜਿਹਾ ਪੈਦਾ ਕੀਤਾ ਗਿਆ ਹੋਵੇ।[14] ਮੋਹਨ ਸਿੰਘ ਨੇ ਕਿਤੇ ਕਿਤੇ ਇਸ ਅਲੰਕਾਰ ਦਾ ਪ੍ਰਯੋਗ ਵੀ ਕੀਤਾ ਹੈ :

ਵਾਲ ਦੁਪਹਿਰੇ ਰਾਤਾਂ ਪਈਆਂ
ਤੱਕ ਤੱਕ ਕੁੱਤੇ ਲੈਂਦੇ ਝਈਆਂ। (ਪੰਨਾ 21)

ਦੁਪਹਿਰ ਵੇਲੇ ਰਾਤਾਂ ਦਾ ਪੈਣਾ ਤਜ਼ਰਬੇ ਤੋਂ ਉਲਟ ਕੀਤੀ ਗਈ ਗੱਲ ਦਾ ਵਿਰੋਧ ਹੈ ਪਰੰਤੂ ਅਸਲ ਵਿਚ ਇਹ ਵਿਰੋਧ ਦਾ ਅਭਾਸ ਹੈ :

ਗੋਰਾ ਗਲ ਗੁਲੀਆਂ ਦੀ ਗਾਨੀ
ਇਕ ਥਾਂ ਵੱਸਦੇ ਅੱਗ ਦੇ ਪਾਣੀ। (ਪੰਨਾ 20)

ਅਪਹੁੱਨਤੀ ਅਲੰਕਾਰ

ਅਪਹੁੱਨਤੀ ਦਾ ਅਰਥ ਹੈ ਨਿਸ਼ੇਧ ਕਰਨਾ, ਮੁਕਰਨਾ ਜਾਂ ਇਨਕਾਰ ਕਰਨਾ। ਇਸ ਵਿਚ ਵਰਣਨ-ਗੋਚਰੀ ਵਸਤੂ (ਉਪਮੇਯ) ਨੂੰ ਲਕੋ ਕੇ ਜਾਂ ਇਨਕਾਰ ਕਰਕੇ ਉਪਮਾਨ ਦੀ ਸਥਾਪਨਾ ਕੀਤੀ ਜਾਂਦੀ ਹੈ। ਮੋਹਨ ਸਿੰਘ ਨੇ 'ਗੁਲੇਲੀ' ਕਵਿਤਾ ਵਿਚ ਅਪਹੁੱਨਤੀ ਅਲੰਕਾਰ ਦੀ ਵਰਤੋਂ ਕੀਤੀ ਹੈ :

ਨਹੀਂ ਇਹ ਅੰਗਰ, ਨਹੀਂ ਲੰਗਾਰੇ
ਇਹ ਤਾਂ ਫੱਟ, ਨਸੀਬਾਂ ਮਾਰੇ। (ਪੰਨਾ 20)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਲੇਲੀ ਦੇ ਰੂਪ ਅਤੇ ਉਸ ਦੀ [illegible] ਵਿਜੇ ਕਪੜੇ ਲੰਗਾਰੇ' ਹਨ ਲੰਗਾਰਾਂ ਨੂੰ ਕਵੀ ਲੰਗਾਰ ਨਹੀਂ ਮੰਨਦਾ ਤੇ ਇਸ ਦੀ ਥਾਂ ਇਸ ਨਾਲ ਮੇਲਵੀਂ ਗੱਲ ਕਿਆਸਦਾ ਹੈ ਅਤੇ ਆਪ ਦੇ ਇਨਕਾਰ ਨੂੰ 'ਨਸੀਬਾਂ ਦੇ ਫੱਟ' ਦਸ ਕੇ ਸਮਾਨ ਰੂਪ ਪੇਸ਼ ਕਰਦਾ ਹੈ ਜੋ ਅਪਹੁੱਨਤੀ ਅਲੰਕਾਰ ਬਣ ਜਾਂਦਾ ਹੈ।

ਉਤਪ੍ਰੇਖਿਆ ਅਲੰਕਾਰ

ਇਸ ਅਲੰਕਾਰ ਵਿਚ ਵਰਣਨ-ਗੋਚਰੀ ਵਸਤੂ (ਉਪਮੇਯ) ਦੇ ਰੂਪ ਵਿੱਚ ਸੰਭਾਵਨਾ ਕੀਤੀ ਜਾਂਦੀ। 'ਉਪਮੇਯ ਨੂੰ ਉਪਮਾਨ ਤੋਂ ਭਿੰਨ ਜਾਣਦੇ ਹੋਏ ਵੀ ਕਵੀ ਆਪਣੀ ਪ੍ਰਤਿਭਾ ਬਲ ਨਾਲ ਉਸ ਨੂੰ ਉਪਮਾਨ ਦੇ ਰੂਪ ਵਿੱਚ ਦੇਖਣ ਦੀ ਸੰਭਾਵਨਾ ਨੂੰ ਮਹੱਤਵ ਦਿੰਦਾ ਹੈ' ਤਾਂ ਉਹ ਉਤਪ੍ਰੇਖਿਆ ਅਲੰਕਾਰ ਬਣ ਜਾਂਦਾ ਹੈ :

ਘੇਰਾ ਚਿੱਟੇ ਤੰਬੂਆਂ ਦਾ ਏਦਾਂ ਭਾਸੇ
ਜਿਉਂ ਜੱਟੀ ਦੇ ਪੈਰ ਵਿਚ ਪੰਜੇਬ ਸੁਹਾਏ। (ਪੰਨਾ 46)

ਕਾਲੀ ਰਾਤ ਅੰਦਰ ਗੋਰਾ ਮੁੱਖ ਉਹਦਾ
ਜਿਵੇਂ ਬੱਗ ਹੋਵੇ ਕੋਈ ਡੱਲ ਉਤੇ। (ਪੰਨਾ 36)

ਤੰਬੂਆਂ ਦਾ ਪੰਜੇਬਾਂ ਲੱਗਣਾ, ਗੋਰੇ ਮੁਖ ਦਾ ਬਗਲਾ ਭਾਸਣਾ ਕਵੀ ਦੀ ਕਲਪਨਾ ਹੈ।

ਵਿਸ਼ੇਸ਼ੋਕਤੀ ਅਲੰਕਾਰ

ਵਿਸ਼ੇਸ਼ੋਕਤੀ ਦਾ ਸ਼ਾਬਦਿਕ ਅਰਥ ਹੈ : ਵਿਸ਼ੇਸ਼ ਤੌਰ ਤੇ ਉਕਤੀ, ਕਥਨ। ਇਸ ਲਈ ਵਿਸ਼ੇਸ਼ੋਕਤੀ ਅਲੰਕਾਰ ਉਹ ਹੋਇਆ ਜਿਥੇ ਪ੍ਰਸਿਧ ਜਾਂ ਬਲਵਾਨ ਕਾਰਣ ਦੇ ਹੁੰਦਿਆਂ ਵੀ ਕਾਰਜ ਨਾ ਹੋਣ ਦਾ ਵਰਣਨ ਹੋਵੇ :

ਅੱਖੋਂ ਅੰਨ੍ਹੀ, ਕੰਨੋਂ ਬੋਲੀ,
ਫਿਰ ਸੋਹਣੀ ਦੀ ਸੋਹਣੀ। (ਪੰਨਾ 90)

ਇਥੇ ਕਵੀ ਨੇ ਬਿਨਾਂ ਕਾਰਣ ਤੋਂ ਕਾਰਜ ਪੈਦਾ ਕੀਤਾ ਹੈ। ਕੁੜੀ ਨੂੰ ਅੰਨ੍ਹੀ ਤੇ ਬੋਲੀ ਦੱਸਿਆ ਹੈ ਜੋ ਉਸ ਦੀ ਸੁੰਦਰਤਾ ਦੀ ਖੂਬੀ ਨਹੀਂ ਪਰੰਤੂ ਕੁੜੀ ਨੂੰ ਸੋਹਣੀ ਦੱਸ ਕੇ ਕਾਰਜ ਦਾ ਵਰਣਨ ਕੀਤਾ ਹੈ ਜੋ ਵਿਸ਼ੇਸ਼ੋਕਤੀ ਅਲੰਕਾਰ ਦਾ ਰੂਪ ਹੈ।

ਅਤਿਕਥਨੀ ਅਲੰਕਾਰ

ਲੋਕ-ਮਰਯਾਦਾ ਦਾ ਉਲੰਘਣ ਕਰਕੇ ਜਦੋਂ ਕਿਸੇ ਵਸਤੂ ਜਾਂ ਗੱਲ ਨੂੰ ਵਧਾ ਚੜ੍ਹਾ ਕੇ ਪ੍ਰਸਤੁਤ ਕੀਤਾ ਗਿਆ ਹੋਵੇ ਤਾਂ ਅਜਿਹੀ ਅਲੰਕਾਰਕ ਸ਼ੈਲੀ ਨੂੰ ਅਤਿ ਕਥਨੀ ਅਲੰਕਾਰ ਆਖਦੇ ਹਨ। ਮੋਹਨ ਸਿੰਘ ਨੇ ਆਪਣੀ ਕਵਿਤਾ ਵਿਚ ਚਮਤਕਾਰੀ ਭਾਵ ਪੈਦਾ ਕਰਨ ਲਈ 'ਅਤਿ ਕਥਨੀ' ਅਲੰਕਾਰ ਦੀ ਵੀ ਵਰਤੋਂ ਕੀਤੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦੀ ਉਡਣੀ ਅਕਲ ਦੇ ਤੀਰ ਖਾ ਕੇ
ਨੀਲੇ ਅੰਬਰਾਂ 'ਚੋਂ ਤਾਰੇ ਟੁਟਦੇ ਸਨ । (ਪੰਨਾ 98)

ਜਿਸ ਦੇ ਮਾਂਦਰੀ ਹੁਸਨ ਦਾ ਦੀਦ ਕਰਕੇ,
ਮੁਰਦੇ ਉਠਦੇ ਤੇ ਜੀਂਦੇ ਕੁਠਦੇ ਸਨ । (ਪੰਨਾ 98)

ਜੇ ਤੂੰ ਗਲ ਵਿਚ ਫੁੱਲਾਂ ਦਾ ਹਾਰ ਪਾਇਆ,
ਤੇਰੇ ਲੱਕ ਨੂੰ ਪਏ ਕੜਵੱਲ ਮੋਈਏ । (ਪੰਨਾ 57)

ਲੋਕੋਕਤੀ ਅਲੰਕਾਰ

ਕਵੀ ਜਿਥੇ ਕੋਈ ਗੱਲ ਮਸ਼ਹੂਰ ਅਖਾਣ ਜਾਂ ਲੋਕੋਕਤੀ ਦੀ ਸ਼ਕਲ ਵਿਚ ਬਿਆਨ ਕਰੇ ਉਥੇ ਲੋਕੋਕਤੀ ਅਲੰਕਾਰ ਹੁੰਦਾ ਹੈ ।[16] ਮੋਹਨ ਸਿੰਘ ਦੀ ਪੁਸਤਕ 'ਸਾਵੇ-ਪੱਤਰ' ਵਿਚੋਂ ਅਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਕਵੀ ਨੇ ਲੋਕੋਕਤੀ ਅਲੰਕਾਰ ਦੀ ਵਰਤੋਂ ਕੀਤੀ ਹੈ :

ਵਿਚ ਜੰਗ ਦੇ ਤਲੀ ਤੇ ਜਾਨ ਧਰਕੇ
ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ । (ਪੰਨਾ 68)

ਦ੍ਰਿਸ਼ਟਾਂਤ ਅਲੰਕਾਰ :

ਜਿਥੇ ਦੋ ਵਾਕਾਂ ਵਿਚ ਆਏ ਉਪਮੇਯ ਅਤੇ ਉਪਮਾਨ ਦੇ ਧਰਮਾਂ (Quality) ਦਾ ਬਿੰਬ-ਪ੍ਰਤੀਬਿੰਬ ਭਾਵ ਹੁੰਦਾ ਹੈ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ ।[17] ਜਿਵੇਂ ਸ਼ੀਸ਼ੇ ਵਿਚ ਪ੍ਰਤੀ ਬਿੰਬ ਦੀ ਅਸਲੀ ਵਸਤੂ ਨਾਲੋਂ ਕੁੜ ਫ਼ਰਕ ਹੋਣ ਦੇ ਬਾਵਜੂਦ ਵੀ ਇਕ-ਰੂਪਤਾ ਜਿਹੀ ਅਨੁਭਵ ਹੁੰਦੀ ਹੈ, ਫ਼ਰਕ ਰਹਿੰਦਿਆਂ ਵੀ ਜਦੋਂ ਬਹੁਤ ਸਮਾਨਤਾ ਕਰਕੇ ਇਕ ਰੂਪਤਾ ਹੋਵੇ, ਉੱਥੇ ਬਿੰਬ ਪ੍ਰਤੀਬਿੰਬ ਭਾਵ ਸਮਝਿਆ ਜਾਂਦਾ ਹੈ ਜੋ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ । ਮੋਹਨ ਸਿੰਘ ਨੇ ਇਸ ਅਲੰਕਾਰ ਦਾ ਘੱਟ ਪ੍ਰਯੋਗ ਕੀਤਾ ਹੈ ।

ਮਾਨਵੀਕਰਣ

ਅਮਾਨਵ ਨਾਲ ਮਾਨਵ ਵਰਗਾ ਵਰਤਾਓ ਕਰਨਾ ਮਾਨਵੀ-ਕਰਣ ਕਹਾਉਂਦਾ ਹੈ ਭਾਵ ਜੋ ਮਨੁੱਖ, ਮਾਨਵ ਜਾਂ ਪੁਰਸ਼ ਨਾ ਹੋਵੇ ਉਸ ਵਿਚ ਮਾਨਵ, ਮਨੁੱਖ ਜਾਂ ਪੁਰਸ਼ ਦੇ ਗੁਣ ਅਤੇ ਕ੍ਰਿਆ ਆਦਿ ਨੂੰ ਵੇਖਣ ਤੇ ਪ੍ਰਗਟ ਕਰਨ ਦੀ ਪ੍ਰਕ੍ਰਿਆ ਨੂੰ ਮਾਨਵੀ-ਕਰਣ ਜਾਂ ਮਨੁੱਖੀ-ਕਰਣ ਜਾਂ ਪੁਰਸ਼ੀਕਰਣ ਆਖਿਆ ਜਾਂਦਾ ਹੈ ।[18] 'ਮਾਨਵੀਕਰਣ' ਅੰਗਰੇਜ਼ੀ ਪਰਸਾਨੀਫਿਕੇਸ਼ਨ ਦਾ ਭਾਰਤੀ ਰੂਪ ਹੈ । ਅਜਿਹੇ ਥਾਂ ਜੜ੍ਹ ਵਸਤੂਆਂ ਵਿਚ ਮਨੁੱਖੀ ਭਾਵਨਾਵਾਂ, ਚੇਤਨਤਾ ਅਤੇ ਜਾਨ-ਪ੍ਰਾਣ ਭਰਕੇ, ਉਨ੍ਹਾਂ ਨਾਲ ਉਜੇਹਾ ਵਰਤਾਓ ਕੀਤਾ ਜਾਂਦਾ ਹੈ । ਮੋਹਨ ਸਿੰਘ ਨੇ ਕਈ ਜਗਹ 'ਮਾਨਵੀ-ਕਰਣ' ਤੋਂ ਕੰਮ ਲਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੁੱਲ ਬੋਲਿਆ, 'ਜੀਭ ਇਕੱਲੜੀ,
ਤੈਥੋਂ ਰੁਕ ਨਾ ਸਕੇ ।
ਸੌ ਜੀਭਾਂ ਦੇ ਹੁੰਦਿਆਂ ਮੈਂ ਪਰ
ਰਖਦਾਂ ਭੇਤ ਛੁਪਾਈ । (ਪੰਨਾ 61)

ਆਓ ਬੱਦਲੋ ਮਲਕਾ ਦੀ ਯਾਦ ਅੰਦਰ
ਬਿਦ ਬਿਦ ਕੇ ਹੰਝੂ ਵਸਾ ਲਈਏ । (ਪੰਨਾ 99)

ਮੋਹਨ ਸਿੰਘ ਨੇ 'ਸਾਵੇ ਪੱਤਰ' ਪੁਸਤਕ ਵਿਚ ਅਲੰਕਾਰਾਂ ਦੇ ਸੁੰਦਰ ਨਮੂਨੇ ਪੇਸ਼ ਕੀਤੇ ਹਨ । ਮੋਹਨ ਸਿੰਘ ਦੀ ਅਲੰਕਾਰ ਯੋਜਨਾ ਵਿਚ ਗੰਭੀਰਤਾ ਅਤੇ ਪ੍ਰਭਾਵ ਨੂੰ ਸਪਸ਼ਟ ਕਰਨ ਦੀ ਸ਼ਕਤੀ ਹੈ । ਇਸ ਦੇ ਪ੍ਰਯੁਕਤ ਅਲੰਕਾਰ ਕਾਵਿ ਵਿਚ ਸੁਹਜਤਾ ਪੈਦਾ ਕਰਕੇ ਵਸਤੂ ਦੇ ਮੁੱਲ ਨੂੰ ਵਧਾਉਣ ਦਾ ਕਾਰਣ ਬਣਦੇ ਹਨ । ਸ਼ੈਲੀ ਵਿਚ ਅਲੰਕਾਰਾਂ ਕਾਰਣ ਪ੍ਰਭਾਵ ਤੇ ਰੰਗੀਨੀ ਵਧੀ ਹੈ ਜਿਸ ਕਾਰਨ ਅਲੰਕਾਰ ਦੂਸ਼ਣ ਨਹੀਂ ਸਗੋਂ ਭੂਸ਼ਣ ਪ੍ਰਤੀਤ ਹੁੰਦੇ ਹਨ । ਨਾ ਹੀ ਅਲੰਕਾਰ ਕਵਿਤਾ ਤੇ ਭਾਰੂ ਲਗਦੇ ਹਨ ਸਗੋਂ ਉਸਾਰੂ ਲਗਦੇ ਹਨ । ਮੋਹਨ ਸਿੰਘ ਦੀ ਕਲਾ ਦੀ ਇਹ ਖੂਬੀ ਹੈ ਕਿ ਨਾ ਹੀ ਇਹ ਅਲੰਕਾਰਾਂ ਤੋਂ ਸੱਖਣੀ ਹੈ ਅਤੇ ਨਾ ਹੀ ਨਿਰੀ ਅਲੰਕਾਰਾਂ ਦੀ ਪ੍ਰਦਰਸ਼ਨੀ ਹੋ ਨਿਬੜੀ ਹੈ । ਅਲੰਕਾਰ ਆਪਣੇ ਆਪ ਵਿਚ ਕੋਈ ਹਸਤੀ ਬਣਾ ਕੇ ਨਹੀਂ ਸਗੋਂ ਵਿਚਾਰਾਂ ਤੇ ਅਨੁਭਵਾਂ ਦੀ ਉਸਾਰੀ ਦੀ ਅਭਿਵਿਅਕਤੀ ਲਈ ਸਹਾਇਕ ਤੱਤ ਬਣਾ ਕੇ ਪੇਸ਼ ਕੀਤੇ ਹਨ ।

ਹਵਾਲੇ ਅਤੇ ਟਿੱਪਣੀਆਂ

1. **ਪੰਜਾਬੀ ਸਾਹਿਤ ਕੋਸ਼** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 82.
2. ਕਾਵਯਕਲਪਾਤਰ ਸਥਾਈਜਾਯਤੇ ਸਦਲੰਕ੍ਰਿਤਿ, ਕਾਵਯ ਦੂਸ਼ .
3. ਪ੍ਰੇਮ ਪ੍ਰਕਾਸ਼ ਸਿੰਘ, **ਭਾਰਤੀ ਕਾਵਿ-ਸ਼ਾਸਤਰ**, ਪੰਨਾ 199.
4. **ਪੰਜਾਬੀ ਸਾਹਿਤ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 83.
5. *Encyclopeadia of Poetry and Poetics*, p. 365.
6. F. L. Lukas, *Problem of Style*, p. 163.
7. ਪਿਆਰਾ ਸਿੰਘ ਭੋਗਲ, **ਪੱਛਮੀ ਤੇ ਭਾਰਤੀ ਆਲੋਚਨਾ ਦੇ ਸਿਧਾਂਤ**, ਪੰਨਾ 323.
8. **ਕਾਵਯ ਦਰਸ਼ਨ**, ਕ 1
9. Jocal Korg, *An Introduction to Poetry*, p. 8.
10. Bharta treats Alankaras as part of the linguistic repre-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

sentation (Vachika Abhinaya).........He mantions four figures but in course of time the number increased.

11. ਬਲਦੇਵ ਉਪਾਧਯਾਏ, **ਸੰਸਕ੍ਰਿਤ ਆਲੋਚਨਾ**, ਪੰਨਾ 173.
12. **ਭਾਰਤੀ ਕਾਵਿ-ਸ਼ਾਸਤ੍ਰ**, ਪੰਨਾ 212.
13. ਭਗੀਰਥ ਮਿਸ੍ਰ, **ਕਾਵਯ ਸ਼ਾਸਤ੍ਰ**, ਪੰਨਾ 14/.
14. ਗੁਲਾਬ ਰਾਇ, **ਸਾਹਿਤਯ ਔਰ ਸਮੀਕਸ਼ਾ**, ਪੰਨਾ 9 .
15. ਉਹੀ, ਪੰਨਾ 96.
16. ਪ੍ਰੇਮ ਪ੍ਰਕਾਸ਼ ਸਿੰਘ, **ਕਾਵਿ ਦੇ ਤੱਤ**, ਪੰਨਾ 145.
17. ਭਗੀਰਥ ਮਿਸ੍ਰ , **ਕਾਵਯ ਸ਼ਾਸਤ੍ਰ**, ਪੰਨਾ 166.
18. **ਪੰਜਾਬੀ ਸਾਹਿਤ ਕੋਸ਼** , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 401.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7.

ਬਿੰਬ ਵਿਧਾਨ ਤੇ ਪ੍ਰਤੀਕ ਚੇਤਨਾ

ਕਲਾ ਸੁਹਜ ਤੱਤਾਂ ਵਿਚ ਬਿੰਬ-ਵਿਧਾਨ ਇਕ ਹੋਰ ਮਹੱਤ੍ਵਪੂਰਣ ਜੁਗਤ ਹੈ ਜਿਸ ਸਦਕਾ ਕਾਵਿ--ਕਲਾ ਆਪਣਾ ਨਿਵੇਕਲਾਪਣ ਅਤੇ ਸੁਹਜਾਤਮਕਤਾ ਪ੍ਰਾਪਤ ਕਰਦੀ ਹੈ। ਬਿੰਬ (Image) ਮੋਹਨ ਸਿੰਘ ਦੇ ਰੂਪ ਵਿਧਾਨ ਦਾ ਇਕ ਵਰਣਨ-ਯੋਗ ਤੱਤ ਹੈ। ਮੋਹਨ ਸਿੰਘ ਦੀ ਕਵਿਤਾ ਦੀ ਇਹ ਖੂਬੀ ਹੈ ਕਿ ਉਹ ਕਿਸੇ ਨਾ ਕਿਸੇ ਬਿੰਬ ਨੂੰ ਰੂਪਮਾਨ ਕਰਦੀ ਹੈ। 'ਉਸ ਦੇ ਬਿੰਬ ਲਘੂ ਵੀ ਹਨ, ਵਿਸ਼ਾਲ ਵੀ ਹਨ, ਸੂਖ਼ਮ ਵੀ ਹਨ ਤੇ ਸਥੂਲ ਵੀ ਹਨ। ਕਈ ਵਾਰ ਤਾਂ ਇਕੋ ਸ਼ਬਦ ਹੀ ਸੰਪੂਰਨ ਬਿੰਬ ਬਣਨ ਦੀ ਸਮਰੱਥਾ ਰੱਖਦਾ ਹੈ।'[1]

ਬਿੰਬ ਦਾ ਕਵਿਤਾ ਵਿਚ ਪ੍ਰਯੋਗ ਇਕ ਅਜਿਹਾ ਰਸ ਉਪਜਾਂਦਾ ਹੈ ਜੋ ਕਵਿਤਾ ਦੇ ਮੂਲ ਮਾਧਿਅਮ ਸ਼ਬਦ ਦਾ ਰਸ ਨਹੀਂ ਹੁੰਦਾ ਸਗੋਂ ਇਹ ਇਕ ਤਰ੍ਹਾਂ ਨਾਲ ਕੋਈ ਬਾਹਰੀ ਰਸ ਹੁੰਦਾ ਹੈ। ਕਵੀ ਦੀ ਮੌਲਿਕ ਬਿੰਬ ਸਿਰਜਣਾ ਨੂੰ ਹੀ ਕਾਵਿ-ਕੌਸ਼ਲ ਵਿਚ ਪ੍ਰਬੀਨਤਾ ਦਾ ਲਖਾਇਕ ਮਿਥਿਆ ਜਾਂਦਾ ਹੈ। ਉਂਜ ਵੀ ਵੇਖਿਆ ਜਾਵੇ ਤਾਂ ਕਵਿਤਾ ਹੁੰਦੀ ਹੀ ਬਿੰਬਮਈ ਹੈ। ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜੋ ਭਾਵ ਤੋਂ ਲੈ ਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਰਹਿੰਦਾ ਹੈ। ਇਸ ਲਈ ਮੈਕਲੀਸ਼ ਦਾ ਇਹ ਕਹਿਣਾ ਠੀਕ ਹੈ: 'ਬਿੰਬ ਕਵਿਤਾ ਅਤੇ ਉਸ ਦੇ ਸ਼ਿਲਪ ਦੇ ਜ਼ਰੂਰੀ ਤੱਤ ਹੁੰਦੇ ਹਨ।'[2]

ਕਵੀ ਆਪਣੇ ਮਨ ਦੇ ਭਾਵਾਂ ਅਤੇ ਵਿਚਾਰਾਂ ਹੈ ਜਿੰਨੀ ਸਫ਼ਲਤਾ ਅਤੇ ਸਹਿਜਤਾ ਨਾਲ ਪ੍ਰਕਾਸ਼ਮਾਨ ਕਰ ਸਕਦਾ ਹੈ ਤਾਂ ਉਹ ਵਿਧੀ ਬਿੰਬ ਸਿਰਜਣਾ ਹੀ ਹੈ। ਪੱਛਮੀ ਕਾਵਿ ਆਲੋਚਨਾ ਪਧਤੀ ਵਿਚ ਬਿੰਬ ਨਿਰਮਾਣ ਤੇ ਕਾਫ਼ੀ ਵਿਸਤ੍ਰਿਤ ਕਾਰਜ ਹੋਇਆ ਹੈ ਪਰੰਤੂ ਭਾਰਤੀ ਆਲੋਚਨਾ ਪ੍ਰਣਾਲੀ ਵਿਚ ਇਸ ਤਰ੍ਹਾਂ ਦਾ ਕੋਈ ਵਿਵੇਚਨ ਨਹੀਂ। ਇਸ ਲਈ ਬਿੰਬ ਸਿਰਜਣਾ ਨੂੰ ਸਮਝਣਾ ਲਈ ਪੱਛਮੀ ਆਲੋਚਨਾ ਨੂੰ ਆਧਾਰ ਬਣਾਉਣਾ ਪਵੇਗਾ।

ਬਿੰਬ ਦਰਅਸਲ ਲੇਖਕ ਵਲੋਂ ਆਪਣੇ ਮਨ ਦੇ ਭਾਵਾਂ ਨੂੰ ਸੰਪ੍ਰੇਸ਼ਿਤ ਕਰਾਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਧਿਅਮ ਹੁੰਦੇ ਹਨ। 'ਬਿੰਬ ਦਾ ਅਰਥ ਕਿਸੇ ਮੂਲ ਵਸਤੂ ਦੀ ਪ੍ਰਤਿਕਿਰਤ ਜਾਂ ਪ੍ਰਤਿਛਾਇਆ ਹੁੰਦਾ ਹੈ। ਬਿੰਬ ਭਾਵਾਂ ਦੇ ਵੇਗ ਤੋਂ ਰਿਹਿਤ ਹੁੰਦਾ ਹੈ ਤੇ ਇਸ ਦਾ ਸੁਭਾਅ ਕਲਪਨਾਸ਼ੀਲ ਤੇ ਕਾਵਿ-ਮਈ ਹੁੰਦਾ ਹੈ। ਇਸ ਵਿਚ ਬਿੰਬਾਂ ਜਾਂ ਚਿੰਨ੍ਹਾਂ ਰਾਹੀਂ ਜੀਵਨ ਦੇ ਬੌਧਿਕ, ਸਦਾਚਾਰਕ ਤੇ ਭਾਵਕ ਅਰਥ ਪ੍ਰਗਟ ਕੀਤੇ ਜਾਂਦੇ ਹਨ। ਭਾਵੇਂ ਸ਼ਬਦ ਅਸੀਂ ਸਾਧਾਰਨ ਤੌਰ ਤੌਰ ਤੇ ਹੀ ਵਰਤਦੇ ਹਾਂ, ਪਰ ਉਹ ਕਿਸੇ ਖਾਸ ਹਵਾਲੇ ਦੇ ਬਿੰਬ ਹੁੰਦੇ ਹਨ।[3] ਬਿੰਬ ਕਵੀ ਦੀ ਕਲਪਨਾ ਰਾਹੀਂ ਕਲਪਿਆ ਗਿਆ ਅਜਿਹਾ ਚਿਤਰ ਹੈ ਜਿਸ ਰਾਹੀਂ ਕਵੀ ਆਪਣੀ ਮਨੋਬਿਰਤੀ ਦੇ ਪੱਧਰ ਤੇ ਉਭਰਦੇ ਅਨੁਭਵ ਦੇ ਸਾਰੇ ਪੱਖਾਂ ਨੂੰ ਸੰਯੁਕਤ ਕਰਕੇ ਪ੍ਰਕਾਸ਼ਵਾਨ ਕਰਦਾ ਹੈ। ਇੰਜ ਅਮੂਰਤ ਮਨੋਭਾਵਾਂ ਨੂੰ ਮੂਰਤੀਮਾਨ ਕਰਨਾ ਬਿੰਬ ਦਾ ਮੁਖ ਪ੍ਰਯੋਜਨ ਹੁੰਦਾ ਹੈ।[4]

ਰਾਬਰਟ ਸਕੇਲਟਨ ਬਿੰਬ ਨੂੰ ਕਵਿਤਾ ਦਾ ਪ੍ਰਤੱਖ ਸਿਰਜਕ ਤੱਤ ਮੰਨਦਾ ਹੈ। ਉਸ ਦੇ ਕਹਿਣ ਅਨੁਸਾਰ 'ਹਰ ਕਵਿਤਾ ਵਿਚ ਬਿੰਬਾਵਲੀ ਦੀ ਯੋਜਨਾ ਹੁੰਦੀ ਹੈ ਅਤੇ ਹਰ ਕਵਿਤਾ ਇਕ ਯੋਜਨਾ ਹੈ।'[5] ਡੀ.ਸੀ. ਲੀਵਿਸ ਕਵਿਤਾ ਨੂੰ ਹੀ ਖ਼ੁਦ ਬਿੰਬ ਮੰਨਦਾ ਹੈ।[6] ਬਿੰਬ ਇਕ ਸ਼ਬਦ ਚਿੱਤਰ ਹੈ ਪਰੰਤੂ ਇਹ ਸਭ ਕੁਝ ਨਹੀਂ। ਬਿੰਬ ਦਾ ਪ੍ਰਯੋਜਨ ਇਸ ਨਾਲੋਂ ਕਿਤੇ ਮਹਾਨ ਅਤੇ ਵਿਸਤ੍ਰਿਤ ਹੈ। ਬਿੰਬ ਇਸ ਸਮਰੱਥ ਹੋਵੇ ਕਿ ਉਹ ਪਾਠਕਾਂ ਵਿਚ ਵੀ ਉਹ ਵੇਗ ਤੇ ਆਵੇਸ਼ ਪੈਦਾ ਕਰ ਸਕੇ ਜੋ ਕਵੀ ਦੀ ਚੇਤਨਾ ਵਿਚ ਵਿਦਮਾਨ ਹੁੰਦਾ ਹੈ ਤੇ ਕਾਵਿ-ਸਿਰਜਣਾ ਸਮੇਂ ਕਵੀ ਨੇ ਖ਼ੁਦ ਭੋਗਿਆ ਹੁੰਦਾ ਹੈ।

ਰਾਬਿਨ ਸਕੇਲਟਨ ਨੇ ਬਿੰਬ ਨੂੰ ਪਰਿਭਾਸ਼ਿਤ ਕਰਨ ਦਾ ਪ੍ਰਯਤਨ ਕੀਤਾ ਹੈ : 'ਬਿੰਬ ਉਹ ਸ਼ਬਦ ਹੈ ਜਿਹੜਾ ਇੰਦਰਿਆਵੀ ਬੋਧ ਨੂੰ ਉਜਾਗਰ ਕਰਦਾ ਹੈ।[7] ਬਿੰਬ ਕਿਸੇ ਵਸਤੂ ਦੀ ਨਕਲ ਮਾਤਰ ਨਹੀਂ ਹੁੰਦਾ ਸਗੋਂ ਇਸ ਵਿਚ ਵਿਚਾਰ ਇਸ ਢੰਗ ਨਾਲ ਪਰੋਇਆ ਹੁੰਦਾ ਹੈ ਜਿਹੜਾ ਉਸ ਚੀਜ਼ ਦੀ ਕਿਸੇ ਇੰਦਰਾਈ ਵਿਸ਼ੇਸ਼ਤਾ ਉਤੇ ਧਿਆਨ ਕੇਂਦਰਿਤ ਕਰਾ ਦਿੰਦਾ ਹੈ।[8] ਬਿੰਬ ਕਵੀ ਦਾ ਇਕ ਉਹ ਉਪਰਾਲਾ ਹੁੰਦੇ ਹਨ ਜਿਨ੍ਹਾਂ ਸਦਕਾ ਉਹ ਆਪਣੇ ਖ਼ਿਆਲ, ਵਸਤੂ ਜਾਂ ਹੋਰ ਵਰਣਨ ਕੀਤੇ ਜਾ ਰਹੇ ਰੂਪਾਂ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ, ਸੰਵਾਰਦਾ ਅਤੇ ਮਾਨਵ ਦੇ ਯੋਗ ਬਣਾਉਂਦਾ ਹੈ। ਬਿੰਬ ਕਵਿਤਾ ਦਾ ਸੁਹਜ ਤੇ ਕਵਿਤਾ ਨੂੰ ਸਮਝਣ ਵਿਚ ਸਹਾਈ ਬਣਦੇ ਹਨ।

ਸ਼ਬਦਾਂ ਵਿਚ ਅੰਕਿਤ ਕੀਤੀ ਚਿਤ੍ਰਕਾਰੀ ਨੂੰ ਕਵਿਤਾ ਦਾ ਨਾਂ ਦਿਤਾ ਗਿਆ ਹੈ। ਕਵੀ ਅਤੇ ਚਿਤ੍ਰਕਾਰ ਦੀ ਅਨੁਭਵ ਪ੍ਰਕ੍ਰਿਆ ਦੀ ਵਿਧੀ ਇਕੋ ਕਿਸਮ ਦੀ ਹੁੰਦੀ ਹੈ। ਕਵੀ ਤੇ ਚਿਤ੍ਰਕਾਰ ਦੋਵੇਂ ਹੀ ਚਿਤ੍ਰਾਂ ਦੀ ਬੋਲੀ ਵਿਚ ਚਿੰਤਨ ਕਰਦੇ ਹਨ। 'ਬਾਹਰਮੁਖੀ ਯਥਾਰਥ ਉਹਨਾਂ ਦੇ ਅੰਤਰ ਮਨ ਵਿਚ ਇਕ ਤਸਵੀਰ ਵਾਂਗ ਲਟਕ ਜਾਂਦਾ ਹੈ। ਇਸ ਤਸਵੀਰ ਨੂੰ ਸਰੂਪ ਦੇਣ ਵਿਚ ਕਵੀ ਅਤੇ ਕਲਾਕਾਰ ਦੇ ਆਪੇ ਦਾ ਵੀ ਹੱਥ ਹੁੰਦਾ ਹੈ। ਇਕੋ ਘਟਨਾ, ਇਕੋ ਦ੍ਰਿਸ਼ ਨੂੰ ਵੇਖਕੇ ਜਦੋਂ ਦੋ ਕਵੀ ਉਹਨਾਂ ਨੂੰ ਸ਼ਬਦਾਂ ਵਿਚ ਮੁੜ ਚਿਤ੍ਰਦੇ ਹਨ ਤਾਂ ਇਨ੍ਹਾਂ ਵਿਚ ਜੋ ਭਿੰਨਤਾ ਦਿਖਾਈ ਦਿੰਦੀ ਹੈ ਉਹ ਉਨ੍ਹਾਂ ਦੀ ਆਪਣੀ ਸ਼ਖ਼ਸੀਅਤ ਦੀ ਭਿੰਨਤਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛਾਪ ਹੁੰਦੀ ਹੈ। ਬਾਹਰ ਮੁਖੀ ਯਥਾਰਥ ਦੀ ਅੰਤਰ ਮੁਖੀ ਤਸਵੀਰ ਹੀ ਕਵਿਤਾ ਦੀ ਵਸਤੂ ਹੁੰਦੀ ਹੈ। ਇਸੇ ਨੂੰ ਹੀ ਕਾਵਿ-ਬਿੰਬ ਆਖਿਆ ਜਾਂਦਾ ਹੈ।[9]

ਕਵੀ ਇਸ ਕਾਵਿ-ਬਿੰਬ ਨੂੰ ਸ਼ਬਦਾਂ ਰਾਹੀਂ ਕਾਗਜ਼ ਤੇ ਰੂਪਮਾਨ ਕਰਦਾ ਹੈ ਜਦੋਂ ਕਿ ਚਿਤ੍ਰਕਾਰ ਰੰਗਾਂ ਰਾਹੀਂ। ਚਿਤ੍ਰਕਾਰ ਇਕੋ ਰੰਗ ਨੂੰ ਗੂੜ੍ਹਾ ਜਾਂ ਹਲਕਾ ਕਰਕੇ ਭਾਵ ਦੀ ਗਹਿਰਾਈ ਤੇ ਤੀਬਰਤਾ ਨੂੰ ਵਾਯੂਮੰਡਲ ਤੇ ਉਦੇਸ਼ ਅਨੁਸਾਰ ਸੰਪ੍ਰੇਸ਼ਿਤ ਕਰਦਾ ਹੈ ਤੇ ਕਵੀ ਨੇ ਇਹ ਸਾਰਾ ਕੰਮ ਸ਼ਬਦਾਂ ਤੋਂ ਹੀ ਕਰਵਾਉਣਾ ਹੁੰਦਾ ਹੈ। ਕਵੀ ਦੇ ਅੰਤਰੀਵ ਮਨ ਤੇ ਪਏ ਪ੍ਰਭਾਵ ਅਤੇ ਉਲੀਕਿਆ ਚਿਤ੍ਰ ਜਦੋਂ ਸ਼ਬਦਾਂ ਦੇ ਮਾਧਿਅਮ ਰਾਹੀਂ ਰੂਪਮਾਨ ਹੋ ਜਾਂਦਾ ਹੈ ਤਾਂ ਇਸ ਨੂੰ ਬਿੰਬ ਸਿਰਜਣਾ ਆਖ ਦਿਤਾ ਜਾਂਦਾ ਹੈ। ਬਿੰਬਾਂ ਦਾ ਕਵਿਤਾ ਵਿਚ ਵਿਸ਼ੇਸ਼ ਸਥਾਨ ਹੁੰਦਾ ਹੈ। ਬਿੰਬ ਦਾ ਪ੍ਰਭਾਵ ਮਨ ਉਤੇ ਗੂੜ੍ਹਾ ਤੇ ਸਦੀਵੀ ਉਭਰਦਾ ਹੈ।

'ਬਿੰਬ ਕਵਿਤਾ ਵਿਚ ਅਨੇਕਾਂ ਕਾਰਜ ਕਰਦੇ ਹਨ ਜਿਨ੍ਹਾਂ ਵਿਚ ਸੰਵੇਦਨਾਤਮਿਕਤਾ, ਅਲੰਕਰਣ, ਕ੍ਰਮਬੱਧਤਾ ਅਤੇ ਬਾਹਰੀ ਜਗਤ ਨਾਲ ਭਾਵਾਤਮਕ ਸੰਬੰਧ, ਅਮੂਰਤ ਭਾਵਾਂ ਤੇ ਵਿਚਾਰਾਂ ਨੂੰ ਮੂਰਤ ਰੂਪ ਪ੍ਰਦਾਨ ਕਰਨਾ ਅਤੇ ਮਾਰਮਿਕ ਭਾਵਾਂ ਨੂੰ ਅਭਿਵਿਅਕਤੀ ਦੇਣਾ ਹੈ।[10] ਬਿੰਬਾਂ ਦੀ ਅਗੋਂ ਕਈ ਤਰ੍ਹਾਂ ਨਾਲ ਪ੍ਰਕਾਰ-ਵੰਡ ਕੀਤੀ ਗਈ ਹੈ ਤੇ ਕਈ ਤਰ੍ਹਾਂ ਦੇ ਮੱਤ ਸਾਹਿਤ ਸ਼ਾਸ਼ਤਰੀਆਂ ਵਲੋਂ ਪ੍ਰਗਟਾਏ ਗਏ ਹਨ। ਮਨੋਵਿਗਿਆਨ, ਫ਼ਿਲਾਸਫ਼ੀ, ਸੌਂਦਰੀਯ ਸ਼ਾਸਤਰ ਅਤੇ ਕਾਵਿ-ਸ਼ਾਸਤਰ ਆਦਿ ਵਿਚ ਬਿੰਬ ਦੀਆਂ ਵਿਭਿੰਨ ਕਿਸਮਾਂ ਉਲੀਕਣ ਦਾ ਪ੍ਰਯਤਨ ਹੋਇਆ ਹੈ ਪਰ ਸਭ ਤੋਂ ਵੱਧ ਤਸੱਲੀਬਖ਼ਸ਼ ਪ੍ਰਕਾਰ ਵੰਡ ਰਾਬਿਨ ਸਕੈਲਟਨ ਦੀ ਹੈ ਜੋ ਬਿੰਬਾਂ ਦੇ ਪੰਜ ਭੇਦ ਮੰਨਦਾ ਹੈ :[11]

1. ਪ੍ਰਤੀਕ ਮੂਲਕ ਬਿੰਬ (Symbolic)
2. ਅਨਿਓਕਤੀ ਮੂਲਕ ਬਿੰਬ (Allegorical)
3. ਚਿੰਨ੍ਹ ਮੂਲਕ ਬਿੰਬ (Emblematic)
4. ਰੂਪਕ ਮੂਲਕ ਬਿੰਬ (Metaphoric)
5. ਉਪਮਾ ਮੂਲਕ ਬਿੰਬ (Simile)

ਡਾ. ਪ੍ਰੇਮ ਪ੍ਰਕਾਸ਼ ਸਿੰਘ ਇਸ ਵੰਡ ਨੂੰ ਸੰਪੂਰਨ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਜੇ 'ਇੰਦਰਿਆਵੀ' ਬਿੰਬ ਇਨ੍ਹਾਂ ਵਿਚ ਹੋਰ ਜੋੜ ਦੇਈਏ ਤਾਂ ਪ੍ਰਕਾਰ ਵੰਡ ਕਾਫ਼ੀ ਸੰਤੋਖਜਨਕ ਹੋ ਸਕਦੀ ਹੈ। 'ਇੰਦਰਿਆਵੀ' ਬਿੰਬਾਂ ਵਿਚ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਪੰਜ (object of sence) ਸ਼ਾਮਲ ਹੁੰਦੇ ਹਨ।[12]

ਮੋਹਨ ਸਿੰਘ ਦੇ ਬਿੰਬ ਵਿਧਾਨ ਨੂੰ ਉਪਰੋਕਤ ਵਰਣਤ ਬਿੰਬ ਪ੍ਰਣਾਲੀ ਦੇ ਆਧਾਰ ਤੇ ਹੀ ਪਰਖਣ ਦਾ ਯਤਨ ਕੀਤਾ ਗਿਆ ਹੈ। ਮੋਹਨ ਸਿੰਘ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਦਿਲਕਸ਼ ਬਿੰਬਾਂ ਅਤੇ ਅਲੰਕਾਰਾਂ ਨਾਲ ਸਜਾ ਕੇ ਪੇਸ਼ ਕਰਨ ਵਾਲਾ ਇਕ ਮਾਹਿਰ ਕਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਸ ਨੇ ਹਰ ਪ੍ਰਕਾਰ ਦੇ ਬਿੰਬਾਂ ਦੀ ਸਿਰਜਣਾ ਕੀਤੀ ਹੈ। ਮੋਹਨ ਸਿੰਘ ਦੀ ਵਧੇਰੇ ਕਵਿਤਾ ਸਰੋਦੀ ਪੱਧਰ ਦੀ ਹੋਣ ਕਰਕੇ ਇਸ ਵਿਚ ਬਿੰਬਾਂ ਦੀ ਮਹੱਤਾ ਹੋਰ ਵੀ ਬਹੁ-ਪੱਖੀ ਹੋ ਗਈ ਹੈ ਕਿਉਂਕਿ ਸਰੋਦੀ ਕਵਿਤਾ ਭਾਵਾਂ ਅਤੇ ਯਥਾਰਥ ਦੇ ਸੰਵਾਦ ਦੀ ਸਚਾਈ ਨੂੰ ਰੂਪ-ਬੱਧ ਕਰਦੀ ਹੈ। ਮੋਹਨ ਸਿੰਘ ਨੇ ਜਦੋਂ ਵੀ ਕਿਸੇ ਆਪਣੇ ਭਾਵ ਨੂੰ, ਜਜ਼ਬੇ ਨੂੰ ਜਾਂ ਖਿਆਲ ਨੂੰ ਅਭਿਵਿਅਕਤ ਕੀਤਾ ਹੈ ਤਾਂ ਉਹ ਆਪਣੇ ਆਪੇ ਨਾਲ ਇੰਜ ਇਕਮਿਕ ਹੋਏ ਕਿ ਬਿੰਬ ਨੂੰ ਆਪਣੀ ਚੇਤਨਾ ਵਿਚ ਉਤਾਰ ਕੇ ਮੁੜ ਰੂਪਮਾਨ ਕੀਤਾ ਹੈ। 'ਸਾਵੇ-ਪੱਤਰ' ਵਿਚ ਉਸ ਦੀਆਂ ਕਵਿਤਾਵਾਂ 'ਅੰਬੀ ਦੇ ਬੂਟੇ ਥੱਲੇ' ਅਤੇ 'ਮੈਂ ਨਹੀਂ ਰਹਿਣਾ ਤੇਰੇ ਗਰਾਂ' ਤਾਂ ਇੰਜ ਪ੍ਰਤੀਤ ਹੁੰਦੀਆਂ ਹਨ ਜਿਵੇਂ ਚਿਤ੍ਰਾਵਲੀ ਦਾ ਸਮਰੂਪ ਹੋਣ। ਇਨ੍ਹਾਂ ਕਵਿਤਾਵਾਂ ਵਿਚੋਂ ਅਨੇਕ ਪ੍ਰਕਾਰ ਦੇ ਬਿੰਬ ਦ੍ਰਿਸ਼ਟੀਗੋਚਰ ਹੁੰਦੇ ਹਨ।

ਮੋਹਨ ਸਿੰਘ ਦੀਆਂ ਕਵਿਤਾਵਾਂ ਵਿਚ ਬਿੰਬਾਤਮਕ ਬੋਲ ਵਧੇਰੇ ਰੂਪਕ ਪ੍ਰਧਾਨ (Metaphoric), ਉਪਮਾ ਮੂਲਕ (Simile) ਅਤੇ ਪ੍ਰਤੀਕ ਮੂਲਕ (symblic) ਕਿਸਮ ਦੇ ਬਿੰਬ ਪ੍ਰਮੁੱਖ ਰੂਪ ਵਿਚ ਉਜਾਗਰ ਹੋਏ ਹਨ। ਰੂਪਕ ਬਿੰਬ ਨੂੰ ਪ੍ਰਸਤੁਤ ਕਰਦਾ ਮੋਹਨ ਸਿੰਘ ਲਿਖਦਾ ਹੈ :

ਇਨ੍ਹਾਂ ਨੈਣਾਂ ਦੇ ਖਾਰੇ ਸਮੁੰਦਰਾਂ ਵਿਚ
ਕਦੀ ਉੱਠੇ ਨੇ ਡੂੰਘੇ ਉਬਾਲ ਕਿ ਨਹੀਂ। (ਪੰਨਾ 38)

ਨੈਣਾਂ ਨੂੰ 'ਖਾਰੇ ਸਮੁੰਦਰ' ਬਿਆਨ ਕਰਕੇ—ਇਸ ਵਿਚ ਅਭੇਦਤਾ ਅਤੇ ਇਕਰੂਪਤਾ ਪੈਦਾ ਕਰਕੇ ਰੂਪਕ ਅਲੰਕਾਰ ਸੁਝਾਇਆ ਹੈ ਜਿਸ ਤੋਂ ਬਾਅਦ ਇਕ ਰੂਪ-ਬਿੰਬ ਦਾ (visual image) ਨਕਸ਼ਾ ਉਘੜਦਾ ਹੈ :

ਸੂਹੇ ਫੁੱਲਾਂ ਦੀ ਅੱਗ ਨੂੰ ਹੱਥ ਲਾਇਆਂ
ਜਿਸਦੇ ਪੋਟਿਆਂ ਦੇ ਛਾਲੇ ਉਠਦੇ ਸਨ। (ਪੰਨਾ 98)

ਇਥੇ 'ਅੱਗ' ਮੋਟੇ ਤੌਰ ਤੇ ਰੂਪ ਬਿੰਬ ਹੈ। ਪਰੰਤੂ ਹੱਥ ਲਾਉਣ ਨਾਲ 'ਸਪਰਸ਼ ਬਿੰਬ' ਵੀ ਪ੍ਰਗਟ ਹੁੰਦਾ ਹੈ। ਇਸ ਬਿੰਬ ਦੀ ਉਸਾਰੀ ਰੂਪਕ ਅਲੰਕਾਰ ਮਗਰੋਂ ਹੀ ਸੁਝਦੀ ਹੈ। ਇਥੇ ਫੁੱਲਾਂ ਦੀ ਸੂਹੀ ਅੱਗ ਨੂੰ ਸਪਰਸ਼ ਕਰਨ ਦਾ ਨਕਸ਼ਾ ਚਿਤ੍ਰਿਆ ਹੈ ਜਿਸ ਨੂੰ ਛੂਹਣ ਨਾਲ ਪੋਟਿਆਂ ਉਤੇ ਛਾਲੇ ਪੈ ਜਾਂਦੇ ਹਨ। ਸੋ ਇਥੇ 'ਅੱਗ' ਅਤੇ 'ਖਾਰੇ ਸਮੁੰਦਰ' ਰੂਪਕ ਉੱਤੇ ਉਸਰੇ ਬਿੰਬ ਹਨ।

ਉਪਮਾ ਮੂਲਕ ਬਿੰਬ ਦੀ ਪਰਿਭਾਸ਼ਾ ਕਰਦਿਆਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦਾ ਹੈ : 'ਉਪਮਾ ਉਹ ਕਾਵਿ-ਕਥਨ ਹੈ ਜਿਥੇ ਉਪਮੇਯ ਤੇ ਉਪਮਾਨ ਦੇ ਵਿਚਕਾਰ ਪ੍ਰਗਟ ਹੁੰਦੀ ਸਾਂਝ 'ਵਾਂਗ/ਜਿਵੇਂ' ਆਦਿ ਸੂਚਕ ਸ਼ਬਦਾਂ ਰਾਹੀਂ ਬਿਆਨ ਕੀਤੀ ਜਾਂਦੀ ਹੈ।'[13] ਮੋਹਨ ਸਿੰਘ 'ਬਸੰਤ' ਸਿਰਲੇਖ ਨਾਂ ਦੀ ਕਵਿਤਾ ਵਿਚ ਲਿਖਦਾ ਹੈ :

ਕੁਛੜ ਓਸ ਪਹਾੜ ਦੇ ਇਕ ਝੁੱਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਠੀ ਹੂਰ ਇਕ ਸ਼ੇਰ ਦੀ ਖੱਲ ਉੱਤੇ।
ਕਾਲੀ ਰਾਤ ਅੰਦਰ ਗੋਰਾ ਮੁੱਖ ਉਸ ਦਾ
ਜਿਵੇਂ ਬੱਗ ਹੋਵੇ ਕੋਈ ਡੱਲ ਉਤੇ। (ਪੰਨਾ 36)

'ਗੋਰਾ ਮੁੱਖ' ਇਸ ਕਾਵਿ-ਟੋਟੇ ਵਿਚ ਪ੍ਰਧਾਨ ਬਿੰਬ ਹੈ ਜਿਸ ਦੀ ਭੂਮੀ ਉਪਮਾ ਅਲੰਕਾਰ ਹੈ। ਕਾਲੀ ਰਾਤ ਵਿਚ ਗੋਰੇ ਮੁਖ ਨੂੰ ਨਿਖਾਰਨ ਲਈ ਕਵੀ ਨੇ ਝੀਲ ਦੇ ਕਿਨਾਰੇ ਬੈਠੇ ਬਗਲੇ ਦਾ ਚਿਤ੍ਰ ਪੇਸ਼ ਕੀਤਾ ਹੈ। ਪਹਿਲਾ ਵਾਕ 'ਉਪਮੇਯ' ਹੈ ਤੇ ਦੂਸਰਾ 'ਉਪਮਾਨ' 'ਜਿਵੇਂ' ਕ੍ਰਿਆ ਵਿਸ਼ੇਸ਼ਣ। ਡੱਲ/ਕਾਲੀ ਰਾਤ/ਸ਼ੇਰ ਦੀ ਖੱਲ/ਗੋਰਾ ਮੁੱਖ/ਬੱਗ ਇਨ੍ਹਾਂ ਦੀ ਇਕ ਦੂਜੇ ਨਾਲ ਪਰਸਪਰ ਸਾਂਝ ਹੈ। ਇਹ ਚੌਅੰਗੀ ਉਪਮਾ ਅਲੰਕਾਰ ਦੇ ਰੂਪ ਵਿਚ ਪ੍ਰਗਟ ਹੋ ਕੇ ਬਾਅਦ ਵਿਚ ਜੋ ਸਮੂਹਕ ਚਿਤ੍ਰ ਸਾਡੇ ਸਾਹਮਣੇ ਪੇਸ਼ ਕੀਤਾ ਹੈ ਉਹ ਉਪਮਾ ਮੂਲਕ ਬਿੰਬ (simble) ਹੀ ਹੈ।

ਇੰਦਰਿਆਈ ਬਿੰਬਾਂ ਦੀ ਝਲਕ ਮੋਹਨ ਸਿੰਘ ਦੀ ਕਵਿਤਾ ਵਿਚ ਥਾਂ ਪੁਰ ਥਾਂ ਦ੍ਰਿਸ਼ਟਮਾਨ ਹੁੰਦੀ ਹੈ। ਬ੍ਰਹਿਮੰਡ ਦੇ ਬੋਧ ਤੇ ਇਸ ਨੂੰ ਸਮਝਣ ਵਾਲੀ ਕੁਦਰਤ ਨੇ ਮਨੁੱਖ ਨੂੰ ਪੰਜ ਗਿਆਨ ਇੰਦਰੀਆਂ ਬਖ਼ਸ਼ੀਆਂ ਹਨ। ਅੱਖ/ਨੱਕ/ਤੁਚਾ/ਕੰਨ ਅਤੇ ਜੀਭ ਜਿਨ੍ਹਾਂ ਰਾਹੀਂ ਹਰ ਤਰ੍ਹਾਂ ਦਾ ਗਿਆਨ ਹੁੰਦਾ ਹੈ। ਬਿੰਬ ਇਨ੍ਹਾਂ ਗਿਆਨ ਇੰਦਰੀਆਂ ਰਾਹੀਂ ਹੀ ਮਨੁੱਖੀ ਚੇਤਨਾ ਨੂੰ ਪੋਂਹਦੇ ਹਨ। ਇਸ ਲਈ ਅਜਿਹੇ ਬਿੰਬਾਂ ਨੂੰ ਇੰਦਰਿਆਵੀ ਬਿੰਬ ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਸੁਵਿਧਾ ਲਈ ਪੰਜ ਨਾਵਾਂ ਨਾਲ ਹੀ ਯਾਦ ਕੀਤਾ ਜਾਂਦਾ ਹੈ। ਦ੍ਰਿਸ਼ਟੀ ਪਰਕ (visual), ਸਪਰਸ਼ ਪਰਕ (Tactual), ਨਾਟ ਪਰਕ (Auditory), ਗੰਧ ਪਰਕ (olfactory) ਅਤੇ ਸਵਾਦਪਰਕ (Gustatory)।

ਦ੍ਰਿਸ਼ਟੀ ਪਰਕ ਬਿੰਬ

ਬਿੰਬਾਂ ਵਿਚ ਅਧਿਕ ਗਿਣਤੀ ਦ੍ਰਿਸ਼ਟੀ ਪਰਕ ਬਿੰਬਾਂ ਦੀ ਹੁੰਦੀ ਹੈ।[15] ਉਂਜ ਵੀ ਸਾਡੇ ਜੀਵਨ ਵਿਚ ਨੇਤਰਾਂ ਦਾ ਵਿਉਪਾਰ ਹੀ ਪ੍ਰਧਾਨ ਰਹਿੰਦਾ ਹੈ। ਅੱਖ 'ਰੂਪ' ਦੀ ਵਿਸ਼ਈ ਹੈ। ਰੂਪ ਨੂੰ ਅਪੀਲ ਕਰਨ ਵਾਲੇ ਬਿੰਬਾਂ ਦੀ 'ਸਾਵੇ-ਪੱਤਰ' ਵਿਚ ਕਾਫ਼ੀ ਬਹੁਲਤਾ ਹੈ ਜੋ ਸਾਧਾਰਣ ਵਿਅਕਤੀ ਦੀ ਸੰਵੇਦਨਾ ਦੇ ਵਿਅੰਜਕ ਹਨ :

ਥਲੇ ਏਨੂੰ ਜੜੇ ਸਿਤਾਰੇ,
ਉਤੇ ਤਿੰਨ ਤਿੰਨ ਘੜੇ ਉਸਾਰੇ,
ਪਿਆ ਲਕ ਖਾਵੇ ਲਿਚਕਾਰੇ,
ਉਹ ਫਿਰ ਵੀ ਲਾਣ ਨਾ ਪੱਬ ਨੀ।
ਸਾਡੇ ਖੂਹ ਤੇ ਵਸਦਾ ਰੱਬ ਨੀ। (ਪੰਨਾ 24)
ਫੁਟੀ ਪਹੁ ਮੂੰਹ ਝਾਖਰਾ ਆਣ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫੁੱਲ ਨਰਗਸਾਂ ਅੱਖੀਆਂ ਮਲੀਆਂ ਨੇ ।
ਤ੍ਰੇਲ ਮੋਤੀਆਂ ਦੀ ਮੂੰਹ ਵਿਖਾਈ ਲੈਕੇ,
ਚਾਏ ਘੁੰਡ ਸ਼ਰਮਾਕਲਾਂ ਕਲੀਆਂ ਨੇ ।
ਬਾਹਰ ਕੱਢਿਆ ਗੁੱਜਰਾਂ ਚੌਣਿਆਂ ਨੂੰ,
ਦੁੱਧਾਂ ਵਿਚ ਮਧਾਣੀਆਂ ਹੱਲੀਆਂ ਨੇ ।
ਸੱਕ ਮਲਦੀਆਂ ਰਾਵੀ ਦੇ ਪੱਤਣਾਂ ਨੂੰ,
ਅੱਗ ਲਾਉਣ ਲਹੌਰਨਾ ਚੱਲੀਆਂ ਨੇ । (ਪੰਨਾ 96)

ਇਥੇ ਕਵੀ ਨੇ ਸਿਤਾਰੇ ਜੜ੍ਹੇ ਏਨੂੰਆਂ ਉੱਤੇ ਘੜੇ ਟਿਕਾਏ ਮੁਟਿਆਰਾਂ ਦਾ ਲੱਕ ਲਚਕਾਰੇ ਤੁਰਨ ਦਾ ਸੁਹਣਾ ਦ੍ਰਿਸ਼ ਪੇਸ਼ ਕੀਤਾ ਹੈ । ਪਹੁ ਫੁਟੀ/ਮੂੰਹ ਝਾਖਰੇ ਹੀ ਮੋਤੀਆਂ ਦੀ ਤ੍ਰੇਲ/ਕਲੀਆਂ ਦੇ ਘੁੰਡ ਚੁਕਣੇ ਅਤੇ ਰਾਵੀ ਦੇ ਪੱਤਣਾਂ ਨੂੰ ਅੱਗ ਲਾਉਣ ਜਾਣਾ ਆਦਿ ਦ੍ਰਿਸ਼ ਮੁਟਿਆਰਾਂ ਕੁੜੀਆ ਦੀ ਸੁੰਦਰਤਾ ਨੂੰ ਸਾਡੇ ਨੈਣਾਂ ਸਾਹਵੇਂ ਸਾਕਾਰ ਕਰਦੇ ਹਨ । ਮੋਹਨ ਸਿੰਘ ਇਨ੍ਹਾਂ ਦ੍ਰਿਸ਼ ਬਿੰਬਾਂ ਵਿਚ ਗਤਿ, ਪਰਿਵਰਤਨ ਆਦਿ ਨੂੰ ਬੜੀ ਹੀ ਸਪਸ਼ਟਤਾ ਨਾਲ ਪ੍ਰਤਿਬਿੰਬਤ ਕਰਦਾ ਹੈ । ਦ੍ਰਿਸ਼ਟੀ ਪੂਰਕ ਬਿੰਬ ਸਿਰਫ਼ ਵਸਤੂ ਦਾ ਹੀ ਚਿਤ੍ਰ ਪ੍ਰਸਤੁਤ ਨਹੀਂ ਕਰਦੇ ਸਗੋਂ ਉਸ ਦੇ ਨਾਲ ਉਸ ਦੀ ਪਿੱਠ-ਭੂਮੀ ਦੇ ਲਈ ਹੋਰ ਵਸਤੂਆਂ ਦਾ ਵੀ ਉਲੇਖ ਕਰਦੇ ਹਨ ਜਿਸ ਨਾਲ ਵਸਤੂ ਦੀ ਸੁੰਦਰਤਾ ਉੱਤੇ ਹੋਰ ਨਿਖਾਰ ਰੂਪਮਾਨ ਹੋ ਨਿਬੜਦਾ ਹੈ ।

ਸਪਰਸ਼ ਪਰਕ ਬਿੰਬ

ਸਪਰਸ਼ ਬਿੰਬ ਵਿਚ ਸਪਰਸ਼ ਜਨਕ ਸੰਵੇਦਨਾ ਦੇ ਸਮਨਵੈ ਨਾਲ ਇਸ ਬਿੰਬ ਦਾ ਨਿਰਮਾਣ ਹੁੰਦਾ ਹੈ । ਤਮਸ਼, ਨਿੱਘ, ਠੰਢ, ਤਲਖ਼ੀ, ਝਰਨਾਟ ਅਤੇ ਕੰਬਣੀ ਆਦਿ ਭਾਵ ਇਸ ਦੇ ਅੰਤਰਗਤ ਆਉਂਦੇ ਹਨ । ਮੋਹਨ ਸਿੰਘ ਦੇ ਕਾਵਿ ਵਿਚ ਸਪਰਸ਼ ਪਰਕ ਬਿੰਬ ਵੀ ਮਿਲਦੇ ਹਨ । ਪ੍ਰਕ੍ਰਿਤੀ ਵਰਣਨ ਸਮੇਂ ਪ੍ਰਾਕ੍ਰਿਤਿਕ ਵਸਤੂਆਂ ਦੇ ਸੀਤਲ ਸਪਰਸ਼ ਦਾ ਉਲੇਖ ਕੀਤਾ ਹੈ :

ਬਿਨਾਂ ਖੌਫ਼ ਦੇ ਪੰਛੀ ਸਾਰੇ,
ਲੈਣ ਝਾਟੀਆਂ ਮੇਰੇ ਕੰਨਾੜੇ ।
ਪਿੰਡੇ ਉੱਤੇ ਹੱਥ ਫਿਰਵਾ ਕੇ,
ਖੇਡਣ ਮੇਰੇ ਨਾਲ ਬਘੇਲੇ ।
ਦੌੜ ਦੌੜ ਹਰਨੌਟੇ ਆਵਣ,
ਚੁਕ ਚੁਕ ਬੂਥੀ ਨੈਣ ਚੁੰਮਾਵਣ । (ਪੰਨਾ 33)
ਰੋਂਦਾ ਦੇਖ ਉਸ ਹੂਰ ਨੇ ਸੋਹਲ ਵੀਣੀ,
ਮੇਰੀ ਧੌਣ ਦੇ ਗਿਰਦੇ ਵਲਾ ਦਿਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਵੀ ਕੰਬਦੀ ਕੰਬਦ ੀ ਬਾਂਹ ਆਪਣੀ,
ਉਸ ਸੋਹਣੀ ਦੇ ਗਲ ਵਿਚ ਪਾ ਦਿਤੀ। (ਪੰਨਾ 39)

ਚਰਖੀ ਦੀ ਚਰਮਖ ਤੋਂ ਮੈਂ ਕਾਲਖ ਲਾਹੀ ਨੀ।
ਜਾ ਸੁਤੇ ਸੋਹਣੇ ਦੇ ਮੱਥੇ ਤੇ ਲਾਈ ਨੀ। (ਪੰਨਾ 80)

ਉਪਰੋਕਤ ਪੰਗਤੀਆਂ ਵਿਚ ਪੰਛੀਆਂ ਦਾ ਕਨਾੜੇ ਚੜ੍ਹਨਾ, ਪਿੰਡੇ ਤੇ ਹੱਥ ਫੇਰਨਾ, ਧੌਣ ਦੁਆਲੇ ਬਾਂਹ ਵਲਣੀ, ਤੇ ਕਾਲਖ ਲਾਉਣੀ ਸਾਰਿਆਂ ਵਿਚੋਂ ਛੁਹ ਗੁਣ ਮਿਲਦੇ ਹਨ ਜਿਨ੍ਹਾਂ ਨੂੰ ਤੁਚਾ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। ਇਨ੍ਹਾਂ ਰਾਹੀਂ ਸਪਰਸ਼ ਦੇ ਭਾਵ ਉਜਾਗਰ ਹੁੰਦੇ ਹਨ।

ਨਾਦ ਪਰਕ ਬਿੰਬ

ਅਜਿਹੇ ਬਿੰਬ ਧੁਨੀ ਪ੍ਰਤੀਕਾਂ ਤੇ ਆਧਾਰਿਤ ਹੁੰਦੇ ਹਨ।[15] ਕਵਿਤਾ ਵਿਚ ਧੁਨੀ ਕਲਪਨਾ ਨੂੰ ਦੋ ਵਿਧੀਆਂ ਦੁਆਰਾ ਪ੍ਰਯੋਗ ਕੀਤਾ ਜਾਂਦਾ ਹੈ। ਧੁਨੀ ਜਾਂ ਸੁਰ ਦੀ ਵਰਤੋਂ ਰਾਹੀਂ ਤੇ ਦੂਜਾ ਅਨੁਪ੍ਰਾਸ ਰਾਹੀਂ। ਮੋਹਨ ਸਿੰਘ ਦੀ ਕਵਿਤਾ ਵਿਚ ਅਜਿਹੇ ਬਿੰਬਾਂ ਦੀ ਵੀ ਭਰਮਾਰ ਹੈ :

ਪੱਤਿਆਂ ਦੀ ਖੜ ਖੜ ਨੇ
ਬੱਦਲਾਂ ਦੀ ਸੂਕਰ ਨੇ।
ਵੰਗਾਂ ਦੀ ਛਣ ਛਣ ਨੇ,
ਚਰਖੀ ਦੀ ਘੂਕਰ ਨੇ।
ਟੱਪਿਆਂ ਦੀ ਲੋਰੀ ਨੇ,
ਕੋਇਲ ਦੀ ਕੂਕਰ ਨੇ। (ਪੰਨਾ 80)

ਅਨੁਪ੍ਰਾਸ ਰਾਹੀਂ ਨਾਦ ਬਿੰਬ ਦਾ ਨਮੂਨਾ :

ਸੁਣ ਠੱਕ ਠੱਕ, ਰੀਂ ਰੀਂ, ਵਾਂ ਵਾਂ,
ਮੈਂ ਉਡ ਉਡ ਉਥੇ ਜਾਵਾਂ। (ਪੰਨਾ 2)

ਖੜ-ਖੜ, ਛਣ ਛਣ, ਸੂਕਰ, ਘੂਕਰ, ਠੱਕ ਠੱਕ, ਰੀਂ ਰੀਂ, ਅਤੇ ਵਾਂ ਵਾਂ ਆਦਿ ਧੁਨੀਆਤਮਕ ਸ਼ਬਦ ਹਨ ਜੋ ਭਿੰਨ ਭਿੰਨ ਵਸਤੂਆਂ ਦੀਆਂ ਭਿੰਨ ਭਿੰਨ ਆਵਾਜ਼ਾਂ ਹਨ। ਇਹ ਆਵਾਜ਼ਾਂ ਕਵਿਤਾ ਪੜ੍ਹਨ ਸਮੇਂ ਸਰੋਤੇ ਦੇ ਮਨ ਵਿਚ ਇਕ ਅਨਿਨ ਝਣਕਾਰ ਛੇੜਦੀਆਂ ਹਨ। ਇਹ ਸ਼ਬਦ ਅੱਖਾਂ ਨੂੰ ਅਪੀਲ ਨਹੀਂ ਕਰਦੇ ਸਗੋਂ ਇਨ੍ਹਾਂ ਦਾ ਅਨੁਭਵ ਕੰਨਾਂ ਰਾਹੀਂ ਹੀ ਹੁੰਦਾ ਹੈ।

ਗੰਧ ਪਰਕ ਬਿੰਬ

ਸੰਵੇਦਨਾ ਦੀ ਤੀਬਰਤਾ ਤੇ ਗਹਿਰਾਈ ਦੀ ਦ੍ਰਿਸ਼ਟੀ ਤੋਂ ਗੰਧ ਦਾ ਮਹੱਤਵ ਅਧਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ। ਦ੍ਰਿਸ਼ ਦਾ ਸੰਬੰਧ ਤਾਂ ਸਥੂਲ ਦ੍ਰਿਸ਼ ਰੂਪਾਂ ਨਾਲ ਹੀ ਹੁੰਦਾ ਹੈ ਪਰੰਤੂ ਗੰਧ ਸੂਖ਼ਮ ਸੁੰਘਣ ਚੇਤਨਾ ਨਾਲ ਸੰਬੰਧ ਰੱਖਦੀ ਹੈ। 'ਸਾਵੇ ਪੱਤਰ' ਵਿਚਲੇ ਗੰਧ ਪਰਕ ਬਿੰਬ ਭਿੰਨੀ ਭਿੰਨੀ ਸੁਗੰਧੀਆਂ ਪ੍ਰਤੀ ਵਿਸ਼ੇਸ਼ ਰੂਪ ਵਿਚ ਉਲੀਕੇ ਗਏ ਹਨ :

ਕੰਡੇ ਇਕ ਗੁਲਾਬੀ ਫੁੱਲ ਦੇ
ਬਹਿਗੇ ਫੜਕੇ ਪੱਲਾ।
ਨਾ ਕਰ ਐਡੀ ਕਾਹਲੀ ਰਾਹੀਆ
ਪਲ ਦਾ ਪਲ ਖਲੋਵੀਂ
ਖੁਸ਼ਬੂਆਂ ਦੇ ਢੋਏ ਬਾਝੋਂ
ਅਸੀਂ ਜਾਣ ਨਹੀਂ ਦੇਣਾ ਮੱਲਾ। (ਪੰਨਾ 54)

ਝੰਮ ਸੁਟੇ ਜਦ ਕੰਮ ਵਲੇਵਾਂ
ਮਿਠੀ ਇਸ ਦੀ ਲਾਹੇ ਥਕੇਵਾਂ। (ਪੰਨਾ 51)

ਹਵਾ ਫੱਕਦਾ ਰਾਵੀ ਦੇ ਕੰਢਿਆਂ ਦੀ
ਸ਼ਾਹੀ ਰੋਜ਼ਿਆਂ ਉਤੇ ਜਾ ਨਿਕਲਿਆ ਮੈਂ। (ਪੰਨਾ 96)

ਇਥੇ ਫੁੱਲਾਂ ਦੀ ਖੁਸ਼ਬੋ, ਬੱਚੇ ਦੀ ਮਿੱਠੀ ਦਾ ਸਵਾਦ ਤੇ ਹਵਾ ਦਾ ਫੱਕਣਾ ਨਿਸ਼ਚੇ ਹੀ ਗੰਧ ਬਿੰਬ ਹਨ ਜਿਨ੍ਹਾਂ ਦਾ ਅਨੁਭਵ ਸਾਡੇ ਨੱਕ ਨੂੰ ਹੁੰਦਾ ਹੈ।

ਮੋਹਨ ਸਿੰਘ ਨੇ ਬਿੰਬ ਉਸਾਰੀ ਤੋਂ ਹਰ ਪ੍ਰਕਾਰ ਦਾ ਕੰਮ ਲਿਆ ਹੈ। ਕਵੀ ਦਾ ਪ੍ਰਯੋਜਨ ਬਿੰਬਾਂ ਤੋਂ ਅਨੇਕ ਪ੍ਰਯੋਜਨਾਂ ਦੀ ਪ੍ਰਾਪਤੀ ਕਰਨਾ ਹੁੰਦਾ ਹੈ। ਮੋਹਨ ਸਿੰਘ ਅੰਦਰ ਬਿੰਬ ਗ੍ਰਹਿਣ ਕਰਨ ਦੀ ਸ਼ਕਤੀ ਬਹੁਤ ਹੀ ਵਿਸ਼ਾਲ ਕਿਸਮ ਦੀ ਹੈ। ਉਂਜ ਵੀ ਜੇ ਵੇਖਿਆ ਜਾਵੇ ਤਾਂ ਬਿੰਬ ਰਹਿਤ ਕਵਿਤਾ ਰਸ ਹੀਣ ਹਵਾਈ ਅਤੇ ਅਮੂਰਤ ਹੁੰਦੀ ਹੈ। ਬਿੰਬਾਂ ਦੇ ਕੁਸ਼ਲ ਪ੍ਰਯੋਗ ਨਾਲ ਅਭਿਵਿਅਕਤੀ ਹੋਰ ਸਸ਼ਕਤ ਹੋ ਕੇ ਨਿਖਰਦੀ ਤੇ ਅਸਰ-ਅੰਦਾਜ਼ ਹੁੰਦੀ ਹੈ। ਬਿੰਬਾਂ ਨਾਲ ਕਾਵਿ-ਕਲਾ ਵਿਚ ਗੌਰਵ, ਤੀਖਣਤਾ, ਸੰਗਠਨ, ਧੁਨੀਆਂ, ਗਤੀਆਂ, ਖੂਬਸੂਰਤੀਆਂ ਅਤੇ ਰੰਗੀਨੀਆਂ ਪੈਦਾ ਹੁੰਦੀਆਂ ਹਨ। ਮੋਹਨ ਸਿੰਘ ਦੀ ਬਿੰਬਾਵਲੀ ਸਦਕਾ ਇਹ ਸਾਰੇ ਗੁਣ 'ਸਾਵੇ ਪੱਤਰ' ਦੀਆਂ ਕਵਿਤਾਵਾਂ ਵਿਚ ਝਲਕਦੇ ਹਨ ਜਿਸ ਕਾਰਨ ਬੋਧ ਵਿਕਾਸ ਤੇ ਸੁਝਾਊ ਸ਼ਕਤੀ ਦਾ ਹੋਰ ਵਿਕਾਸ ਹੋਇਆ ਹੈ।

ਮੋਹਨ ਸਿੰਘ ਦੀ ਬਿੰਬਾਵਲੀ ਅਜਿਹੇ ਗੁਣਾਂ ਦੀ ਧਾਰਨੀ ਹੈ ਜਿਸ ਨੇ ਉਸ ਦੀ ਕਲਾ-ਅਭਿਵਿਅਕਤੀ ਨੂੰ ਸੁਹਜ ਪੂਰਨ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ। ਉਪਰੋਕਤ ਵਿਸ਼ਲੇਸ਼ਣ ਤੋਂ ਇਸ ਤੱਥ ਨੂੰ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਮੋਹਨ ਸਿੰਘ ਦੇ ਬਿੰਬਾਂ ਰਾਹੀਂ ਉਨ੍ਹਾਂ ਦੇ ਵਿਚਾਰ ਤੇ ਭਾਵ ਪੂਰੀ ਤਰ੍ਹਾਂ ਰੂਪਮਾਨ ਹੋਏ ਹਨ। ਉਨ੍ਹਾਂ ਦੇ ਬਿੰਬ ਵਿਧਾਨ ਦੀ ਕਾਮਯਾਬੀ ਦਾ ਰਾਜ਼, ਬਿੰਬਾਂ ਦਾ ਹਰ ਪਖੋਂ ਗੁਣ-ਯੁਕਤ ਹੋਣਾ ਹੈ। ਬਿੰਬਾਂ ਦੀ ਸਫ਼ਲਾ, ਉਤੇਜਨਾ, ਤੀਬਰਤਾ, ਨਵੀਨਤਾ ਅਤੇ ਵਿਅੰਜਨਤਾ ਉਪਰ ਆਧਾਰਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਮੋਹਨ ਸਿੰਘ ਦੇ ਬਿੰਬਾਂ ਦੀ ਚੋਣ ਦਾ ਆਧਾਰ ਸਮਾਜਕ ਜੀਵਨ, ਪ੍ਰਕ੍ਰਿਤੀ ਅਤੇ ਵਿਹਾਰ ਆਦਰਸ਼ਾਂ ਨੂੰ ਬਣਾਇਆ ਹੈ । ਚੋਣ ਖੇਤਰ ਦੀ ਇਸ ਵਿਵਿਧਤਾ ਅਤੇ ਵਿਸ਼ਾਲਤਾ ਸਦਕਾ ਹੀ ਮੋਹਨ ਸਿੰਘ ਆਪਣੇ ਅਨੁਭਵ ਨੂੰ ਕਲਾਤਮਕ ਸਮੰਜਸਤਾ ਦੇ ਸਕਣ ਵਿਚ ਕਾਮਯਾਬ ਹੋਇਆ ਹੈ ।

ਅ) ਪ੍ਰਤੀਕ ਚੇਤਨਾ

ਕਾਵਿ-ਕਲਾ ਤੇ ਚਰਚਾ ਕਰਦਿਆਂ ਅਗਲੀ ਵਿਚਾਰਨਯੋਗ ਗੱਲ ਮੋਹਨ ਸਿੰਘ ਦੀ ਪ੍ਰਤੀਕ-ਯੋਜਨਾ ਦੀ ਹੈ । 'ਸਾਵੇ ਪੱਤਰ' ਦੀ ਕਲਾ ਦੇ ਸੰਦਰਭ ਵਿਚ ਪ੍ਰਤੀਕਾਂ ਦਾ ਜ਼ਿਕਰ ਜ਼ਰੂਰੀ ਬਣਦਾ ਹੈ ਕਿਉਂਕਿ ਥਾਂ ਪੁਰ ਥਾਂ ਮੋਹਨ ਸਿੰਘ ਦੀ ਕਵਿਤਾ ਪ੍ਰਤੀਕਾਂ ਅਤੇ ਚਿੰਨ੍ਹਾਂ ਨਾਲ ਅਲੰਕ੍ਰਿਤ ਹੋਈ ਮਿਲਦੀ ਹੈ । ਕਵਿਤਾ ਵਿਚ ਪ੍ਰਤੀਕਾਂ ਦਾ ਪ੍ਰਯੋਗ ਕਵਿਤਾ ਵਿਚ ਵਿਲੱਖਣਤਾ ਹੀ ਪੈਦਾ ਨਹੀਂ ਕਰਦਾ ਸਗੋਂ ਵਸਤੂ ਦੇ ਲੁਪਤ ਅਰਥਾਂ ਨੂੰ ਸਮਝਣ ਦੀ ਯੋਗਿਤਾ ਵੀ ਪੈਦਾ ਕਰਦਾ ਹੈ । 'ਹਰ ਕਾਵਿ ਸਦਾ ਹੀ ਪ੍ਰਤੀਕਾਤਮਕ ਹੁੰਦਾ ਹੈ ਕਿਉਂਕਿ ਕਿਸੇ ਭਾਵਨਾ, ਤੱਥ ਜਾਂ ਖਿਆਲ ਦੀ ਯਥਾਰਥਕ ਵਸਤੂਆਂ ਦੁਆਰਾ ਕੀਤੀ ਗਈ ਅਪ੍ਰਤੱਖ ਅਭਿਵਿਅਕਤੀ ਜਿਹੜੀ ਉਨ੍ਹਾਂ ਦੇ ਨਾਲ ਮਿਲਦੀ ਜੁਲਦੀ ਹੁੰਦੀ ਹੈ ਉਹ ਭਾਸ਼ਾ ਦੇ ਅਸਲੀ ਸਰੂਪ ਦਾ ਇਕ ਹਿੱਸਾ ਪ੍ਰਤੀਤ ਹੁੰਦੀ ਹੈ ।[16] ਅਰਥ-ਬੋਧ ਦੇ ਤਤਕਾਲੀਨ ਪ੍ਰਤੱਖ ਹੋਣ ਵਿਚ ਜੇ ਵਿਘਨ ਪੈਂਦਾ ਹੈ ਤਾਂ ਪਾਠਕ ਜਾਂ ਸਰੋਤੇ ਦੀ ਕਾਵਿ ਪ੍ਰਤੀ ਦਿਲਚਸਪੀ ਮੱਧਮ ਪੈ ਜਾਣ ਕਾਰਨ ਕਾਵਿ ਦੋਸ਼ ਯੁਕਤ ਹੋ ਜਾਂਦਾ ਹੈ ਇਸ ਲਈ ਪ੍ਰਤੀਕ ਦੀ ਸਿਰਜਣਾ ਸਮੇਂ ਕਵੀ ਨੂੰ ਚੌਕਸ ਰਹਿਣ ਦੀ ਲੋੜ ਹੈ ਕਿ ਉਹ ਕਵਿਤਾ ਵਿਚ ਅਜਿਹੇ ਪ੍ਰਤੀਕਾਂ ਦਾ ਪ੍ਰਯੋਗ ਕਰੇ ਜੋ ਸਾਡੇ ਲਈ ਜਾਣੇ-ਪਛਾਣੇ ਹੋਣ । ਓਪਰੇ ਤੇ ਅਣ-ਪਛਾਤੇ ਪ੍ਰਤੀਕ ਕਵਿਤਾ ਦੇ ਆਨੰਦ ਨੂੰ ਬੇਸੁਆਦ ਕਰ ਸਕਦੇ ਹਨ ।

ਪ੍ਰਤੀਕ ਕਾਵਿ ਦੀ ਉਹ ਪ੍ਰਗਟਾ ਵਿਧੀ ਹੁੰਦੇ ਹਨ ਜਿਸ ਰਾਹੀਂ ਜੀਵਨ ਦੇ ਬੌਧਿਕ ਸਦਾਚਾਰਕ ਤੇ ਭਾਵੁਕ ਅਰਥ ਜਾਂ ਕੀਮਤਾਂ ਨੂੰ ਪ੍ਰਗਟਾਇਆ ਹੁੰਦਾ ਹੈ । ਅਭਿਵਿਅਕਤੀ ਦੀ ਸੁਹਜ-ਸਮਰੱਥਾ ਪ੍ਰਤੀਕਾਂ ਉੱਤੇ ਹੀ ਨਿਰਭਰ ਕਰਦੀ ਹੈ। ਪ੍ਰਤੀਕਾਂ ਦੇ ਸਰੂਪ ਸੰਬੰਧੀ ਸਭ ਤੋਂ ਪਹਿਲਾਂ ਪੱਛਮੀ ਸਾਹਿਤਕਾਰਾਂ ਨੇ ਵਿਚਾਰ ਚਰਚਾ ਅਰੰਭ ਕੀਤੀ । ਭਾਰਤੀ ਸਾਹਿਤ ਵਿਚ ਪ੍ਰਤੀਕਾਂ ਦਾ ਜ਼ਿਕਰ ਅਲੰਕਾਰਾਂ ਦੇ ਅੰਤਰਗਤ ਹੀ ਅਸਿਧੇ ਰੂਪ ਵਿਚ ਕੀਤਾ ਗਿਆ ਹੈ। ਇਨ੍ਹਾਂ ਸਬੰਧੀ ਸਿਧੀ ਵਿਚਾਰ ਚਰਚਾ ਕੇਵਲ ਆਧੁਨਿਕ ਯੁਗ ਵਿਚ ਹੀ ਸੰਭਵ ਹੋਈ ਹੈ ।

ਅਮੂਰਤ ਦਾ ਮੂਰਤ ਦੁਆਰਾ ਪ੍ਰਸਤੁਤੀਕਰਣ ਹੀ ਪ੍ਰਤੀਕ ਹੈ । ਇਸ ਲਈ ਮਨੁੱਖ ਦੀ ਭਾਸ਼ਾ ਤੇ ਪ੍ਰਗਟਾਓ ਦੀ ਆਮ ਬੋਲੀ ਨਾਲ ਪ੍ਰਤੀਕਾਂ ਦਾ ਗੂੜ੍ਹਾ ਸੰਬੰਧ ਹੈ । 'ਪ੍ਰਤੀਕ' ਸ਼ਬਦ ਦਾ ਪ੍ਰਯੋਗ ਉਸ ਦ੍ਰਿਸ਼ਟ ਵਸਤੂ ਦੇ ਲਈ ਹੁੰਦਾ ਹੈ ਜੋ ਦਿਮਾਗ ਦੇ ਸਮੁੱਖ ਕਿਸੇ ਅਪ੍ਰਸਤੁਤ ਵਸਤੂ ਦੀ ਦ੍ਰਿਸ਼ਟਮਾਨਤਾ ਨੂੰ ਆਪਣੇ ਸੰਬੰਧ ਸੂਤਰਾਂ ਦੁਆਰਾ ਪ੍ਰਸਤੁਤ ਕਰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ।[17] ਇਸ ਲਈ ਪ੍ਰਤੀਕ ਕਿਸੇ ਅਦ੍ਰਿਸ਼ਟ ਸੱਤਾ ਦਾ ਮੂਰਤੀਕਰਣ ਹੋਇਆ ਜੋ ਆਪਣੇ ਸੰਬੰਧ ਜਾਂ ਪਰੰਪਰਾ ਦੁਆਰਾ ਆਕਾਰ ਗ੍ਰਹਿਣ ਕਰਦਾ ਹੈ। ਭਾਰਤੀ ਆਲੋਚਕਾਂ ਦੀ ਪ੍ਰਤੀਕਾਂ ਸੰਬੰਧੀ ਕੋਈ ਨਵੀਂ ਵਿਆਖਿਆ ਦਾ ਨਾ ਹੋਣਾ ਪੱਛਮੀ ਆਲੋਚਕਾਂ ਦੇ ਵਿਚਾਰਾਂ ਨੂੰ ਹੀ ਕਬੂਲ ਕਰ ਲੈਣਾ ਹੈ। ਪ੍ਰਤੀਕਾਂ ਰਾਹੀਂ ਕਵੀ ਪ੍ਰਤੱਖ ਤੋਂ ਅਪ੍ਰਤੱਖ ਵੱਲ ਅਤੇ ਸਥੂਲ ਤੋਂ ਸੂਖਮ ਵੱਲ ਚਲਦਾ ਹੈ ਜਿਸ ਕਾਰਣ ਕਵਿਤਾ ਵਿਚ ਨਰੋਈ ਸਾਰਥਕਤਾ ਦਾ ਪ੍ਰਵੇਸ਼ ਹੋ ਜਾਣਾ ਸੁਭਾਵਕ ਹੈ।

ਪ੍ਰਤੀਕ ਅੰਗ੍ਰੇਜ਼ੀ ਸ਼ਬਦ Symbol ਦਾ ਪਰਯਾਇਵਾਚੀ ਸ਼ਬਦ ਹੈ। ਡਾ. ਨਿਤਯਨੰਦ ਸ਼ਰਮਾ ਅਨੁਸਾਰ 'ਅਣਡਿਠ, ਗੈਰ ਹਾਜ਼ਰ ਅਤੇ ਅਣ-ਮਹਿਸੂਸੇ ਦੀ ਪ੍ਰਤੀਨਿਧਤਾ ਕਰਨ ਵਾਲੀ ਉਸ ਦ੍ਰਿਸ਼ਟ ਹਾਜ਼ਰ ਅਤੇ ਅਨਭਵ ਯੋਗ ਵਸਤੂ ਨੂੰ ਪ੍ਰਤੀਕ ਆਖਦੇ ਹਨ ਜਿਹੜੀ ਸਮਾਂ ਤੇ ਸਭਿਆਚਾਰਕ ਰਹੁ ਰੀਤਾਂ ਦੇ ਸਦਕਾ ਚਿਰ ਕਾਲ ਤੋਂ ਜਾਣੀ ਪਛਾਣੀ ਹੋਣ ਕਰਕੇ ਸਾਡੇ ਮਨਾਂ ਵਿਚ ਤਿੱਖੀ ਭਾਵਨਾ ਨੂੰ ਪੈਦਾ ਕਰਦੀ ਹੈ।'[18]

ਪ੍ਰਤੀਕ ਕਲਾ ਦਾ ਜ਼ਰੂਰੀ ਅੰਗ ਹਨ ਜੋ ਦਿਸਦੇ ਦੀ ਪ੍ਰਤੀਨਿਧਤਾ ਕਰਦੇ ਤੇ ਮਨ ਵਿਚ ਕੋਈ ਭਾਵਨਾ ਉਪਜਾਂਦੇ ਹਨ। ਪ੍ਰਤੀਕਾਂ ਦੇ ਸਮੇਂ, ਸਥਾਨ ਤੇ ਸਭਿਆਚਾਰ ਦੀ ਛਾਪ ਹੁੰਦੀ ਹੈ ਜੋ ਬਾਅਦ ਵਿਚ ਰੂੜ੍ਹ ਅਰਥਾਂ ਵਿਚ ਸਥਾਪਿਤ ਹੋ ਜਾਂਦੇ ਹਨ। ਕਵੀ ਸਦੀਆਂ ਤੋਂ ਪ੍ਰਚਲਿਤ ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਕਰਦੇ ਹਨ ਅਤੇ ਆਪਣੇ ਅਨੁਭਵ ਜਗਤ ਦੇ ਤਜ਼ਰਬੇ ਦੇ ਆਧਾਰ ਉਤੇ ਕਈ ਸ਼ਬਦਾਂ ਨੂੰ ਨਵੇਂ ਪ੍ਰਤੀਕਾਤਮਕ ਅਰਥ ਵੀ ਪ੍ਰਦਾਨ ਕਰਦੇ ਹਨ। ਮੋਹਨ ਸਿੰਘ ਨੇ ਪ੍ਰਚਲਿਤ ਪ੍ਰਤੀਕਾਂ ਦੇ ਨਾਲ ਨਾਲ ਅਜਿਹੇ ਪ੍ਰਤੀਕਾਂ ਦਾ ਪ੍ਰਯੋਗ ਵੀ ਕੀਤਾ ਹੈ ਜਿਸ ਸਦਕਾ ਕਵਿਤਾ ਦੀ ਸ਼ੈਲੀ ਤੇ ਅਭਿਵਿਅਕਤੀ ਵਿਚ ਹੋਰ ਨਿਖਾਰ ਆਇਆ ਹੈ।

ਪ੍ਰਤੀਕਾਂ ਦਾ ਪ੍ਰਯੋਗ ਕਵੀ ਦੀ ਸ਼ਕਤੀ ਅਤੇ ਉਸ ਦੀ ਰੁਚੀ ਦੀ ਸਮਰੱਥਾ ਉੱਤੇ ਨਿਰਭਰ ਹੁੰਦਾ ਹੈ। ਪ੍ਰਤੀਕ ਅਨੇਕ ਪ੍ਰਕਾਰ ਦੇ ਹੁੰਦੇ ਹਨ। ਡਾ. ਭਗੀਰਥ ਮਿਸ਼੍ਰ ਨੇ ਪ੍ਰਤੀਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ[19] :

1. ਪ੍ਰਾਕ੍ਰਿਤਕ ਪ੍ਰਤੀਕ
2. ਸਾਂਸਕ੍ਰਿਤਕ ਪ੍ਰਤੀਕ
3. ਇਤਿਹਾਸਕ ਪ੍ਰਤੀਕ
4. ਜੀਵਨ ਵਪਾਰ-ਸੰਬੰਧੀ ਪ੍ਰਤੀਕ
5. ਸ਼ਾਸ਼ਤਰੀ ਪ੍ਰਤੀਕ।

ਮੋਹਨ ਸਿੰਘ ਪ੍ਰਤੀਕ ਯੋਜਨਾ ਵਿਚ ਇਕ ਸਿਧ-ਹਸਤ ਕਲਾਵੰਤ ਕਵੀ ਹਨ ਜਿਨ੍ਹਾਂ ਪਰੰਪਰਾਗਤ ਤੇ ਵਿਅਕਤੀਗਤ ਪ੍ਰਤੀਕਾਂ ਤੋਂ ਬਿਨਾਂ ਇਤਿਹਾਸਕ ਪ੍ਰਤੀਕ ਵੀ ਪ੍ਰਯੋਗ ਕੀਤੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰੰਪਰਾਗਤ ਪ੍ਰਤੀਕ

ਰੂੜ੍ਹ ਪ੍ਰਤੀਕਾਂ ਦਾ ਪ੍ਰਥਮ ਰੂਪ ਪਰੰਪਰਾਗਤ ਹੈ। ਮੁਢਲੇ ਪੜਾਅ 'ਚ ਜਦੋਂ ਉਸ ਰੁਮਾਂਟਕ ਭਾਵਪੂਰਤ ਕਵਿਤਾਵਾਂ ਲਿਖੀਆਂ ਤਾਂ ਸ਼ਿੰਗਾਰਕ ਪ੍ਰਤੀਕਾਂ ਦੀ ਸਿਰਜਣਾ ਕੀਤੀ। ਮਿਥਿਹਾਸਕ ਪਾਤਰਾਂ ਰਾਹੀਂ ਆਪਣੀ ਚੇਤਨਤਾ ਦੇ ਪ੍ਰਗਟਾਅ ਲਈ ਪ੍ਰਤੀਕ ਬਣਾ ਕੇ ਵਰਤਣ ਦਾ ਸਫ਼ਲ ਯਤਨ ਕੀਤਾ ਹੈ। ਇਸੇ ਭਾਵਧਾਰਾ ਅਧੀਨ ਉਹ ਕੁਝ ਰੂੜ੍ਹੀਗਤ ਤੇ ਮਿਥਿਹਾਸਕ ਪ੍ਰਤੀਕਾਂ ਨੂੰ ਨਵੀਨ ਅਰਥ ਪ੍ਰਦਾਨ ਕਰਨ ਵਿਚ ਕਾਮਯਾਬੀ ਪ੍ਰਾਪਤ ਕਰ ਗਿਆ ਹੈ। ਝਨਾਂ, ਸ਼ਾਮ, ਕੁਬਜਾਂ, ਮਿਹਰਾਂ, ਸ਼ਕਰਲਬ ਆਦਿ ਨਵੇਂ ਅਰਥ ਵੰਡ ਦੇ ਮਿਥਿਹਾਸਕ ਤੇ ਇਤਿਹਾਸਕ ਪ੍ਰਤੀਕ ਹਨ :

ਸ਼ਾਮ ਫਸ ਕੇ ਕੁਬਜਾਂ ਦੇ ਪ੍ਰੇਮ ਅੰਦਰ,
ਦਿਤਾ ਰਾਧਕਾ ਤਾਈਂ ਵਿਸਾਰ, ਚੰਨਾਂ!
ਜਹਾਂਗੀਰ ਨੂੰ ਭੁਲੀ ਅਨਾਰਕਲੀ,
ਜਦੋਂ ਮਿਹਰਾਂ ਨੇ ਕੀਤਾ ਸ਼ਿਕਾਰ, ਚੰਨਾਂ!
ਖੁਸਰੋ ਭੁਲ ਕੇ ਸ਼ੀਰੀਂ ਦੀ ਸ਼ਕਲ ਮਿੱਠੀ,
'ਸ਼ਕਰਲਬ' ਤੇ ਹੋਇਆ ਨਿਸਾਰ, ਚੰਨਾ!
ਸੱਸੀ ਸੁਤੜੀ ਨੂੰ ਧੋਖਾ ਦੇ ਪੁੰਨੂ,
ਗਿਆ ਹੋਤਾਂ ਦੇ ਨਾਲ ਸਿਧਾਰ, ਚੰਨਾ! (ਪੰਨਾ 37)

ਮਧਕਾਲੀਨ ਸਾਹਿਤ ਦੇ ਪਰੰਪਰਾਗਤ ਕਿਸਮ ਦੇ ਸਲੇਟੀ, ਸੱਸੀ-ਪੁੰਨੂ, ਸੋਹਣੀ-ਮਹੀਂਵਾਲ ਆਦਿ ਹਕੀਕੀ ਇਸ਼ਕ ਪ੍ਰਗਟਾਉਂਦੇ ਪ੍ਰਤੀਕਾਂ ਨੂੰ ਮੋਹਨ ਸਿੰਘ ਨਵੇਂ ਸੰਦਰਭ ਵਿਚ ਪ੍ਰਯੋਗ ਕਰਦਾ ਹੈ :

ਆਕੇ ਕਿਸੇ ਸਲੇਟੀ ਦੀ ਯਾਦ ਬਹਿ ਗਈ,
ਮੇਰੇ ਦਿਲ ਦੇ ਤਖ਼ਤ ਹਜ਼ਾਰੇ ਉਤੇ।
ਅੱਖਾਂ ਮੇਰੀਆਂ ਵਿਚੋਂ ਝਨਾਂ ਫੁਟ ਪਈ
ਕਿਸੇ 'ਸੋਹਣੀ' ਦੇ ਇਕੋ ਇਸ਼ਾਰੇ ਉੱਤੇ। (ਪੰਨਾ 36)

ਲੱਖਾਂ ਸੱਸੀਆਂ ਮਰ ਗਈਆਂ ਥਲਾਂ ਅੰਦਰ
ਤੇਰੀ ਡਾਚੀ ਦਾ ਅਜੇ ਨਾ ਖੁਰਾ ਲੱਭਾ। (ਪੰਨਾ 17)

ਪਰੰਪਰਾਗਤ ਤੇ ਮਿਥਿਹਾਸਕ ਪ੍ਰਤੀਕਾਂ ਦੀ ਵਰਤੋਂ ਦੇ ਨਾਲ ਹੀ ਮੋਹਨ ਸਿੰਘ ਨੇ ਮੁਢ ਤੋਂ ਹੀ ਆਤਮਾ ਅਭਿਵਿਅਕਤੀ ਲਈ ਮੌਲਿਕ ਪ੍ਰਤੀਕਾਂ ਦੀ ਸਿਰਜਣਾ ਲਈ ਵੀ ਅਨੇਕ ਯਤਨ ਕੀਤੇ। ਕਿਸੇ ਪੁਸਤਕ ਦਾ ਨਾਮਕਰਣ ਵੀ ਉਂਜ ਹੀ ਮਹਿਜ ਪਰੰਪਰਾ ਪਾਲਣ ਦੀ ਰਸਮ ਅਦਾਇਗੀ ਮਾਤਰ ਨਹੀਂ ਸਗੋਂ ਪੂਰੀ ਸਿਰਜਣ ਪ੍ਰਕ੍ਰਿਆ ਨਾਲ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਗੂੜ੍ਹਾ ਸੰਬੰਧ ਹੈ। 'ਸਾਵੇ-ਪੱਤਰ' ਨਾਂ ਵੀ ਬਹੁ ਅਰਥਕ ਤੇ ਵਿਆਪਕ ਪ੍ਰਤੀਕ ਹੈ। ਸਾਵੇ-ਪੱਤਰ ਨਵੀਂ ਨਵੇਲੀ ਕੱਚੜੀ ਤੇ ਪਹਿਲ ਵਰੇਸੀ ਉਮਰ ਦੀ ਹੋਣਹਾਰ ਕਵਿਤਾ ਦਾ ਪ੍ਰਤੀਕਾਤਮਕ ਨਾਮਕਰਣ ਹੈ :

ਅਸੀਂ ਨਿਮਾਣੇ ਸਾਵੇ ਪੱਤਰ,
ਸਾਨੂੰ ਕੌਣ ਖ਼ਿਆਲੇ।
ਦੋ ਦਿਨ ਛਾਂ ਫੁੱਲਾਂ ਦੀ ਸੁਤੇ
ਲਾਗੇ ਸਾਡੇ ਤਾਲੇ।
ਸੋਹਣੇ ਤੇ ਗੁਲਦਸਤੇ ਖ਼ਾਤਿਰ,
ਜਾਣ ਜਦੋਂ ਉਹ ਲੱਗੇ।
ਖਾਕੇ ਤਰਸ ਅਸਾਂ ਉਤੇ ਵੀ
ਲੈ ਗਏ ਸਾਨੂੰ ਨਾਲੇ। (ਪੰਨਾ 15)

ਕਵੀ ਇਸ ਸੰਸਾਰ ਤੋਂ ਤੰਗ ਆ ਕੇ ਇਸ ਨੂੰ ਛੱਡ ਦੇਣਾ ਚਾਹੁੰਦਾ ਹੈ। ਉਹ ਇਸ ਨੂੰ 'ਸੋਨੇ ਲੱਦੀ ਪਰੀ' ਅਤੇ 'ਚੂੜੇ ਵਾਲੀ ਕੁੜੀ' ਆਦਿ ਦੇ ਆਧੁਨਿਕ ਪ੍ਰਤੀਕਾਂ ਵਿਚ ਪ੍ਰਯੋਗ ਕਰਕੇ ਇਸ ਸੰਸਾਰ ਨੂੰ ਬੁਰਾ ਗਰਦਾਨਦਾ ਹੈ।

ਗੁਰੂ ਨਾਨਕ ਸਾਹਿਬ, ਈਸਾ, ਹਸਨ ਹੁਸੈਨ ਅਤੇ ਸ੍ਰੀ ਰਾਮ ਚੰਦਰ ਆਦਿ ਧਾਰਮਿਕ ਆਗੂਆਂ ਦੇ ਪ੍ਰਤੀਕ ਆਧੁਨਿਕ ਯੁਗ ਵਿਚ ਧਰਮ ਦੇ ਨਾਂ ਉਤੇ ਹੋ ਰਹੇ ਪਾਖੰਡਵਾਦ ਦਾ ਪਰਦਾ-ਫ਼ਾਸ਼ ਕਰਦੇ ਹਨ ਜੋ ਸਾਊ ਲੋਕਾਂ ਪ੍ਰਤੀ ਸਹਾਨੁਭੂਤੀ ਉਪਜਾਂਦੇ ਤੇ ਸੋਹਣੇ ਸਮਾਜ ਦੀ ਕਲਪਨਾ ਕਰਦੇ ਹਨ :

'ਈਸਾ' ਵਰਗੇ ਸੂਲੀ ਚੜ੍ਹਦੇ,
'ਹਸਨ ਹੁਸੈਨ' ਪਿਆਸੇ ਮਰਦੇ,
'ਨਾਨਕ' ਵਰਗੇ ਚੱਕੀਆਂ ਪੀਂਹਦੇ,
ਰਾਮ ਜਿਹੇ ਬਨਵਾਸੀ ਥੀਂਦੇ। (ਪੰਨਾ 30)

ਮੋਹਨ ਸਿੰਘ ਦੀ ਕਾਵਿ-ਕਲਾ ਵਿਚ ਵੰਨ ਸੁਵੰਨੇ ਪ੍ਰਤੀਕਾਂ ਦਾ ਪ੍ਰਯੋਗ ਉਸ ਦੀ ਕਵਿਤਾ ਦੇ ਅਰਥਾਂ ਨੂੰ ਹੋਰ ਪ੍ਰਬੁਧ ਬਣਾਉਂਦਾ ਹੈ ਤੇ ਬੌਧਿਕ ਤੇ ਯਥਾਰਥਕ ਵਸਤੂ ਨੂੰ ਹੋਰ ਸੁਹਜਮਈ ਤੇ ਕਲਾ ਯੁਕਤ ਬਣਾਉਂਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ-ਲੋਕ**, ਪੰਨਾ 191.
2. A. Macleish, *Poetry and Experience*, p. 55.
3. **ਪੰਜਾਬੀ ਸਾਹਿਤ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ :80.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. Joan Bennet, *Five Metaphysical Poets*, p. 31.
5. Robin Skelton, *The Poetic Pattern*, p. 90.
6. C. D. Lewis, *The Poetic Image*, p. 18.
7. Robin Skelton, *The Poetic Pattern*, p. 91.
8. I. A. Richards, *Princepalses of Literary Criticism*, p. 119.
9. ਕਰਨਜੀਤ ਸਿੰਘ, **ਮੋਹਨ ਸਿੰਘ ਕਾਵਿ-ਅਧਿਐਨ**, ਪੰਨਾ 116.
10. ਗੁਰਚਰਨ ਸਿੰਘ ਮਹਿਤਾ, **ਭਾਈ ਵੀਰ ਸਿੰਘ ਦੀ ਕਵਿਤਾ**, ਪੰਨਾ 359.
11. Robin Skelton, *The Poetic Pattern*, p 91.
12. ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ-ਲੋਕ**, ਪੰਨਾ 195.
13. ਉਹੀ, ਪੰਨਾ 196.
14. I. A. Richards, *Princepalses of Literary Criticism*, p. 106.
15. ਨਗੇਂਦਰ, **ਕਾਵਯ ਬਿੰਬ**, ਪੰਨਾ 9.
16. *The Concise Encyclopeedia of English and American Poets and Poetry*, p. 323.
17. Arthur Symons, *The Symbolist Movement in Literature*, p. 75.
18. ਨਿਤਿਆ ਨੰਦ ਸ਼ਰਮਾ, **ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕ ਵਿਧਾਨ**, ਪੰਨਾ 21.
19. ਭਗੀਰਥ ਮਿਸ੍ਰ, **ਕਾਵਯ ਸ਼ਾਸਤ੍ਰ**, ਪੰਨਾ 257.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8.

ਭਾਸ਼ਾ ਤੇ ਸ਼ੈਲੀ

ਭਾਸ਼ਾ ਦਾ ਸਵਾਲ ਸਾਹਿਤ ਤੇ ਜੀਵਨ ਨਾਲ ਸਿੱਧਾ ਜੁੜਿਆ ਹੋਣ ਕਾਰਣ ਸਦਾ ਹੀ ਮਹੱਤਵਪੂਰਣ ਰਿਹਾ ਹੈ। ਕਵਿਤਾ ਤੋਂ ਪਹਿਲਾਂ, ਕਵਿਤਾ ਦੇ ਸਮੇਂ ਅਤੇ ਕਵਿਤਾ ਤੋਂ ਬਾਅਦ ਦੇ ਪ੍ਰਭਾਵ ਨੂੰ ਮੱਦੇ ਨਜ਼ਰ ਰਖਦਿਆਂ ਅੱਜ ਕਵੀ ਲਈ ਇਹ ਸਵਾਲ ਚੁਨੌਤੀ ਤਾਂ ਹੈ ਹੀ ਨਾਲ ਦੀ ਨਾਲ ਉਸ ਦੀ ਪੂਰੀ ਸਮਝਦਾਰੀ ਅਤੇ ਸਮਰੱਥਾ ਨੂੰ ਪਰਖਣ ਦਾ ਅਵਸਰ ਵੀ ਦੇ ਰਿਹਾ ਹੈ। ਪੁਰਾਣੀਆਂ ਸਥਿਤੀਆਂ ਬਦਲ ਗਈਆਂ ਹਨ ਜਿਸ ਦੇ ਨਤੀਜੇ ਵਜੋਂ ਕਵੀ ਨੂੰ ਆਪਣੀ ਕਵਿਤਾ ਲਈ ਇਕ ਨਵੀਂ ਭਾਸ਼ਾ, ਨਵੇਂ ਬੋਧ ਤੇ ਨਵੇਂ ਰਚਨਾ ਸੰਸਕਾਰ ਦੀ ਤਲਾਸ਼ ਹੈ ਜਿਸ ਲਈ ਵਿਚਾਰਕ ਪ੍ਰਤੀਬੱਧਤਾ ਤੇ ਜਨ ਭਾਸ਼ਾ ਦੇ ਨਾਲ ਵੱਧ ਤੋਂ ਵੱਧ ਜੁੜਨ ਦੀ ਕਾਵਿ-ਚੇਤਨਾ ਲਈ ਜ਼ਰੂਰੀ ਬਣ ਗਿਆ ਹੈ।

ਹਰ ਪੀੜ੍ਹੀ ਦੇ ਕਵੀਆਂ ਦੀ ਕਵਿਤਾ ਤੇ ਆਲੋਚਕਾਂ ਨੇ ਵਿਚਾਰ ਕੀਤਾ ਹੈ ਤੇ ਇਹ ਵਿਚਾਰ ਹੁਣ ਵੀ ਹੁੰਦਾ ਰਹਿੰਦਾ ਹੈ। 'ਭਾਸ਼ਾ ਕਵਿਤਾ ਦੀ ਗਿਆਨ ਇੰਦਰੀ ਹੈ।'[1] ਭਾਵ ਕਾਵਿ ਦੀ ਆਤਮਾ ਹੈ ਤੇ ਭਾਸ਼ਾ ਉਸ ਦਾ ਸਰੀਰ।[2] ਕਾਵਿ-ਰੂਪ ਵਿਚ ਭਾਸ਼ਾ ਦਾ ਉਹੀ ਸਥਾਨ ਹੈ ਜੋ ਵਸਤੂ ਕਲਾ ਵਿਚ ਇੱਟ ਤੇ ਪੱਥਰ ਦਾ ਤੇ ਚਿਤਰ-ਕਲਾ ਵਿਚ ਰੇਖਾ ਜਾਂ ਰੰਗ ਦਾ। ਭਾਸ਼ਾ ਕਵਿਤਾ ਦਾ ਮੁੱਖ ਆਧਾਰ ਤਾਂ ਹੈ ਪਰ ਇਸ ਨੂੰ ਕਾਵਿ-ਰੂਪ ਦਾ ਪਰਯਾਇ-ਵਾਚੀ ਨਹੀਂ ਕਹਿ ਸਕਦੇ। ਦਰਅਸਲ ਭਾਸ਼ਾ ਹੀ ਲੇਖਕ ਦੀ ਅਭਿਵਿਅਕਤੀ ਦੇ ਸੰਪ੍ਰੇਸ਼ਣ ਦਾ ਮਾਧਿਅਮ ਹੈ। ਕਾਵਿ ਵਿਚ ਭਾਸ਼ਾ ਸੰਬੰਧੀ 'ਰੀਵਜ਼' ਦਾ ਕਥਨ ਹੈ ਕਿ ਕਾਵਿ ਇਕ ਭਾਸ਼ਾ ਹੈ—ਕਾਵਿ ਵਿਚ ਖਿਆਲ ਤਾਂ ਹੋ ਸਕਦੇ ਹਨ ਪਰ ਕਾਵਿ-ਖ਼ਿਆਲ ਨਹੀਂ ਹੈ। ਕਾਵਿ ਕਿਸੇ ਕਹਾਣੀ ਦਾ ਬਿਆਨ ਤਾਂ ਕਰ ਸਕਦਾ ਹੈ ਪਰ ਇਹ ਕਹਾਣੀ ਨਹੀਂ ਹੈ। ਕਾਵਿ ਮਨੁੱਖੀ ਜਜ਼ਬਿਆਂ ਦੀ ਸਾਰੀ ਵੰਨ-ਸੁਵੰਨਤਾ ਨੂੰ ਵਰਣਨ ਕਰ ਸਕਦਾ ਹੈ ਪਰੰਤੂ ਜਦੋਂ ਤਕ ਭਾਸ਼ਾ ਸਸ਼ਕਤ, ਤਾਜ਼ੀ ਅਤੇ ਅਦਭੁਤ ਨਹੀਂ ਹੈ, ਇਹ ਜਜ਼ਬੇ ਧੁੰਧਲੇ ਧੁੰਧਲੇ ਰਹਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਪ੍ਰਭਾਵਹੀਨ ਹੋ ਜਾਂਦੇ ਹਨ। ਇਸ ਲਈ ਸਸ਼ਕਤ, ਨਿੱਤ-ਸੱਜਰੀ ਤੇ ਚਮਤਕਾਰੀ ਭਾਸ਼ਾ ਦਾ ਨਾਂ ਹੀ ਕਾਵਿ ਹੈ।[3] ਇਸੇ ਵਿਚਾਰ ਨੂੰ ਜਾਰੀ ਰਖਦਿਆਂ ਜੇਮਜ਼ ਰੀਵਜ ਅਗੇ ਜਾਕੇ ਲਿਖਦਾ ਹੈ ਕਿ 'ਕਾਵਿ ਭਾਸ਼ਾ, ਦੀ ਤਾਜ਼ਗੀ ਤੇ ਮੌਲਿਕਤਾ ਤੋਂ ਬਗੈਰ ਕੋਈ ਵੀ ਕਵੀ ਸਦੀਵੀ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ।'[4] ਕਾਵਿ-ਸਿਰਜਣਾ ਅਤੇ ਸੰਚਾਰ ਦਾ ਮਾਧਿਅਮ ਭਾਸ਼ਾ ਹੈ। ਕਵੀ ਦਾ ਅਨੁਭਵ, ਵਿਚਾਰ, ਭਾਵਨਾ ਕਾਵਿ ਰੂਪ ਵਿਚ ਢਲਣ ਤੋਂ ਪਹਿਲਾਂ ਅਮੂਰਤ ਹੁੰਦਾ ਹੈ। ਕਵੀ ਦਾ ਲਕਸ਼ ਅਮੂਰਤ ਨੂੰ ਸਮੂਰਤ ਕਰਨਾ ਹੈ। ਅਮੂਰਤ ਨੂੰ ਸਾਕਾਰਆਤਮਕ ਰੂਪ ਦੇਣ ਲਈ ਉਹ ਕਾਲਪਨਿਕ ਸ਼ਕਤੀ ਰਾਹੀਂ ਕਾਲਪਨਿਕ ਜਗਤ ਦੀ ਉਸਾਰੀ ਕਰਦਾ ਹੈ। ਕਾਲਪਨਿਕ ਜਗਤ ਦੀ ਉਸਾਰੀ ਵੀ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਹੁੰਦੀ ਹੈ।

ਕਵੀ ਆਪਣੇ ਅਨੁਭਵ ਨੂੰ ਸਿਧੇ ਤਰੀਕੇ ਰਾਹੀਂ ਪ੍ਰਗਟ ਨਹੀਂ ਕਰਦਾ। ਲੋੜੀਂਦੀ ਭਾਸ਼ਾ ਦੀ ਅਣਹੋਂਦ ਕਾਰਨ ਕਈ ਵਾਰ ਵੱਡੇ ਵੱਡੇ ਕਵੀਆਂ ਦੇ ਖਿਆਲ ਦੇ ਸੰਚਾਰ ਦੀ ਸਮੱਸਿਆ ਦਾ ਸਵਾਲ ਉਤਪੰਨ ਹੋ ਜਾਂਦਾ ਹੈ। ਅਜਿਹੀ ਸਮੱਸਿਆ ਸਮੇਂ ਕਵਿਤਾ ਕੁਝ ਵੀ ਕਮਿਊਨਿਕੇਟ ਕਰਨ ਦੇ ਸਮਰੱਥ ਨਹੀਂ ਰਹਿੰਦੀ। ਕਵੀ ਦੀ ਭਾਸ਼ਾ ਆਮ ਜ਼ੁਬਾਨ ਤੋਂ ਇਨ੍ਹਾਂ ਅਰਥਾਂ ਵਿੱਚ ਭਿੰਨ ਹੁੰਦੀ ਹੈ ਕਿ ਉਹ ਭਾਸ਼ਾ ਦਾ ਪ੍ਰਯੋਗ ਉਨ੍ਹਾਂ ਲੇਖਕਾਂ ਦੇ ਮੁਕਾਬਲੇ ਤੇ ਨਿਵੇਕਲੇ ਢੰਗ ਨਾਲ ਕਰਦਾ ਹੈ ਜਿਹੜੇ ਸਿਰਫ਼ ਸਥੂਲ ਸੂਚਨਾਵਾਂ ਦੱਸਣ ਲਈ ਹੀ ਲਿਖਦੇ ਹਨ। ਕਾਵਿ-ਭਾਸ਼ਾ ਤੇ ਆਮ ਬੋਲ ਚਾਲ ਦੀ ਭਾਸ਼ਾ ਵਿਚ ਅੰਤਰ ਹੁੰਦਾ ਹੈ। ਕਾਵਿ ਭਾਸ਼ਾ ਕਵੀ ਦੀ ਨਿੱਜੀ ਰੰਗਣ ਵਾਲੀ, ਉਤੇਜਨਾ ਮੂਲਕ (evocative) ਹੁੰਦੀ ਹੈ। ਸਾਹਿਤ ਰਚਨਾ ਦੀ ਸਫਲਤਾ ਭਾਸ਼ਾ ਦੀ ਜਿੱਤ ਨਹੀਂ ਭਾਸ਼ਾ ਉੱਤੇ ਜਿੱਤ ਹੈ। ਭਾਸ਼ਾ ਉੱਤੇ ਵਿਜੈ ਦਾ ਮਤਲਬ ਭਾਸ਼ਾ ਦੇ ਬੌਧਿਕ ਪ੍ਰਯੋਗ ਤੋਂ ਹੈ।[5]

ਮੋਹਨ ਸਿੰਘ ਦੀ ਕਾਵਿ-ਚੇਤਨਾ ਦੇ ਪ੍ਰਸੰਗ ਵਿਚ ਉਸ ਦੀ ਕਾਵਿ-ਭਾਸ਼ਾ ਦਾ ਵਿਧੀਵਤ ਅਧਿਐਨ ਕਰਨਾ ਬਣਦਾ ਹੈ। ਇਸ ਦੇ ਕਾਵਿ ਦੀ ਭਾਸ਼ਾ ਦੀ ਮੂਲ ਆਧਾਰ ਭੂਮੀ ਕੇਂਦਰੀ ਪੰਜਾਬੀ ਹੈ ਪਰ 'ਸਾਵੇ ਪੱਤਰ' ਦੇ ਮੁਢਲੇ ਪੜਾਅ 'ਚ ਤਾਂ ਉਸ ਦੀ ਬੋਲੀ ਵਿੱਚ ਉਪ-ਭਾਸ਼ਾ ਪੋਠੋਹਾਰੀ ਦੇ ਸ਼ਬਦਾਂ ਦੀ ਵੀ ਕਾਫ਼ੀ ਪਾਣ ਚੜ੍ਹੀ ਹੋਈ ਹੈ। 'ਸਾਵੇ ਪੱਤਰ' ਦੀਆਂ ਕਵਿਤਾਵਾਂ ਵਿਚ : ਗਿਰਾਂ/ਦੰਦੀ/ਤ੍ਰੁੱਕਾ ਤ੍ਰੁੱਕਾ/ਢੱਕੀ/ਕੱਸੀ/ਇੰਜ/ਹੋਸਣ/ਸਵਾਸੀ/ ਲਾਸਾਂ/ਸਮਝਸਾਂ/ਚਿਤਾਰਸਾਂ/ਰਖਸਾਂ ਆਦਿ ਸ਼ਬਦਾਂ ਦਾ ਪ੍ਰਯੋਗ ਪੋਠੋਹਾਰੀ ਉਪ-ਭਾਸ਼ਾ ਦਾ ਹੈ।

ਮੋਹਨ ਸਿੰਘ ਦਾ ਫ਼ਾਰਸੀ ਅਤੇ ਉਰਦੂ ਦਾ ਅਧਿਐਨ ਵੀ ਕਾਫ਼ੀ ਸੀ ਇਸ ਲਈ ਉਸ ਦੀ ਚੇਤਨਾ ਵਿਚ ਸੁਤੇ ਸਿਧ ਫ਼ਾਰਸੀ ਦੇ ਸ਼ਬਦ ਆਪ ਮੁਹਾਰੇ ਆ ਜਾਂਦੇ ਹਨ। ਉਸ ਨੇ ਜਦੋਂ ਵੀ ਪਰੰਪਰਾਗਤ ਵਿਸ਼ਿਆਂ ਨੂੰ ਛੋਹਦਿਆਂ ਰਵਾਇਤੀ ਢੰਗ ਦੀਆਂ ਨੂਰ ਜਹਾਨ, ਅਨਾਰ ਕਲੀ ਵਰਗੀਆਂ ਕਵਿਤਾਵਾਂ ਬੈਂਤ ਛੰਦ ਵਿਚ ਸਿਰਜੀਆਂ ਤਾਂ ਕਵਿਤਾਵਾਂ ਦੀ ਪਿੱਠ-ਭੂਮੀ ਇਸਲਾਮੀ ਵਾਤਾਵਰਣ ਅਨੁਕੂਲ ਹੋਣ ਕਾਰਨ ਫ਼ਾਰਸੀ ਸ਼ਬਦਾਂ ਦੀ ਬਹੁਤਾਤ ਹੋ ਜਾਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਵੇਂ ਹੁਸਨ/ਜ਼ੁਲਫ਼/ਮਜ਼ਾਰ/ਇਸਲਾਮ/ਹਵਸ/ਪਾਕਿ/ਸ਼ੁਹਰਤ/ਅਜ਼ਰਾਈਲ/ਮੋਮਨ/ਕਾਫ਼ਰ/ਨਾਜ਼/ਰਹਿਮਤ/ਜ਼ਾਹਦ/ਕੁਰਾਨ ਆਦਿ ।

ਠੇਠ ਪੰਜਾਬੀ ਦਾ ਸ਼ਬਦ ਭੰਡਾਰ ਵੀ ਮੋਹਨ ਸਿੰਘ ਪਾਸ ਢੇਰ ਸਾਰਾ ਹੈ ਜਿਸ ਸਦਕਾ ਇਸ ਦੀ ਬੋਲੀ ਭਾਵ-ਭਰਪੂਰ, ਸੰਘਣੀ ਤੇ ਸੰਕੋਚਮਈ ਸਮਾਸਾਂ ਵਾਲੀ ਹੁੰਦੀ ਗਈ । ਇਹ ਸਮਾਸ ਆਪਣੇ ਆਪ ਵਿਚ ਬਹੁਤ ਸੁੰਦਰ, ਭਾਵ ਪੂਰਤ ਤੇ ਨਵੀਨ ਹਨ ਜੋ ਕਵੀ ਦੇ ਭਾਵਾਂ ਤੇ ਅਨੁਭਵਾਂ ਨੂੰ ਸੰਕੇਤਕ ਸ਼ੈਲੀ ਪੇਸ਼ ਕਰਨ ਵਿਚ ਬਹੁਤ ਸਹਾਇਕ ਹੁੰਦੇ ਹਨ : ਫੁਲ-ਕੁਰਾਨ /ਮੂੰਹ-ਵਿਖਾਈ/ ਦਿਹੁੰ-ਲੱਥੇ/ ਕੰਡੇ-ਚੁਭਾਈ/ ਕੈਦ-ਖਾਨਿਆਂ/ ਵਤਨ-ਪ੍ਰਸਤੀ/ਸੋਨੇ-ਲੱਦੀ/ਨੜੀ-ਨਵਾਬੀ/ਦਿਲ-ਮਿਰਜ਼ਾ/ਭੁਲ-ਸਾਹਿਬਾਂ/ਢਾਈ-ਘੜੀਏ/ਉਡਣ-ਖਟੋਲੇ/ਜੀਵਨ-ਪੰਧ/ਬੇ-ਕਦਰੇ ਅਤੇ ਨਜ਼ਰ-ਲਹਿਰਾਂ ਆਦਿ ਸਮਾਸਾਂ ਦਾ ਪ੍ਰਯੋਗ ਕਰਕੇ ਮੋਹਨ ਸਿੰਘ ਇਕ ਮਹਾਨ ਸ਼ਬਦਾਂ ਦੇ ਸ਼ਿਲਪ ਚਿਤੇਰੇ ਦੇ ਰੂਪ ਵਿਚ ਉਜਾਗਰ ਹੋਇਆ ਹੈ ।

ਮੋਹਨ ਸਿੰਘ ਨੇ ਕਿਤੇ ਵੀ ਅਜਿਹੀਆਂ ਭਾਸ਼ਾ-ਜੁਗਤਾਂ ਦੀ ਵਰਤੋਂ ਨਹੀਂ ਕੀਤੀ ਜਿਸ ਸਦਕਾ ਅਰਥ ਦੇ ਸੰਚਾਰਿਤ ਹੋਣ ਵਿਚ ਕੋਈ ਔਖ ਮਹਿਸੂਸ ਹੁੰਦੀ ਹੋਵੇ । ਉਸ ਨੇ ਵਿਸ਼ੇ ਦੇ ਪ੍ਰਤੀਕੂਲ ਸ਼ਬਦਾਵਲੀ ਦੀ ਵਰਤੋਂ ਵੀ ਨਹੀਂ ਕੀਤੀ । ਜੇ ਮੁਸਲਮਾਨੀ ਧਰਮ ਨਾਲ ਸੰਬੰਧਿਤ ਮਸਲੇ ਨੂੰ ਲਿਆ ਹੈ ਤਾਂ ਅਰਬੀ-ਫ਼ਾਰਸੀ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ ਤੇ ਜੇ ਹਿੰਦੂ ਮਿਥਿਹਾਸ ਦੀ ਗੱਲ ਛੇਹੀ ਹੈ ਤਾਂ ਉਸ ਦਾ ਵਰਣਨ ਸੰਸਕ੍ਰਿਤ ਜਾਂ ਹਿੰਦੀ ਦੇ ਨੇੜਲੀ ਬੋਲੀ ਦੇ ਸ਼ਬਦਾਂ ਰਾਹੀਂ ਹੋਇਆ ਹੈ । ਭਾਸ਼ਾ ਦੇ ਸੁਹਜ ਨੂੰ ਹੋਰ ਸੰਵਾਰਨ ਲਈ ਅਤੇ ਆਪਣੀ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਮੋਹਨ ਸਿੰਘ ਨੇ ਠੇਠ ਮੁਹਾਵਰਿਆਂ ਤੇ ਲੋਕੋਕਤੀਆਂ ਦੀ ਵਰਤੋਂ ਕਰਕੇ ਬੋਲੀ ਦੀ ਕਲਾ ਕੌਸ਼ਲਤਾ ਵਿੱਚ ਵਾਧਾ ਕੀਤਾ ਹੈ । ਅਕਲ ਦੇ ਖੰਭ ਝੜਨੇ/ਵਾਲ ਸਿਧਾ ਨਾ ਹੋਣਾ/ਘਿੱਗੀ ਬੱਝਣੀ/ਖੁਰਾ ਲਭਣਾ/ਦੀਦੇ ਕੁਲੰਜ ਮਾਰਨੇ/ਕਾਂਜੀ ਘੋਲਣੀ ਅਤੇ ਅੱਗ ਲਾਉਣੀ ਆਦਿ ਹਨ ।

ਮੋਹਨ ਸਿੰਘ ਭਾਰਤੀ ਇਤਿਹਾਸ ਅਤੇ ਮਿਥਿਹਾਸ ਨੂੰ ਵੀ ਬਿੰਬਾਂ ਤੇ ਪ੍ਰਤੀਕਾਂ ਦੇ ਰੂਪ ਵਿਚ ਵਰਤਕੇ ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰਦਾ ਹੈ । ਕ੍ਰਿਸ਼ਨ ਤੇ ਕੁਬਜ਼ਾਂ ਦੇ ਪ੍ਰੇਮ ਦੀ ਗਾਥਾ, ਜਹਾਂਗੀਰ ਤੇ ਨੂਰਜਹਾਂ ਦੇ ਪ੍ਰੇਮ ਕਾਰਨ ਅਨਾਰਕਲੀ ਨਾਲ ਬੇ-ਵਫ਼ਾਈ, ਖੁਸਰੋ, ਸ਼ੀਰੀਂ, ਸੱਸੀ ਤੇ ਪੁੰਨੂੰ ਦੀਆਂ ਪ੍ਰੀਤ ਕਹਾਣੀਆਂ ਦੀਆਂ ਵੀ ਸ਼ਬਦ ਛੋਹਾਂ ਹਨ ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਮੋਹਨ ਸਿੰਘ ਦੀ ਬੋਲੀ ਵਿਚ ਪੋਠੋਹਾਰੀ ਦੀ ਮਿਠਾਸ, ਰੰਗੀਨੀ, ਉਰਦੂ ਦੀ ਨਜ਼ਾਕਤ, ਹਿੰਦੀ ਦੀ ਗੰਭੀਰਤਾ, ਅਤੇ ਅੰਗਰੇਜ਼ੀ ਫ਼ਾਰਸੀ ਦਾ ਸੰਜਮ ਸਭ ਕੁਝ ਇਕੱਠੇ ਹੋਏ ਹਨ ।[6] ਡਾ. ਪ੍ਰੇਮ ਪ੍ਰਕਾਸ਼ ਸਿੰਘ ਮੋਹਨ ਸਿੰਘ ਦੀ ਬੋਲੀ ਸੰਬੰਧੀ ਲਿਖਦੇ ਹਨ ਕਿ 'ਉਸ ਦੀ ਬੋਲੀ ਵਿਚ ਪੰਜਾਬੀ ਜ਼ਿੰਦਗੀ ਦੀ ਮਿਠਾਸ, ਪੰਜਾਬੀ ਪ੍ਰਕ੍ਰਿਤੀ ਦਾ ਨਿਘਾਸ ਅਤੇ ਭਾਵ ਮੰਡਲਾਂ ਦਾ ਬੌਧਿਕ ਵਿਕਾਸ ਮਿਲਦਾ ਹੈ ਜਿਸ ਸਦਕਾ ਕਵੀ ਦੀ ਬੋਲੀ ਕਾਵਿ ਦੇ ਭਿੰਨ ਭਿੰਨ ਪਧਰਾਂ ਅਨੁਕੂਲ ਹੋ ਨਿਬੜੀ ਹੈ ।'[7]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਥੋਂ ਤਕ ਮੋਹਨ ਸਿੰਘ ਦੀ ਸ਼ੈਲੀ ਦਾ ਸੰਬੰਧ ਹੈ ਇਹ ਸ੍ਵੈ-ਸਿਰਜੀ, ਸੁਹਜਮਈ, ਸਰਲ, ਸਾਰਥਕ ਤੇ ਸਰਪਟ ਦੌੜਦੀ ਸ਼ੈਲੀ ਹੈ। ਸ਼ੈਲੀ ਸਿਰਫ਼ ਵਾਕ ਜੋੜਨ ਦਾ ਨਾਂ ਨਹੀਂ ਅਤੇ ਨਾ ਹੀ ਸਿਰਫ਼ ਸ਼ਬਦ ਚੋਣ ਦੀ ਤਰਤੀਬ ਮਈ ਜੜਤ ਸ਼ੈਲੀ ਅਖਵਾਉਂਦੀ ਹੈ। ਇਹ ਤਾਂ ਸਗੋਂ ਲੇਖਕ ਦੀ ਸਮੁੱਚੀ ਪ੍ਰਤਿਭਾ ਤੇ ਵਿਅਕਤਿਤਵ ਦੀ ਸਾਹਿਤ ਵਿਚ ਸੰਪੂਰਨ ਪ੍ਰਾਪਤੀ ਹੈ। ਲੇਖਕ ਦਾ ਅਨੁਭਵ, ਉਸ ਦਾ ਜੀਵਨ ਤਜ਼ਰਬਾ ਅਤੇ ਉਸ ਦੇ ਜਜ਼ਬਿਆ ਦੇ ਸਹੀ ਢੰਗ ਨਾਲ ਪਾਠਕਾਂ ਤੱਕ ਦੀ ਸੰਚਾਰ ਵਿਧੀ ਹੈ। ਘਟਨਾ ਤੋਂ ਪ੍ਰਭਾਵ ਤੱਕ ਦੀ ਕ੍ਰਿਆ ਸ਼ੈਲੀ ਦੀ ਉਤਪਤੀ ਦੀ ਕਹਾਣੀ ਹੈ। ਭਾਸ਼ਾ ਸਾਰੇ ਲੇਖਕਾਂ ਦੀ ਇਕੋ ਹੀ ਹੁੰਦੀ ਹੈ ਅੰਤਰ ਹੈ ਤਾਂ ਸਿਰਫ਼ ਉਨ੍ਹਾਂ ਦੇ ਪ੍ਰਗਟਾਅ-ਢੰਗ ਦਾ ਹੈ। ਪ੍ਰਗਟਾਅ-ਢੰਗ ਦੀ ਇਹੋ ਵਿਧੀ ਕਾਵਿ ਵਿਚ ਵਿਲੱਖਣਤਾ ਉਪਜਾਂਦੀ ਹੈ ਜਿਸ ਨੂੰ ਅਸੀਂ ਸ਼ੈਲੀ ਦੀ ਸੰਗਿਆ ਦਿੰਦੇ ਹਾਂ। 'ਜਿੰਨਾ ਕੋਈ ਲੇਖਕ ਨਿਵੇਕਲਾ, ਗੰਭੀਰ ਤੇ ਜ਼ੋਰਦਾਰ ਵਿਅਕਤਿਤਵ ਦਾ ਮਾਲਕ ਹੋਵੇਗਾ ਉਨੀਂ ਹੀ ਜ਼ੋਰਦਾਰ, ਗੰਭੀਰ ਤੇ ਨਿਖੜਵੀਂ ਉਸ ਦੀ ਸ਼ੈਲੀ ਹੋਵੇਗੀ।[8] ਸ਼ੈਲੀ ਦਾ ਅਰਥ ਕਿਸੇ ਲੇਖਕ ਦੇ ਲਿਖਣ ਢੰਗ ਦੀਆਂ ਉਹ ਕੁਝ ਅਸਾਧਾਰਣ ਨਿਸ਼ਾਨੀਆਂ ਹਨ ਜਿਨ੍ਹਾਂ ਤੋਂ ਤੁਸੀਂ ਲੇਖਕ ਦੀ ਲਿਖਤ ਦੀ ਪਛਾਣ ਕਰਦੇ ਹੋ। ਸ਼ੈਲੀ ਸ਼ਬਦ ਸਾਹਿਤ ਵਿਚ ਅਨੇਕ ਅਰਥਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਸ਼ੈਲੀ ਦਾ ਅਰਥ ਵਿਚਾਰ ਸ਼੍ਰਿੰਖਲਾ ਨੂੰ ਸਪਸ਼ਟ ਵਿਧੀ ਨਾਲ ਪੇਸ਼ ਕਰਨ ਦੀ ਕਲਾ ਹੈ।

ਸ਼ੈਲੀ ਵਿਚ ਤਿੰਨ ਕਾਵਿਕ ਗੁਣ (Poetic qualities) ਮੰਨੀਆਂ ਗਈਆਂ ਹਨ। ਇਹ ਗੁਣ ਹਨ ਓਜ (Force) ਪ੍ਰਸਾਦਿ (Lucidity) ਅਤੇ ਮਾਧੁਰਯ (Sweetness)। ਮੋਹਨ ਸਿੰਘ ਦੀ ਸ਼ੈਲੀ ਵਧੇਰੇ ਸ਼ਿੰਗਾਰ ਰਸ ਨਾਲ ਭਰਪੂਰ ਹੈ। ਸ਼ਿੰਗਾਰ ਤੇ ਸ਼ਾਂਤ ਰਸ ਵਾਲੀ ਸ਼ੈਲੀ ਤੇ ਬੋਲੀ ਮਾਧੁਰਯ ਗੁਣ ਦੀ ਧਾਰਣੀ ਹੁੰਦੀ ਹੈ। ਕੋਮਲ ਕੋਮਲ ਸ਼ਬਦ ਇਸ ਗੁਣ ਨੂੰ ਪੈਦਾ ਕਰਦੇ ਹਨ :

ਮੈਂ ਨਾਤੀ ਧੋਤੀ ਨੀ,
ਮੈ ਵਾਲ ਵਧਾਏ ਨੀ,
ਮੈਂ ਕਜਲਾ ਪਾਇਆ ਨੀ,
ਮੈਂ ਗਹਿਣੇ ਲਾਏ ਨੀ,
ਮਲ ਮਲ ਕੇ ਖੌੜੀ ਮੈਂ
ਹੀਰੇ ਲਿਸ਼ਕਾਏ ਨੀ,
ਲਾ ਲਾ ਕੇ ਬਿੰਦੀਆਂ ਮੈਂ,
ਕਈ ਫੰਧ ਬਣਾਏ ਨੀ। (ਪੰਨਾ 79)

ਜਦੋਂ ਬੀਰ ਰਸ ਪ੍ਰਧਾਨ ਕਵਿਤਾ ਲਿਖੀ ਜਾਂਦੀ ਹੈ ਤਾਂ ਉਸ ਵਿਚ ਸ਼ੈਲੀ ਦੇ ਓਜ (force) ਗੁਣ ਦੀ ਪ੍ਰਮੁਖਤਾ ਹੁੰਦੀ ਹੈ। ਮੋਹਨ ਸਿੰਘ ਨੇ 'ਦੇਸ਼ ਪਿਆਰ', 'ਸਿੱਖੀ' ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਸਿਪਾਹੀ ਦਾ ਦਿਲ' ਵਰਗੀਆਂ ਕਵਿਤਾਵਾਂ ਵਿਚ ਟ-ਵਰਗ ਅਤੇ ਡੱਡੇ ਦਾ ਪ੍ਰਯੋਗ ਕਰ ਕੇ 'ਓਜ' ਗੁਣ ਨੂੰ ਚਮਕਾਇਆ ਹੈ :

ੳ) ਕਰਕੇ ਮੁੱਛਾਂ ਕੁੰਢੀਆਂ ਤੇ ਵਾਜ ਛੁਟੇਰੀ,
ਵਲ ਉਨ੍ਹਾਂ ਦੇ ਕਦਮ ਦੋ ਨਲੂਏ ਨੇ ਪੁਟੇ ।
ਛੇਤੀ ਛੇਤੀ ਦਸ ਦਿਓ, ਕਿੱਲੀ ਦਾ ਬੂਹਾ,
ਨਹੀਂ ਤਾਂ ਅੰਦਰ ਖੱਡ ਦੇ ਜਾਓਗੇ ਸੁਟੇ । (ਪੰਨਾ 47)

ਅ) ਰੋੜਾਂ ਵਿਚ ਰੱਕੜਾਂ ਵਿੱਚ
ਬੰਜਰਾਂ ਵਿਚ ਝੱਖੜਾਂ ਵਿੱਚ
ਗੜਿਆਂ ਵਿਚ ਮੀਂਹਾਂ ਵਿਚ
ਸਰਹੰਦ ਦੀਆਂ ਨੀਂਹਾਂ ਵਿਚ । (ਪੰਨਾ 58)

ਮੋਹਨ ਸਿੰਘ ਦੇ ਨਜ਼ਾਰਿਆਂ, ਕਥਾਨਕ ਕਵਿਤਾਵਾਂ ਅਤੇ ਇਸ਼ਕੀਆ ਬਿਆਨੀਆਂ ਕਵਿਤਾਵਾਂ ਵਿਚ ਮਿਠੀ ਮਿਠੀ ਵਹਿੰਦੀ ਬੋਲੀ ਦੀ ਭਾਵ ਧਾਰਾ ਵਿਚ 'ਪ੍ਰਸਾਦਿ' ਗੁਣ ਦੀ ਝਲਕ ਦ੍ਰਿਸ਼ਟੀਗੋਚਰ ਹੁੰਦੀ ਹੈ । ਸ਼ੈਲੀ ਦੀ ਸਪਸ਼ਟਤਾ ਅਤੇ ਸ਼ਬਦਾਵਲੀ ਦਾ ਸਹਿਜੇ ਸਹਿਜੇ ਵਹਿਣਾ ਹੀ ਪ੍ਰਸਾਦਿ ਦੀ ਥਾਂ ਹੈ ।

ਹੁਸਨ ਭਰੀ ਬਸੰਤ ਸੀ ਛੈਲ ਨੱਢੀ
ਸੀਗੀ ਸਿਖਰ ਜਵਾਨੀ ਤੇ ਆਈ ਹੋਈ ।
ਕਿਤੇ ਹਿਕ ਸੀ ਧੜਕਦੀ ਬੁਲ ਬੁਲਾਂ ਦੀ
ਕਿਤੇ ਭੌਰ ਦੀ ਅੱਖ ਸਧਰਾਈ ਹੋਈ ।
ਕਿਤੇ ਸਰ੍ਹੋਂ ਨੇ ਸੋਨਾ ਖਿਲਾਰਿਆ ਸੀ
ਕਿਤੇ ਤ੍ਰੇਲ ਨੇ ਚਾਂਦੀ ਲਟਾਈ ਹੋਈ । (ਪੰਨਾ 35)

ਮੋਹਨ ਸਿੰਘ ਦੀ ਕਵਿਤਾ ਦੀ ਸ਼ੈਲੀ ਕਈ ਥਾਈਂ ਰੰਗ ਮੰਚੀ ਸ਼ੈਲੀ ਹੈ । ਬਿਰਤਾਂਤਕ ਕਵਿਤਾਵਾਂ ਵਿਚ ਨਾਟਕੀ ਤੱਤ ਹੈ । ਸ਼ੈਲੀ ਵਿਚ ਸੰਵਾਦ ਦਾ ਪ੍ਰਯੋਗ ਵੀ ਹੋਇਆ ਹੈ ਤੇ 'ਅੰਬੀ ਦਾ ਬੂਟਾ' ਵਰਗੀਆਂ ਕਵਿਤਾਵਾਂ ਮਨ-ਬਚਨੀ ਜਾਂ ਸ੍ਵੈ-ਸੰਵਾਦ ਵਿਧੀ ਰਾਹੀਂ ਪਾਠਕਾਂ ਦੇ ਭਾਵਾਂ ਨੂੰ ਟੁੰਬਦੀਆਂ ਹਨ । ਕਾਵਿ 'ਚ ਪ੍ਰਸਤੁਤ ਇਹ ਵਿਧੀ ਕਲਾ ਦਾ ਉਚਤਮ ਨਮੂਨਾ ਸਿਧ ਹੋਈ ਹੈ । ਮਾਓਜ਼ੇ ਤੁੰਗ ਦਾ ਕਥਨ ਹੈ : 'ਜਿਨ੍ਹਾਂ ਕਲਾ ਕਿਰਤਾਂ ਵਿੱਚ ਕਲਾਤਮਕ ਖੂਬੀਆਂ ਦੀ ਘਾਟ ਹੁੰਦੀ ਹੈ ਉਨ੍ਹਾਂ ਵਿਚ ਸ਼ਕਤੀ ਨਹੀਂ ਹੁੰਦੀ ਭਾਵੇਂ ਉਹ ਰਾਜਸੀ ਤੌਰ ਤੇ ਕਿਤਨੀਆਂ ਵੀ ਅਗਾਂਹ-ਵਧੂ ਕਿਉਂ ਨਾ ਹੋਣ ।'[9]

'ਸਾਵੇ ਪੱਤਰ' ਦੀ ਇਹ ਖੂਬੀ ਹੈ ਕਿ ਰਾਜਸੀ ਤੌਰ ਤੇ ਇਸ ਵਿਚਲੀਆਂ ਕਵਿਤਾਵਾਂ ਭਾਵੇਂ ਐਨੀਆਂ ਤਿੱਖੀਆਂ ਨਹੀਂ, ਪਰੰਤੂ ਕਲਾ ਪਖੋਂ ਪਰਿਪੂਰਣ ਹੋਣ ਕਰਕੇ ਇਹ ਪੁਸਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਦੀਆਂ ਅਜੇ ਤੱਕ ਛਪੀਆਂ ਪੁਸਤਕਾਂ ਨਾਲੋਂ ਸਭ ਤੋਂ ਵਧੇਰੇ ਪ੍ਰਵਾਨੀ ਅਤੇ ਮਾਣੀ ਗਈ ਹੈ ।

ਹਵਾਲੇ ਅਤੇ ਟਿੱਪਣੀਆਂ

1. ਬਹਾਦਰ ਸਿੰਘ ਵਿਜਯ, **ਕਵਿਤਾ ਅਤੰਤ : ਭਾਸ਼ਾ ਕੇ ਸਿਵਾਏ ਕਿਆ ਹੈ**, ਹਿੰਦੀ ਅਕਾਲਕ ਲੜੀ, ਅੰਕ 4, ਪੰਨਾ 4.
2. ਗੋਬਿੰਦ ਰਾਮ ਸ਼ਰਮਾ, **ਹਿੰਦੀ ਸਾਹਿਤਯ ਔਰ ਉਸ ਕੀ ਮੁਖ ਪ੍ਰਵਿਰਤੀਆਂ**, ਪੰਨਾ 692.
3. James Reaves, *Understanding Poetry*, p. 157.
4. ਉਹੀ, ਪੰਨਾ 171.
5. ਕਰਨਜੀਤ ਸਿੰਘ, **ਮੋਹਨ ਸਿੰਘ ਕਾਵਿ ਅਧਿਐਨ**, ਪੰਨਾ 113.
6. ਤਰਲੋਚਨ ਸਿੰਘ ਬੇਦੀ, **ਪ੍ਰੋ. ਮੋਹਨ ਸਿੰਘ ਗੋਸ਼ਟੀ** (ਪੇਪਰ) ਪੰਨਾ 71.
7. ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ-ਲੋਕ**, ਪੰਨਾ 180.
8. ਪਿਆਰਾ ਸਿੰਘ ਭੋਗਲ, **ਪੱਛਮੀ ਤੇ ਭਾਰਤੀ ਆਲੋਚਨਾ ਦੇ ਸਿਧਾਂਤ**, ਪੰਨਾ 133.
9. Quotations from Mao-Tse-Tung, May 1942, p. 88.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੭.

ਸਾਰ ਤੇ ਸਥਾਪਨਾਵਾਂ

ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀਆਂ ਵਿਚੋਂ ਹੈ ਜਿਸ ਦਾ ਪ੍ਰਥਮ ਕਾਵਿ-ਸੰਕਲਨ 'ਸਾਵੇ-ਪੱਤਰ' ਅਜੇ ਤਕ ਪ੍ਰਕਾਸ਼ਤ ਪੁਸਤਕਾਂ ਨਾਲੋਂ ਸਭ ਤੋਂ ਵੱਧ ਲੋਕ-ਪ੍ਰਿਯ ਰਿਹਾ ਅਤੇ ਵਿਕਿਆ ਹੈ । 'ਸਾਵੇ-ਪੱਤਰ' ਮੋਹਨ ਸਿੰਘ ਦੀ ਪਹਿਲੀ ਵਰੇਸ ਦੀ ਸਮ ਸਾਮਿਅਕ ਅਤੇ ਜੀਵਨ ਦਰਸ਼ਨ ਤੇ ਕਲਾ-ਆਦਰਸ਼ਾਂ ਨੂੰ ਪ੍ਰਸਤੁਤ ਕਰਦੀ ਸ੍ਰੇਸ਼ਟ ਕਲਾ ਕ੍ਰਿਤੀ ਹੈ ਜਿਸ ਵਿਚ ਕਵੀ ਨੇ ਉਸ ਵੇਲੇ ਦੀਆਂ ਕਦਰਾਂ ਕੀਮਤਾਂ ਅਤੇ ਮਾਨਵੀ ਰਿਸ਼ਤਿਆਂ ਦੇ ਸੁਹਜ ਦਾ ਆਪਣੀ ਸਮਝ ਅਨੁਸਾਰ ਵਿਸ਼ਲੇਸ਼ਣ ਕੀਤਾ ਹੈ। ਭਾਵੇਂ ਇਸ ਪੁਸਤਕ ਦੀ ਕਾਵਿ-ਸਿਰਜਣਾ ਸਮੇਂ ਮੋਹਨ ਸਿੰਘ ਵਿਚ ਪ੍ਰੌਢਤਾ ਨਹੀਂ ਸੀ ਆਈ ਪਰੰਤੂ ਮੋਹਨ ਸਿੰਘ ਦੀ ਜਮਾਂਦਰੂ ਸ਼ਾਇਰਾਨਾ ਤਬੀਅਤ ਨੇ ਇਹ ਮੁਹਾਰਤ ਜ਼ਰੂਰ ਹਾਸਲ ਕਰ ਲਈ ਸੀ ਕਿ ਉਸ ਨੇ ਜਿਹੜੇ ਵੀ ਨਵੇਕਲੇ ਜਾਂ ਪਰੰਪਰਾਗਤ ਵਿਸ਼ੇ ਨੂੰ ਹੱਥ ਪਾਇਆ, ਉਸ ਦੇ ਨਿਭਾਅ ਨੂੰ ਅਜਿਹੀ ਕਲਾਤਮਕ ਵਿਧੀ ਰਾਹੀਂ ਉਸਾਰਿਆ ਕਿ ਕਵਿਤਾ ਵਿਚ ਸੁਹਜ ਦੀ ਬੁਲੰਦੀ ਆ ਗਈ ।

'ਸਾਵੇ-ਪੱਤਰ' ਵਿਚ ਅਚੇਤ ਹੀ ਮੋਹਨ ਸਿੰਘ ਦੀ ਪ੍ਰਗਟ ਹੋ ਰਹੀ ਸੁਹਜ-ਚੇਤਨਾ ਨੂੰ ਪ੍ਰਮੁਖ ਰੂਪ ਵਿਚ ਦੋ ਮੁਖ ਸਿਰਲੇਖਾਂ ਹੇਠ ਰਖਿਆ ਜਾ ਸਕਦਾ ਹੈ ਜਿਸ ਦੀ ਸੁਹਜ ਚੇਤਨਾ ਦਾ ਪਹਿਲਾ ਪ੍ਰਮੁੱਖ ਭਾਗ 'ਸਾਵੇ-ਪੱਤਰ' ਦੀਆਂ ਕਵਿਤਾਵਾਂ ਵਿਚ ਪ੍ਰਗਟ ਕੀਤੇ ਗਏ ਕਾਵਿਕ ਅਨੁਭਵ ਦੇ ਸੁਭਾਅ ਵਿਚੋਂ ਉਭਰ ਰਹੀ ਸੁਹਜ ਚੇਤਨਾ ਹੈ ਅਤੇ ਦੂਸਰੇ ਕਿਸੇ ਕਾਵਿ ਅਨੁਭਵ ਨੂੰ ਜਿਨ੍ਹਾਂ ਕਲਾਤਮਕ ਸਾਧਨਾਂ ਰਾਹੀਂ ਕਾਵਿ ਰੂਪ ਵਿਚ ਗੰਠਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਨ੍ਹਾਂ ਸਾਧਨਾਂ ਦੇ ਪ੍ਰਸੰਗ ਵਿਚੋਂ ਉਘੜਦੀ ਸੁਹਜ ਚੇਤਨਾ ਹੈ ।

ਪਹਿਲੇ ਅਰਥਾਤ ਕਾਵਿਕ ਅਨੁਭਵ ਵਿਚਲੀ ਸੁਹਜ ਚੇਤਨਾ ਦੇ ਅਗੋਂ ਤਿੰਨ ਚਾਰ ਮਹੱਤਵਪੂਰਣ ਪੱਖ ਹਨ । ਪਹਿਲਾ ਮਹੱਤਵਪੂਰਣ ਪੱਖ ਮਨੁੱਖੀ ਰਿਸ਼ਤਿਆਂ ਦਾ ਉਹ ਵਿਸ਼ੇਸ਼ ਸੁਹਜ ਹੈ ਜਿਹੜਾ 'ਸਾਵੇ-ਪੱਤਰ' ਦੀਆਂ ਕਵਿਤਾਵਾਂ ਵਿਚੋਂ ਪ੍ਰਾਪਤ ਹੁੰਦਾ ਹੈ । ਮੋਹਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਕਾਵਿਕ ਅਨਭਵ ਦਾ ਇਕ ਬੁਨਿਆਦੀ ਪੱਖ ਮਨੁੱਖੀ ਰਿਸ਼ਤਿਆਂ ਦੇ ਕਈ ਵੱਖ ਵੱਖ ਰੂਪ ਹਨ। ਇਨ੍ਹਾਂ ਵਿਚੋਂ ਪ੍ਰੇਮੀ/ਪ੍ਰੇਮਿਕਾ, ਪਤੀ/ਪਤਨੀ, ਮਨੁੱਖ/ਮਨੁੱਖ ਅਤੇ ਮਨੁੱਖ/ਸਮਾਜ ਦੇ ਆਪਸੀ ਰਿਸ਼ਤੇ ਨੂੰ ਮੋਹਨ ਸਿੰਘ ਨੇ ਆਪਣੀਆਂ ਕਵਿਤਾਵਾਂ ਵਿਚ ਅਧਿਕ ਮਹੱਤਵ ਦਿਤਾ ਹੈ। ਮਨੁੱਖੀ ਰਿਸ਼ਤਿਆਂ ਦੇ ਇਨ੍ਹਾਂ ਰੂਪਾਂ ਵਿਚਲੀ ਟੁੱਟ ਭੱਜ, ਵਿਗਠਨ, ਅਮਨੁੱਖਤਾ ਆਦਿ ਨੂੰ ਅਸ੍ਵੀਕਾਰ ਕਰਦਿਆਂ ਮੋਹਨ ਸਿੰਘ ਇਹਨਾਂ ਰਿਸ਼ਤਿਆਂ ਨੂੰ ਭੂਪਵਾਦੀ ਨਿਜ਼ਾਮ ਦੇ ਆਦਰਸ਼ਾਂ ਦੀ ਸ੍ਰਿਸ਼ਟੀ ਤੋਂ ਚਿਤ੍ਰਦਾ ਹੋਇਆ ਇਨ੍ਹਾਂ ਰਿਸ਼ਤਿਆਂ ਦੇ ਇਸ ਆਦਰਸ਼ ਰੂਪ ਵਿਚੋਂ ਵਿਸ਼ੇਸ਼ ਸੁਹਜ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨਾਲ ਮਨੁੱਖੀ ਰਿਸ਼ਤਿਆਂ ਦਾ ਇਹ ਆਦਰਸ਼ ਰੂਪ ਸਮੁੱਚੇ ਤੌਰ ਤੇ 'ਸਾਵੇ-ਪੱਤਰ' ਵਿਚੋਂ ਇਕ ਵਿਸ਼ੇਸ਼ ਕਿਸਮ ਦੀ ਸੁਹਜ ਚੇਤਨਾ ਦਾ ਪ੍ਰਗਟਾਅ ਕਰਨ ਦੀ ਸਮਰੱਥਾ ਰੱਖਦਾ ਹੈ।

ਦੂਸਰਾ ਪੱਖ 'ਸਾਵੇ-ਪੱਤਰ' ਵਿਚ ਮੋਹਨ ਸਿੰਘ ਦੀ ਕਾਵਿ ਸਿਰਜਣ ਦੇ ਅਮਲ ਤੋਂ ਰੂਪਾਂਤਰਿਤ ਯਥਾਰਥ ਦਾ ਪ੍ਰਗਟ ਹੋ ਰਿਹਾ ਸੁਹਜ ਹੈ। ਜਿਸ ਲਈ ਸੁਹਜ ਚੇਤਨਾ ਜ਼ਰੂਰੀ ਨਹੀਂ ਕਿ ਕੋਈ ਸੁਚੇਤ ਅਮਲ ਹੀ ਹੋਵੇ। ਮਨੁੱਖ ਦੁਆਰਾ ਬਾਹਰਲੇ ਯਥਾਰਥ ਦੇ ਬੇ-ਰੂਪ ਰੰਗ ਤੇ ਬੇਤਰਤੀਬੀ ਉੱਤੇ ਮਨੁੱਖੀ ਚੇਤਨਾ ਦਾ ਅਮਲ ਜਿਹੜਾ ਵੀ ਰੰਗ ਰੂਪ ਤੇ ਤਰਤੀਬ ਇਸ ਨੂੰ ਬਖ਼ਸ਼ਦਾ ਹੈ ਉਹ ਸੁਹਜ ਸਿਰਜਣਾ ਅਤੇ ਸੁਹਜ ਚੇਤਨਾ ਦੇ ਅਮਲ ਦਾ ਹੀ ਆਧਾਰ ਤੇ ਸਿੱਟਾ ਹੁੰਦਾ ਹੈ। ਕਵੀ ਅਨੁਭਵ ਦਾ ਕਲਾਤਮਕ ਰੂਪਾਂਤਰਣ ਆਪਣੇ ਆਪ ਵਿਚ ਸੁਹਜ ਸਿਰਜਣਾ ਤੇ ਸੁਹਜ ਚੇਤਨਾ ਦੇ ਪ੍ਰਗਟਾਅ ਦਾ ਕਾਰਣ ਬਣਦਾ ਹੈ। ਮੋਹਨ ਸਿੰਘ ਤੱਤਕਾਲੀਨ ਸਮਾਜਿਕ, ਇਤਿਹਾਸਕ ਯਥਾਰਥ ਦੇ ਅਸੰਤੁਲਿਤ ਅਸੁਖਾਵੇਂ ਅਤੇ ਮਨੁੱਖੀ ਕੀਮਤਾਂ ਦੀਆਂ ਅਸਮਾਨ ਪ੍ਰਸਥਿਤੀਆਂ ਨੂੰ ਇਕ ਆਦਰਸ਼ ਦ੍ਰਿਸ਼ਟੀਕੋਣ ਤੋਂ ਚਿਤ੍ਰਿਤ ਕਰਦਾ ਹੋਇਆ ਉਨ੍ਹਾਂ ਵਿੱਚ ਵਿਸ਼ੇਸ਼ ਸੰਤੁਲਨ, ਸਮਾਨਤਾ ਅਤੇ ਸਾਰਥਿਕਤਾ ਦੀ ਸਿਰਜਣਾ ਲਈ ਯਤਨਸ਼ੀਲ ਹੈ। ਜਿਸ ਦੇ ਨਤੀਜੇ ਵਜੋਂ ਯਥਾਰਥ ਦੇ ਅਜਿਹੇ ਕਾਵਿਕ ਰੂਪਾਂਤਰਣ ਵਿਚੋਂ ਮੋਹਨ ਸਿੰਘ ਦੀ ਸੁਹਜ ਚੇਤਨਾ ਦਾ ਇਕ ਮਹੱਤਵਪੂਰਣ ਪੱਖ ਉਦੈ ਹੁੰਦਾ ਹੈ।

ਰੁਮਾਂਸਵਾਦੀ ਪ੍ਰਵਿਰਤੀ ਨੇ ਇਸ ਦੀ ਸੁਹਜ ਚੇਤਨਾ ਵਿਚ ਇਸ ਤੱਤ ਨੂੰ ਪ੍ਰਮੁੱਖਤਾ ਪ੍ਰਦਾਨ ਕਰਦਿਆਂ ਸਮੁੱਚੇ ਤੌਰ ਤੇ ਮੋਹਨ ਸਿੰਘ ਦੀ ਸੁਹਜ ਚੇਤਨਾ ਦਾ ਵਿਲੱਖਣ ਸੁਭਾਅ ਉਘਾੜਿਆ ਹੈ। ਕਾਵਿਕ ਅਨੁਭਵ ਉਪਰੋਕਤ ਪੱਖਾਂ ਤੋਂ ਪ੍ਰਗਟ ਹੋ ਰਹੀ ਸੁਹਜ ਚੇਤਨਾ ਤੋਂ ਛੁੱਟ ਮੋਹਨ ਸਿੰਘ ਦੁਆਰਾ ਵੱਖ ਵੱਖ ਪ੍ਰਗਟਾਅ ਸਾਧਨਾਂ ਦੇ ਪ੍ਰਯੋਗ ਵਿਚੋਂ ਵੀ ਆਪਣੀ ਸੁਹਜ ਚੇਤਨਾ ਦੇ ਵਿਲੱਖਣ ਸੁਭਾਅ ਨੂੰ ਪ੍ਰਗਟ ਕਰਦਾ ਹੈ। ਇਹਨਾਂ ਕਾਵਿ ਸਾਧਨਾਂ ਵਿਚੋਂ ਭਾਸ਼ਾ, ਛੰਦ, ਅਲੰਕਾਰ, ਬਿੰਬ, ਪ੍ਰਤੀਕ ਅਤੇ ਰਸ ਆਦਿ ਪ੍ਰਮੁੱਖ ਹਨ। ਆਪਣੇ ਇਸ ਸੁਹਜ ਕਾਵਿਕ ਅਨੁਭਵ ਨੂੰ ਸਾਕਾਰ ਕਰਨ ਲਈ ਮੋਹਨ ਸਿੰਘ ਪਰੰਪਰਾਗਤ ਕਾਵਿ ਜੁਗਤ ਵਰਤ ਕੇ ਆਪਣੀ ਰਚਨਾ ਨੂੰ ਜਨ-ਸਾਧਾਰਣ ਦੀ ਚੇਤਨਾ ਦਾ ਅੰਗ ਬਣਾਉਂਦਾ ਹੈ।

'ਸਾਵੇ-ਪੱਤਰ' ਵਿਚ ਪਰੰਪਰਾਗਤ ਤਕਨੀਕ ਨੂੰ ਹੀ ਸਿਰਜਣਾਤਮਕ ਸ਼ਿਖ਼ਰ ਪ੍ਰਦਾਨ ਕੀਤੀ ਗਈ ਹੈ। ਮੋਹਨ ਸਿੰਘ ਨੇ ਇਸ ਵਿਚ ਲੋਕ-ਛੰਦ ਬੈਂਤ ਰੁਬਾਈ, ਚੌਪਈ, ਦਵਈਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੀਤ ਅਤੇ ਅੰਗਰੇਜ਼ੀ ਸਾਹਿਤ ਦਾ ਕਾਵਿ-ਰੂਪ ਬੈਲੱਡ ਦਾ ਵੀ ਪ੍ਰਯੋਗ ਕੀਤਾ ਹੈ। ਇਨ੍ਹਾਂ ਰਾਹੀਂ ਉਹ ਆਪਣੇ ਵਿਚਾਰਾਂ ਅਤੇ ਭਾਵਾਂ ਦੀ ਸੂਖ਼ਮਤਾ ਨੂੰ ਵਾਹਕ ਬਣਾ ਸਕਿਆ ਹੈ। ਕਵਿਤਾ ਨੂੰ ਲੋਕ-ਚਿਤ ਦੀ ਪ੍ਰਵਾਨਗੀ ਲਈ ਉਸ ਨੇ ਲੋਕ-ਮੁਹਾਵਰੇ ਤੇ ਜਨ-ਸਾਧਾਰਣ ਦੀ ਬੋਲੀ ਦੀ ਵਰਤੋਂ ਕੀਤੀ ਹੈ। 'ਸਾਵੇ-ਪੱਤਰ' ਨੂੰ ਨਵੀਨ ਬਿੰਬਾਂ ਤੇ ਪ੍ਰਤੀਕਾਂ ਦੀ ਸਿਰਜਣਾ, ਅਲੰਕ੍ਰਿਤ ਭਾਸ਼ਾ ਜੁਗਤਾਂ ਅਤੇ ਰਸ-ਯੁਕਤ ਸੁਹਜ ਨਾਲ ਸ਼ਿੰਗਾਰੀ ਕਲਾਤਮਕ ਸੰਪੰਨਤਾ ਦੀ ਧਾਰਨ ਰਚਨਾ ਬਣਾ ਕੇ ਪੇਸ਼ ਕੀਤਾ ਹੈ ਜਿਸ ਨਾਲ ਮੋਹਨ ਸਿੰਘ ਦੀ ਕਵਿਤਾ ਚਿਰ-ਜੀਵੀ ਹੋ ਗਈ ਹੈ। ਮੋਹਨ ਸਿੰਘ ਦੇ ਗੱਲ ਕਹਿਣ ਦੇ ਆਪਣੇ ਹੀ ਅੰਦਾਜ਼ ਨਾਲ 'ਸਾਵੇ-ਪੱਤਰ' ਕਲਾ ਆਦਰਸ਼ਾਂ ਦੀ ਸਰੇਸ਼ਟ ਅਤੇ ਸਫ਼ਲ ਕ੍ਰਿਤ ਬਣ ਗਈ ਹੈ।

पुस्तकालय
पुस्तकालय
गुरुकुल कांगड़ी विश्वविद्यालय
8592

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

	Signature	Date
Accession		
Class on		
Cat on		
Tag etc		
Filing		
E.A.R.		
Any other		
Checked		

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar